@Qpatrika
@qaumipatrika punjabi
instagram.com/ qaumipatrika
Largest Circulated
विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Monday, 28 April 2025

Punjabi National Daily
Qaumi Patrika NO.1

VISIT:
www.qaumipatrika.org
Email: qpatrika@gmail.com

ਨਵੀਂ ਦਿੱਲੀ: ਸੋਮਵਾਰ 28 ਅਪ੍ਰੈਲ 2025, 15 ਵੈਸਾਖ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 43, ਅੰਕ 147, qpatrika@gmail.com ਫੋਨ : 9971359517 www.qaumipatrika.org

## ਭਾਰਤੀ ਰਿਜ਼ਰਵ ਬੈਂਕ ਨੇ ਪੰਜਾਬ ਦੇ ਇਸ ਬੈਂਕ ਦਾ ਲਾਇਸੈਂਸ ਕੀਤਾ ਰੱਦ

ਨਵੀਂ ਦਿੱਲੀ 27 ਅਪ੍ਰੈਲ। ਭਾਰਤੀ ਰਿਜ਼ਰਵ ਬੈਂਕ ਨੇ ਜਲੰਧਰ ਸਥਿਤ ਇੰਪੀਰੀਅਲ ਅਰਬਨ ਕੋ-ਆਪਰੇਟਿਵ ਬੈਂਕ ਦਾ ਲਾਇਸੈਂਸ ਰੱਦ ਕਰ ਦਿੱਤਾ। ਭਾਰਤੀ ਰਿਜ਼ਰਵ ਬੈਂਕਦਾ ਇਹ ਕਦਮ ਇਸ ਲਈ ਚੁੱਕਿਆ ਗਿਆ ਕਿਉਂਕਿ ਬੈਂਕ ਕੋਲ ਲੋੜੀਂਦੀ ਪੂੰਜੀ ਅਤੇ ਕਮਾਈ ਦੀਆਂ ਸੰਭਾਵਨਾਵਾਂ ਨਹੀਂ ਸਨ। ਭਾਰਤੀ ਰਿਜ਼ਰਵ ਬੈਂਕ ਨੇ ਬੈਂਕ ਨੂੰ ਬੰਦ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ, ਜਿਸ ਦੇ ਤਹਿਤ ਹਰ ਜਮ?ਹਾਕਰਤਾ ਡਿਪਾਜ਼ਿਟ ਇੰਸ਼ੋਰੈਂਸ ਐਂਡ ਕ੍ਰੈਡਿਟ ਗਾਰੰਟੀ ਕਾਰਪੋਰੇਸ਼ਨ (49373) ਤੋਂ 5 ਲੱਖ ਰੁਪਏ ਤੱਕ ਦੀ ਆਪਣੀ ਜਮ?ਹਾਂ ਰਾਸ਼ੀ 'ਤੇ ਡਿਪਾਜ਼ਿਟ ਬੀਮਾ ਦਾਅਵਾ ਪ੍ਰਾਪਤ ਕਰਨ ਦਾ ਹੱਕਦਾਰ ਹੋਵੇਗਾ। ਇਸ ਦੇ ਨਾਲ ਹੀ ਪੰਜਾਬ ਸਰਕਾਰ ਦੇ ਸਹਿਕਾਰੀ ਸਭਾਵਾਂ ਦੇ ਰਜਿਸਟਰਾਰ ਵੱਲੋਂ ਬੈਂਕ ਨੂੰ ਬੰਦ ਕਰਨ ਤੇ ਇਸਦੇ ਲਈ ਇੱਕ ਲਿਕਵੀਡੇਟਰ ਨਿਯੁਕਤ ਕਰਨ ਦਾ ਆਦੇਸ਼ ਵੀ ਜਾਰੀ ਕੀਤਾ ਗਿਆ ਹੈ। ਭਾਰਤੀ ਰਿਜ਼ਰਵ ਬੈਂਕਨੇ ਕਿਹਾ ਕਿ ਬੈਂਕ ਦੁਆਰਾ ਜਮ?ਹਾ ਕੀਤੇ ਗਏ ਅੰਕੜਿਆਂ ਦੇ ਅਨੁਸਾਰ, 97.79 ਪ੍ਰਤੀਸ਼ਤ ਜਮ?ਹਾਕਰਤਾ 49373 ਤੋਂ ਆਪਣੀ ਜਮ?ਹਾਂ ਰਾਸ਼ੀ ਦੀ ਪੂਰੀ ਰਕਮ ਪ੍ਰਾਪਤ ਕਰਨ ਦੇ ਹੱਕਦਾਰ ਹਨ, ਯਾਨੀ ਕਿ ਬੈਂਕ ਗਾਹਕਾਂ ਦਾ ਇਹ ਪ੍ਰਤੀਸ਼ਤ ਰਕਮ ਕਢਵਾਉਣ ਦੇ ਯੋਗ ਹੋਵੇਗਾ। 31 ਜਨਵਰੀ 2025 ਤੱਕ 49373 ਕੁੱਲ ਬੀਮਾਯੁਕਤ ਜਮ?ਹਾਂ ਰਾਸ਼ੀਆਂ ਵਿੱਚੋਂ 5.41 ਕਰੋੜ ਰੁਪਏ ਦਾ ਭੁਗਤਾਨ ਕਰ ਚੁੱਕਾ ਹੈ। ਇੰਪੀਰੀਅਲ ਅਰਬਨ ਕੋ-ਆਪਰੇਟਿਵ ਬੈਂਕ ਦੇ ਲਾਇਸੈਂਸ ਨੂੰ ਰੱਦ ਕਰਨ ਦੇ ਕਾਰਨ ਦੱਸਦੇ ਹੋਏ, ਰਿਜ਼ਰਵ ਬੈਂਕ ਨੇ ਕਿਹਾ ਕਿ ਬੈਂਕ ਦਾ ਨਿਰੰਤਰ ਕੰਮਕਾਜ ਇਸਦੇ ਜਮ?ਹਾਂਕਰਤਾਵਾਂ ਦੇ ਹਿੱਤਾਂ ਲਈ ਨੁਕਸਾਨਦੇਹ ਹੈ। ਲਾਇਸੈਂਸ ਰੱਦ ਕਰਨ ਤੋਂ ਬਾਅਦ ਇੰਪੀਰੀਅਲ ਅਰਬਨ ਕੋ-ਆਪਰੇਟਿਵ ਬੈਂਕ ਨੂੰ 'ਬੈਂਕਿੰਗ' ਕਾਰੋਬਾਰ ਕਰਨ ਤੋਂ ਰੋਕ ਦਿੱਤਾ ਗਿਆ ਹੈ

# 'ਪਹਿਲਗਾਮ ਹਮਲੇ ਕਾਰਨ ਗੁੱਸੇ ਨਾਲ ਭਰਿਆ ਹਰ ਭਾਰਤੀ, ਅੱਤਵਾਦੀਆਂ ਨੂੰ ਦੇਵਾਂਗੇ ਅਜਿਹੀ ਸਜ਼ਾ ਕਿ...' : ਪ੍ਰਧਾਨ ਮੰਤਰੀ ਮੋਦੀ

**ਸਿੰਮੀ ਕੌਰ ਬੱਬਰ**

ਨਵੀਂ ਦਿੱਲੀ 27 ਅਪ੍ਰੈਲ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਤਵਾਰ ਨੂੰ ਇਹ ਭਰੋਸਾ ਦੁਹਰਾਇਆ ਕਿ ਪਹਿਲਗਾਮ ਅੱਤਵਾਦੀ ਹਮਲੇ ਲਈ ਜ਼ਿੰਮੇਵਾਰ ਅੱਤਵਾਦੀਆਂ ਅਤੇ ਇਸ ਦੀ ਸਾਜ਼ਿਸ਼ ਵਿਚ ਸ਼ਾਮਲ ਲੋਕਾਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦਿੱਤੀ ਜਾਵੇਗੀ ਅਤੇ ਕਿਹਾ ਕਿ ਪੀੜਤਾਂ ਨੂੰ ਇਨਸਾਫ਼ ਮਿਲੇਗਾ। ਪ੍ਰਧਾਨ ਮੰਤਰੀ ਮੋਦੀ ਨੇ 'ਮਨ ਕੀ ਬਾਤ' ਪ੍ਰੋਗਰਾਮ 'ਚ ਕਿਹਾ ਕਿ ਅੱਤਵਾਦ ਵਿਰੁੱਧ ਲੜਾਈ 'ਚ ਭਾਰਤੀਆਂ ਦੀ ਏਕਤਾ ਦੇਸ਼ ਦੀ ਸਭ ਤੋਂ ਵੱਡੀ ਤਾਕਤ ਹੈ। ਉਨ੍ਹਾਂ ਕਿਹਾ ਕਿ ਉਹ ਇਸ ਅੱਤਵਾਦੀ ਹਮਲੇ ਤੋਂ ਬਹੁਤ ਦੁਖੀ ਹਨ ਅਤੇ ਹਰ ਭਾਰਤੀ ਗੁੱਸੇ ਨਾਲ ਭਰਿਆ ਹੈ। ਇਸ ਹਮਲੇ ਵਿਚ 26 ਲੋਕ ਮਾਰੇ ਗਏ ਸਨ, ਜਿਨ੍ਹਾਂ 'ਚੋਂ ਜ਼ਿਆਦਾਤਰ ਸੈਲਾਨੀ ਸਨ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਇਹ ਘਟਨਾ ਅੱਤਵਾਦੀਆਂ ਅਤੇ ਉਨ੍ਹਾਂ ਦੇ ਆਕਾਵਾਂ ਦੀ ਨਿਰਾਸ਼ਾ ਅਤੇ ਕਾਇਰਤਾ ਨੂੰ ਦਰਸਾਉਂਦੀ ਹੈ, ਜਦੋਂ ਕਸ਼ਮੀਰ ਵਿਚ ਸ਼ਾਂਤੀ ਵਾਪਸ ਆ ਰਹੀ ਹੈ, ਸੈਰ-ਸਪਾਟੇ 'ਚ ਰਿਕਾਰਡ ਵਾਧਾ ਹੋ ਰਿਹਾ ਹੈ, ਲੋਕਤੰਤਰ ਮਜ਼ਬੂਤ ??ਹੋ ਰਿਹਾ ਹੈ ਅਤੇ



ਨੌਜਵਾਨਾਂ ਲਈ ਨਵੇਂ ਮੌਕੇ ਪੈਦਾ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਦੇਸ਼ ਅਤੇ ਕਸ਼ਮੀਰ ਦੇ ਦੁਸ਼ਮਣਾਂ ਨੂੰ ਇਹ ਪਸੰਦ ਨਹੀਂ ਹੈ ਅਤੇ ਉਹ ਚਾਹੁੰਦੇ ਹਨ ਕਿ ਘਾਟੀ ਮੁੜ ਤੋਂ ਤਬਾਹ ਹੋ ਜਾਵੇ। ਪ੍ਰਧਾਨ ਮੰਤਰੀ ਨੇ ਕਿਹਾ ਕਿ ਦੇਸ਼ ਦੀ ਏਕਤਾ 140 ਕਰੋੜ ਭਾਰਤੀਆਂ ਦੀ ਏਕਤਾ ਅੱਤਵਾਦ ਵਿਰੁੱਧ ਜੰਗ ਵਿਚ ਸਾਡੀ ਸਭ ਤੋਂ ਵੱਡੀ ਤਾਕਤ ਹੈ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਦੁਨੀਆ ਦੇਖ ਰਹੀ ਹੈ ਕਿ ਭਾਰਤ ਇਸ ਹਮਲੇ ਵਿਰੁੱਧ ਇਕ ਆਵਾਜ਼ ਵਿਚ ਬੋਲ ਰਿਹਾ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਹ ਏਕਤਾ ਅੱਤਵਾਦ ਵਿਰੁੱਧ ਫੈਸਲਾਕੁੰਨ ਲੜਾਈ ਦਾ ਸਭ ਤੋਂ ਵੱਡਾ ਆਧਾਰ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਚਾਹੇ ਕੋਈ ਵੀ ਕਿਸੇ ਵੀ ਸੂਬੇ 'ਚ ਰਹਿੰਦਾ ਹੈ ਜਾਂ ਕੋਈ ਵੀ ਭਾਸ਼ਾ ਬੋਲਦਾ ਹੋਵੇ, ਹਰ ਕਿਸੇ ਨੂੰ ਪੀੜਤਾਂ ਦੇ ਪਰਿਵਾਰਾਂ ਪ੍ਰਤੀ ਡੂੰਘੀ ਹਮਦਰਦੀ ਹੈ। ਦੱਸ ਦੇਈਏ ਕਿ ਜੰਮੂ-ਕਸ਼ਮੀਰ ਦੇ ਅਨੰਤਨਾਗ ਜ਼ਿਲ੍ਹੇ ਵਿਚ ਪਹਿਲਗਾਮ ਦੇ ਉੱਪਰਲੇ ਹਿੱਸੇ 'ਤੇ ਸਥਿਤ ਇਕ ਪ੍ਰਸਿੱਧ ਸੈਰ-ਸਪਾਟਾ ਸਥਾਨ ਬੈਸਰਨ ਵਿਖੇ ਮੰਗਲਵਾਰ 22 ਅਪ੍ਰੈਲ ਨੂੰ ਇਕ ਅੱਤਵਾਦੀ ਹਮਲੇ 'ਚ ਘੱਟੋ-ਘੱਟ 26 ਲੋਕ ਮਾਰੇ ਗਏ।

## ਲੁਧਿਆਣਾ ਪਹੁੰਚੇ ਸੁਖਬੀਰ ਬਾਦਲ, ਜ਼ਿਮਨੀ ਚੋਣ ਲਈ ਅਕਾਲੀ ਦਲ ਨੇ ਖਿੱਚੀ ਤਿਆਰੀ

ਲੁਧਿਆਣਾ 27 ਅਪ੍ਰੈਲ। ਲੁਧਿਆਣਾ ਵਿਚ ਹੋਣ ਵਾਲੀ ਜ਼ਿਮਨੀ ਚੋਣ ਨੂੰ ਲੈ ਕੇ ਸਾਰੀਆਂ ਪਾਰਟੀਆਂ ਸਰਗਰਮ ਹੋ ਗਈਆਂ ਹਨ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਲੁਧਿਆਣਾ ਵਿਚ ਹਲਕਾ ਪੱਛਮੀ ਵਿਚ ਹੋਣ ਵਾਲੀ ਜ਼ਿਮਨੀ ਚੋਣ ਨੂੰ ਲੈ ਕੇ ਰਣਨੀਤੀ ਤਿਆਰ ਕਰ ਰਹੇ ਹਨ। ਇਸੇ ਤਹਿਤ ਅੱਜ ਸ਼?ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਲੁਧਿਆਣਾ ਪਹੁੰਚੇ, ਜਿੱਥੇ ਸੁਖਬੀਰ ਬਾਦਲ ਨੇ ਲੰਬੇ ਸਮੇਂ ਤੋਂ ਨਾਰਾਜ਼ ਚੱਲ ਰਹੇ ਅਕਾਲੀ ਦਲ ਦੇ ਵਰਕਰਾਂ ਅਤੇ ਅਹੁਦੇਦਾਰਾਂ ਨਾਲ ਮੁਲਾਕਾਤ ਕੀਤੀ। ਲੁਧਿਆਣਾ ਵਿਖੇ ਸੁਖਬੀਰ ਸਿੰਘ ਬਾਦਲ ਦੋ



ਦਿਨ ਰਹਿਣਗੇ। ਸੁਖਬੀਰ ਸਿੰਘ ਬਾਦਲ ਪੰਚਸ਼ੀਲ ਵਿਹਾਰ ਸਥਿਤ ਐਡਵੋਕੇਟ ਪਰਉਪਕਾਰ ਸਿੰਘ ਘੁੰਮਣ ਦੇ ਘਰ ਪਹੁੰਚੇ ਅਤੇ ਉਨ੍ਹਾਂ ਨਾਲ ਮੁਲਾਕਾਤ ਕੀਤੀ। ਉਹ ਵਰਕਰਾਂ ਤੋਂ ਚੋਣ ਸੰਬੰਧੀ ਜਾਣਕਾਰੀ ਲੈ ਰਹੇ ਹਨ। ਦੱਸਣਯੋਗ ਹੈ ਕਿ ਦਾਖਾ ਹਲਕੇ ਦੇ ਵਿਧਾਇਕ ਮਨਪ੍ਰੀਤ ਇਆਲੀ ਅਕਾਲੀ ਦਲ ਦੀਆਂ ਨੀਤੀਆਂ ਨੂੰ ਲੈ ਕੇ ਜ਼ਿਲ੍ਹੇ ਵਿੱਚ ਸਰਗਰਮ ਨਹੀਂ ਵਿਖਾਈ ਦੇ ਰਹੇ ਹਨ। ਇਹ ਅੰਦਾਜ਼ਾ ਲਗਾਇਆ ਜਾ ਰਿਹਾ ਹੈ ਕਿ ਇਨ੍ਹਾਂ ਦੋ ਦਿਨਾਂ ਵਿੱਚ ਬਾਦਲ ਮਨਪ੍ਰੀਤ ਸਿੰਘ ਇਆਲੀ ਨੂੰ ਵੀ ਮਿਲਣਗੇ। ਇਸੇ ਮੌਕੇ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਜੇਕਰ ਪੰਜਾਬ ਨੂੰ ਬਚਾਉਣਾ ਹੈ ਤਾਂ ਲੋਕਾਂ ਨੂੰ ਇਕ ਵਾਰ ਫਿਰ ਅਕਾਲੀ ਦਲ ਨੂੰ ਸੱਤਾ ਵਿੱਚ ਲਿਆਉਣਾ ਚਾਹੀਦਾ ਹੈ। ਅਕਾਲੀ ਦਲ ਹੀ ਇਕੋ-ਇਕ ਅਜਿਹੀ ਪਾਰਟੀ ਹੈ, ਜੋ ਪਿੰਡਾਂ ਅਤੇ ਸ਼ਹਿਰਾਂ ਦੋਵਾਂ ਦਾ ਵਿਕਾਸ ਚਾਹੁੰਦੀ ਹੈ। ਅਕਾਲੀ ਦਲ ਦੇ ਸਮੇਂ ਲੁਧਿਆਣਾ ਵਿੱਚ ਜਿੰਨੇ ਪੁਲ ਅਤੇ ਸੜਕਾਂ ਬਣੀਆਂ ਹਨ, ਉਹ ਪਹਿਲਾਂ ਕਦੇ ਨਹੀਂ ਬਣੀਆਂ। ਸ਼ਹਿਰਾਂ ਦੇ ਵਿਕਾਸ ਲਈ ਅਕਾਲੀ ਦਲ ਦਾ ਸੱਤਾ ਵਿੱਚ ਆਉਣਾ ਜ਼ਰੂਰੀ ਹੈ, ਕਿਉਂਕਿ ਅਕਾਲੀ ਦਲ ਹੀ ਪੰਜਾਬ ਦਾ ਅਸਲੀ ਵਾਰਿਸ ਹੈ। ਉਨ੍ਹਾਂ ਕਿਹਾ ਕਿ ਅੱਜ ਇਹ ਗੱਲ ਸਾਹਮਣੇ ਆਈ ਹੈ ਕਿ ਜਗਰਾਓਂ ਨੇੜੇ ਪ੍ਰਦਰਸ਼ਨ ਕਰ ਰਹੇ ਕਿਸਾਨਾਂ 'ਤੇ ਲਾਠੀਚਾਰਜ ਕੀਤਾ ਗਿਆ ਹੈ, ਜੋਕਿ ਨਿੰਦਣਯੋਗ ਹੈ। ਅਕਾਲੀ ਦਲ ਹਮੇਸ਼ਾ ਹੀ ਲੋਕ ਹਿੱਤ ਵਿੱਚ ਕੰਮ ਕਰਨ ਵਾਲੀ ਪਾਰਟੀ ਰਹੀ ਹੈ।

# ਇਹ ਨਵਾਂ ਭਾਰਤ ਕਿਸੇ ਨੂੰ ਛੇੜਦਾ ਨਹੀਂ ਪਰ ਕਿਸੇ ਨੇ ਛੇੜਿਆ ਤਾਂ ਉਸ ਨੂੰ ਛੱਡੇਗਾ ਵੀ ਨਹੀਂ : ਮੁੱਖ ਮੰਤਰੀ ਯੋਗੀ

**ਨਵਦੀਪ ਸਿੰਘ ਸਾਹਨੀ**

ਲਖਨਊ 27 ਅਪ੍ਰੈਲ। ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਜੰਮੂ-ਕਸ਼ਮੀਰ ਦੇ ਪਹਿਲਗਾਮ ਜ਼ਿਲ੍ਹੇ 'ਚ ਹੋਏ ਅੱਤਵਾਦੀ ਹਮਲੇ 'ਚ ਮਾਰੇ ਗਏ ਸੈਲਾਨੀਆਂ ਨੂੰ ਸ਼ਰਧਾਂਜਲੀ ਭੇਟ ਕਰਦੇ ਹੋਏ ਚਿਤਾਵਨੀ ਦਿੱਤੀ ਕਿ ਇਹ ਨਵਾਂ ਭਾਰਤ ਕਿਸੇ ਨੂੰ ਨਹੀਂ ਛੇੜਦਾ ਪਰ ਜੇਕਰ ਕਿਸੇ ਨੇ ਛੇੜਿਆ ਤਾਂ ਉਸ ਨੂੰ ਛੱਡੇਗਾ ਵੀ ਨਹੀਂ। ਯੋਗੀ ਆਦਿੱਤਿਆਨਾਥ ਲਖੀਮਪੁਰ ਖੇੜੀ ਜ਼ਿਲ੍ਹੇ 'ਚ ਸ਼ਾਰਦਾ ਨਦੀ ਦੇ ਪ੍ਰਵਾਹ ਕੰਟਰੋਲ ਕਰਨ ਦੇ ਕੰਮ (ਚੈਨਲਾਈਜ਼ੇਸ਼ਨ) ਦਾ ਨਿਰੀਖਣ ਅਤੇ ਪਲੀਆ 'ਚ ਲੋਕ ਭਲਾਈ ਯੋਜਨਾਵਾਂ ਦੇ ਲਾਭਪਾਤਰੀਆਂ ਨੂੰ ਗ੍ਰਾਂਟਾਂ ਵੰਡਣ ਤੋਂ ਬਾਅਦ ਇਕ ਸਮਾਗਮ ਨੂੰ ਸੰਬੋਧਨ ਕਰ ਰਹੇ ਸਨ। ਮੁੱਖ ਮੰਤਰੀ ਨੇ ਆਪਣਾ ਭਾਸ਼ਣ ਸ਼ੁਰੂ ਕਰਦੇ ਹੋਏ ਪਹਿਲਗਾਮ 'ਚ ਭਾਰਤੀ ਸੈਲਾਨੀਆਂ 'ਤੇ ਹੋਏ ਅੱਤਵਾਦੀ



ਹਮਲੇ ਦੀ ਨਿੰਦਾ ਕੀਤੀ ਅਤੇ ਉੱਤਰ ਪ੍ਰਦੇਸ਼ ਦੇ ਲੋਕਾਂ ਵੱਲੋਂ ਸੰਵੇਦਨਾ ਪ੍ਰਗਟ ਕੀਤੀ ਅਤੇ ਵਿਛੜੀਆਂ ਰੂਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਯੋਗੀ ਨੇ ਕਿਹਾ,÷ਇਕ ਸੱਭਿਅਕ ਸਮਾਜ 'ਚ ਅੱਤਵਾਦ ਅਤੇ ਅਰਾਜਕਤਾ ਲਈ ਕੋਈ ਜਗ?ਹਾ ਨਹੀਂ ਹੋ ਸਕਦੀ। ਭਾਰਤ ਸਰਕਾਰ ਦਾ ਸੁਰੱਖਿਆ, ਸੇਵਾ ਅਤੇ ਸੁਸ਼ਾਸਨ ਦਾ ਮਾਡਲ ਵਿਕਾਸ, ਗਰੀਬਾਂ ਦੀ ਭਲਾਈ ਅਤੇ ਸਾਰਿਆਂ ਦੀ ਸੁਰੱਖਿਆ 'ਤੇ ਅਧਾਰਤ ਹੈ ਪਰ ਜੇਕਰ ਕੋਈ ਸੁਰੱਖਿਆ ਦੀ ਉਲੰਘਣਾ ਕਰਨ ਦੀ ਹਿੰਮਤ ਕਰਦਾ ਹੈ, ਤਾਂ ਜ਼ੀਰੋ ਟਾਲਰੈਂਸ ਨੀਤੀ ਦੇ ਤਹਿਤ, ਉਸ ਨੂੰ ਉਸੇ ਦੀ ਹੀ ਆਪਣੀ ਭਾਸ਼ਾ 'ਚ ਜਵਾਬ ਦਿੱਤਾ ਜਾਵੇਗਾ।÷ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਦੀ ਪ੍ਰਸ਼ੰਸਾ ਕਰਦੇ ਹੋਏ ਯੋਗੀ ਨੇ ਕਿਹਾ,"ਇਹ ਨਵਾਂ ਭਾਰਤ ਕਿਸੇ ਨੂੰ ਨਹੀਂ ਛੇੜਦਾ ਪਰ ਜੇਕਰ ਕੋਈ ਸਾਨੂੰ ਛੇੜਦਾ ਹੈ, ਤਾਂ ਅਸੀਂ ਉਸ ਨੂੰ ਛੱਡਾਂਗੇ ਵੀ ਨਹੀਂ।" ਯੋਗੀ ਨੇ ਕਿਹਾ,"ਅੱਜ, ਮੋਦੀ ਜੀ ਦੀ ਅਗਵਾਈ ਹੇਠ, ਜ਼ੀਰੋ ਟਾਲਰੈਂਸ ਨੀਤੀ ਦੇ ਤਹਿਤ, ਉੱਤਰ ਪ੍ਰਦੇਸ਼ ਨੂੰ ਮਾਫੀਆ, ਅਰਾਜਕਤਾ ਅਤੇ ਦੰਗਿਆਂ ਤੋਂ ਮੁਕਤ ਕਰ ਦਿੱਤਾ ਗਿਆ ਹੈ।

## ਪਹਿਲਾਗਮ ਹਮਲੇ ਮਗਰੋਂ ਬੁਲਡੋਜ਼ਰ ਕਾਰਵਾਈ 'ਤੇ ਮਹਿਬੂਬਾ ਦੀ ਅਪੀਲ

ਨੈਸ਼ਨਲ ਡੈਸਕ 27 ਅਪ੍ਰੈਲ। ਜੰਮੂ-ਕਸ਼ਮੀਰ ਦੀ ਸਾਬਕਾ ਮੁੱਖ ਮੰਤਰੀ ਅਤੇ ਪੀਪਲਜ਼ ਡੈਮੋਕ੍ਰੇਟਿਕ ਪਾਰਟੀ (ਪੀਡੀਪੀ) ਦੀ ਪ੍ਰਧਾਨ ਮਹਿਬੂਬਾ ਮੁਫ਼ਤੀ ਨੇ ਇੱਕ ਅਪੀਲ ਜਾਰੀ ਕੀਤੀ ਹੈ। ਇਸ ਅਪੀਲ ਵਿੱਚ ਉਨ੍ਹਾਂ ਨੇ ਹਾਲ ਹੀ ਵਿੱਚ ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਤੋਂ ਬਾਅਦ ਇਲਾਕੇ ਵਿੱਚ ਕੀਤੀ ਗਈ ਹਰ ਕਾਰਵਾਈ ਵਿੱਚ ਸਾਵਧਾਨੀ ਵਰਤਣ ਦੀ ਅਪੀਲ ਕੀਤੀ। ਮਹਿਬੂਬਾ ਮੁਫ਼ਤੀ ਨੇ ਵਿਸ਼ੇਸ਼ ਤੌਰ 'ਤੇ ਜ਼ੋਰ ਦੇ ਕੇ ਕਿਹਾ ਹੈ ਕਿ ਅੱਤਵਾਦੀਆਂ ਅਤੇ ਬੇਕਸੂਰ ਨਾਗਰਿਕਾਂ ਵਿਚਕਾਰ ਸਪਸ਼ਟ ਅੰਤਰ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਖੇਤਰੀ ਏਕਤਾ ਨੂੰ ਬਣਾਈ ਰੱਖਿਆ ਜਾ ਸਕੇ ਅਤੇ ਵੰਡ ਨੂੰ ਡੂੰਗਾ ਹੋਣ ਤੋਂ ਰੋਕਿਆ ਜਾ ਸਕੇ। ਕ੍ਰਿਸਮਸ 'ਤੇ ਜਾਰੀ ਆਪਣੇ ਬਿਆਨ ਵਿੱਚ ਮਹਿਬੂਬਾ ਮੁਫਤੀ ਨੇ ਕਸ਼ਮੀਰ ਵਿੱਚ ਹਜ਼ਾਰਾਂ ਲੋਕਾਂ ਦੀ ਗ੍ਰਿਫਤਾਰੀ ਅਤੇ ਘਰਾਂ ਨੂੰ ਢਾਹੁਣ ਦੀਆਂ ਰਿਪੋਰਟਾਂ 'ਤੇ ਆਪਣੀ ਚਿੰਤਾ ਪ੍ਰਗਟ ਕੀਤੀ ਹੈ। ਉਨ੍ਹਾਂ ਦਾ ਦਾਅਵਾ ਹੈ ਕਿ ਇਨ੍ਹਾਂ ਰਿਪੋਰਟਾਂ ਵਿੱਚ ਆਮ ਨਾਗਰਿਕਾਂ ਦੇ ਘਰ ਵੀ ਸ਼ਾਮਲ ਹਨ, ਜਿਨ੍ਹਾਂ ਨੂੰ ਅੱਤਵਾਦੀਆਂ ਦੇ ਘਰਾਂ ਦੇ ਨਾਲ ਢਾਹ ਦਿੱਤਾ ਗਿਆ ਹੈ। ਮੁਫ਼ਤੀ ਨੇ ਚਿਤਾਵਨੀ ਦਿੱਤੀ ਕਿ ਜੇਕਰ ਇਹ ਸਖ਼ਤ ਕਦਮ ਸਾਵਧਾਨੀ ਨਾਲ ਨਾ ਚੁੱਕੇ ਗਏ ਤਾਂ ਇਹ ਮਾਸੂਮ ਕਸ਼ਮੀਰੀਆਂ ਵਿਚਕਾਰ ਨਾਰਾਜ਼ਗੀ ਪੈਦਾ ਕਰ ਸਕਦੇ ਹਨ, ਜੋ ਡਰ ਅਤੇ ਅਸ਼ਾਂਤੀ ਫੈਲਾਉਣ ਦੀ ਕੋਸ਼ਿਸ਼ ਕਰਨ ਵਾਲਿਆਂ ਦੇ ਹੱਥਾਂ ਵਿੱਚ ਖੇਡ ਸਕਦੇ ਹਨ।

## ਪਹਿਲਗਾਮ ਅੱਤਵਾਦੀ ਹਮਲੇ ਦੀ ਜਾਂਚ ਕਰੇਗੀ ਐਨ.ਆਈ.ਏ.

ਨੈਸ਼ਨਲ ਡੈਸਕ 27 ਅਪ੍ਰੈਲ। ਕੇਂਦਰ ਸਰਕਾਰ ਨੇ ਜੰਮੂ-ਕਸ਼ਮੀਰ ਦੇ ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਦੀ ਜਾਂਚ ਰਾਸ਼ਟਰੀ ਜਾਂਚ ਏਜੰਸੀ ਨੂੰ ਸੌਂਪ ਦਿੱਤੀ ਹੈ। ਗ੍ਰਹਿ ਮੰਤਰਾਲੇ ਨੇ



ਇਸ ਸਬੰਧ ਵਿੱਚ ਇੱਕ ਅਧਿਕਾਰਤ ਨੋਟੀਫਿਕੇਸ਼ਨ ਜਾਰੀ ਕੀਤਾ ਹੈ। ਹੁਣ ਇਸ ਮਾਮਲੇ ਵਿੱਚ ਰਸਮੀ ਤੌਰ 'ਤੇ ਕੇਸ ਦਰਜ ਕਰੇਗੀ ਅਤੇ ਵਿਸਥਾਰਤ ਜਾਂਚ ਕਰੇਗੀ। ਸੂਤਰਾਂ ਅਨੁਸਾਰ ਐਨ.ਆਈ.ਏ. ਦੀ ਟੀਮ ਪਹਿਲਾਂ ਹੀ ਪਹਿਲਗਾਮ ਵਿੱਚ ਮੌਜੂਦ ਸੀ ਅਤੇ ਹਮਲੇ ਤੋਂ ਬਾਅਦ ਮੌਕੇ ਦਾ ਮੁਆਇਨਾ ਕਰ ਚੁੱਕੀ ਹੈ। ਏਜੰਸੀ ਦੀ ਫੋਰੈਂਸਿਕ ਟੀਮ ਵੀ ਘਟਨਾ ਸਥਾਨ 'ਤੇ ਸਬੂਤ ਇਕੱਠੇ ਕਰਨ ਵਿੱਚ ਰੁੱਝੀ ਹੋਈ ਹੈ। ਜਾਂਚ ਏਜੰਸੀ ਸਥਾਨਕ ਪੁਲਸ ਤੋਂ ਇਸ ਮਾਮਲੇ ਨਾਲ ਸਬੰਧਤ ਕੇਸ ਡਾਇਰੀ, ਐਫ.ਆਈ.ਆਰ. ਅਤੇ ਹੋਰ ਮਹੱਤਵਪੂਰਨ ਦਸਤਾਵੇਜ਼ ਆਪਣੇ ਕਬਜ਼ੇ ਵਿੱਚ ਲਵੇਗੀ। ਇਹ ਧਿਆਨ ਦੇਣ ਯੋਗ ਹੈ ਕਿ ਹਾਲ ਹੀ ਵਿੱਚ ਹੋਏ ਅੱਤਵਾਦੀ ਹਮਲੇ ਨੇ ਇੱਕ ਵਾਰ ਫਿਰ ਖੇਤਰ ਵਿੱਚ ਸੁਰੱਖਿਆ ਨੂੰ ਲੈ ਕੇ ਚਿੰਤਾਵਾਂ ਪੈਦਾ ਕਰ ਦਿੱਤੀਆਂ ਹਨ। ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ, ਇਸਨੂੰ ਹੁਣ ਦੇਸ਼ ਦੀ ਪ੍ਰਮੁੱਖ ਅੱਤਵਾਦ ਵਿਰੋਧੀ ਏਜੰਸੀ ਨੂੰ ਸੌਂਪ ਦਿੱਤਾ ਗਿਆ ਹੈ। ਐਨ.ਆਈ.ਏ. ਜਲਦੀ ਹੀ ਹਮਲੇ ਦੇ ਸਾਰੇ ਪਹਿਲੂਆਂ ਦੀ ਡੂੰਘਾਈ ਨਾਲ ਜਾਂਚ ਸ਼ੁਰੂ ਕਰੇਗੀ, ਜਿਸ ਵਿੱਚ ਹਮਲੇ ਪਿੱਛੇ ਸਾਜ਼ਿਸ਼, ਸ਼ਾਮਲ ਅੱਤਵਾਦੀ ਸਮੂਹਾਂ ਦੀ ਭੂਮਿਕਾ ਅਤੇ ਸੰਭਾਵਿਤ ਸਲੀਪਰ ਸੈੱਲ ਸ਼ਾਮਲ ਹਨ।

## ਸਪਾ ਸੰਸਦ ਮੈਂਬਰ ਰਾਮਜੀ ਲਾਲ ਸੁਮਨ ਦੇ ਕਾਫਲੇ 'ਤੇ ਕਰਨੀ ਸੈਨਾ ਦਾ ਹਮਲਾ

ਅਲੀਗੜ੍ਹ/ਬੁਲੰਦਸ਼ਹਿਰ (ਯੂ. ਪੀ.), 27 ਅਪ੍ਰੈਲ। ਸਮਾਜਵਾਦੀ ਪਾਰਟੀ (ਸਪਾ) ਦੇ ਰਾਜ ਸਭਾ ਮੈਂਬਰ ਰਾਮਜੀ ਲਾਲ ਸੁਮਨ ਦੇ ਕਾਫਲੇ 'ਤੇ ਐਤਵਾਰ ਨੂੰ ਗਭਾਨਾ ਟੋਲ ਬੂਥ 'ਤੇ ਕਰਨੀ ਸੈਨਾ ਦੇ ਵਰਕਰਾਂ ਨੇ ਕਥਿਤ ਤੌਰ 'ਤੇ ਹਮਲਾ ਕੀਤਾ। ਇਸ ਦੌਰਾਨ ਪ੍ਰਦਰਸ਼ਨਕਾਰੀਆਂ ਨੇ ਕਾਫਲੇ 'ਤੇ ਟਾਇਰ ਅਤੇ ਪੱਥਰ ਸੁੱਟੇ, ਜਿਸ ਕਾਰਨ ਕਈ ਵਾਹਨ ਨੁਕਸਾਨੇ ਗਏ। ਇਸ ਘਟਨਾ ਵਿਚ ਰਾਮਜੀ ਲਾਲ ਸੁਮਨ ਵਾਲ-ਵਾਲ ਬਚ ਗਏ। ਦੱਸਿਆ ਗਿਆ ਕਿ ਜਦੋਂ ਇਹ ਹਮਲਾ ਹੋਇਆ ਤਾਂ ਸੁਮਨ ਦਾ ਕਾਫਲਾ ਆਗਰਾ ਤੋਂ ਬੁਲੰਦਸ਼ਹਿਰ ਦੇ ਸੁਨਹੇਰਾ ਪਿੰਡ ਜਾ ਰਿਹਾ ਸੀ। ਘਟਨਾ ਤੋਂ ਬਾਅਦ ਪੁਲਸ ਮੌਕੇ 'ਤੇ ਪਹੁੰਚੀ ਅਤੇ ਸਥਿਤੀ ਨੂੰ ਕਾਬੂ 'ਚ ਕੀਤਾ ਅਤੇ ਸੁਮਨ ਨੂੰ ਸੁਰੱਖਿਅਤ ਥਾਂ 'ਤੇ ਲੈ ਗਈ। ਪੁਲਸ ਨੇ ਇਸ ਮਾਮਲੇ ਵਿਚ ਕਈ ਪ੍ਰਦਰਸ਼ਨਕਾਰੀਆਂ ਖ਼?ਲਾਫ ਕਾਰਵਾਈ ਸ਼ੁਰੂ ਕਰ ਦਿੱਤਾ ਹੈ। ਸੁਮਨ ਨੇ ਇਸ ਹਮਲੇ ਨੂੰ ਸੂਬੇ ਵਿਚ ਵਿਗੜਦੀ ਕਾਨੂੰਨ ਵਿਵਸਥਾ ਦਾ ਨਤੀਜਾ ਦੱਸਿਆ। ਉਨ੍ਹਾਂ ਕਿਹਾ ਕਿ ਸੂਬੇ ਵਿਚ ਕਾਨੂੰਨ ਵਿਵਸਥਾ ਦਾ ਬੁਰਾ ਹਾਲ ਹੈ ਅਤੇ ਸਰਕਾਰ ਨੂੰ ਸਖ਼ਤ ਕਾਰਵਾਈ ਕਰਨੀ ਚਾਹੀਦੀ ਹੈ। ਸੁਮਨ ਦੇ ਕਾਫਲੇ 'ਤੇ ਇਹ ਹਮਲਾ ਰਾਣਾ ਸਾਂਗਾ ਨੂੰ ਲੈ ਕੇ ਉਨ੍ਹਾਂ ਦੀ ਟਿੱਪਣੀ ਤੋਂ ਬਾਅਦ ਹੋਇਆ, ਜਿਸ ਨੂੰ ਕਰਨੀ ਸੈਨਾ ਨੇ ਅਪਮਾਨ ਵਜੋਂ ਲਿਆ ਸੀ। ਸੂਬਾ ਪ੍ਰਧਾਨ ਦੁਰਗੇਸ਼ ਸਿੰਘ ਨੇ ਹਮਲੇ ਦੀ ਜ਼ਿੰਮੇਵਾਰੀ ਲਈ ਅਤੇ ਕਿਹਾ ਕਿ ਸੁਮਨ ਵੱਲੋਂ ਮੁਆਫ਼ੀ ਮੰਗਣ ਤੱਕ ਅਜਿਹੇ ਵਿਰੋਧ ਪ੍ਰਦਰਸ਼ਨ ਜਾਰੀ ਰਹਿਣਗੇ।

# ਪਹਿਲਗਾਮ ਹਮਲਾ: ਕਦੇ ਵੀ ਸ਼ੁਰੂ ਹੋ ਸਕਦੀ ਹੈ ਭਾਰਤ-ਪਾਕਿ ਜੰਗ ! ਐਮਰਜੈਂਸੀ ਅਲਰਟ ਜਾਰੀ: ਪੁਤਿਨ

**ਤੇਜਿੰਦਰ ਕੌਰ ਬੱਬਰ**

ਇੰਟਰਨੈਸ਼ਨਲ ਡੈਸਕ 27 ਅਪ੍ਰੈਲ। ਕਸ਼ਮੀਰ ਦੇ ਪਹਿਲਗਾਮ ਵਿੱਚ ਹਾਲ ਹੀ ਵਿੱਚ ਹੋਏ ਭਿਆਨਕ ਅੱਤਵਾਦੀ ਹਮਲੇ ਤੋਂ ਬਾਅਦ ਭਾਰਤ ਅਤੇ ਪਾਕਿਸਤਾਨ ਵਿਚਕਾਰ ਤਣਾਅ ਸਿਖਰ 'ਤੇ ਪਹੁੰਚ ਗਿਆ ਹੈ। ਇਸ ਸਥਿਤੀ ਦੇ ਮੱਦੇਨਜ਼ਰ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਰੂਸ ਦੇ ਨਾਗਰਿਕਾਂ ਅਤੇ ਅਧਿਕਾਰੀਆਂ ਨੂੰ ਵਿਸ਼ੇਸ਼ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ। ਪੁਤਿਨ ਨੇ ਆਪਣੇ ਨਾਗਰਿਕਾਂ ਨੂੰ ਭਾਰਤ ਅਤੇ ਪਾਕਿਸਤਾਨ ਵਿਚਕਾਰ ਸੰਭਾਵੀ ਟਕਰਾਅ ਦੀ ਸਥਿਤੀ ਵਿੱਚ ਸਾਵਧਾਨੀ ਵਰਤਣ ਅਤੇ ਸੁਚੇਤ ਰਹਿਣ ਲਈ ਕਿਹਾ ਹੈ। ਰੂਸੀ ਵਿਦੇਸ਼ ਮੰਤਰਾਲੇ ਨੇ ਵੀ ਮਾਸਕੋ ਤੋਂ ਇੱਕ ਐਮਰਜੈਂਸੀ ਸੰਦੇਸ਼ ਜਾਰੀ ਕੀਤਾ, ਜਿਸ ਵਿੱਚ ਕਿਹਾ ਗਿਆ ਹੈ ਕਿ ਭਾਰਤ ਅਤੇ ਪਾਕਿਸਤਾਨ ਵਿਚਕਾਰ ÷ਕਿਸੇ ਵੀ ਸਮੇਂ÷ ਜੰਗ ਸ਼ੁਰੂ ਹੋ ਸਕਦੀ ਹੈ। ਮਾਸਕੋ ਨੇ ਦੋਵਾਂ ਦੇਸ਼ਾਂ ਨੂੰ ਸੰਜਮ ਵਰਤਣ ਦੀ ਅਪੀਲ ਕੀਤੀ ਹੈ ਪਰ ਚੇਤਾਵਨੀ ਦਿੱਤੀ ਹੈ ਕਿ ਸਥਿਤੀ ਬਹੁਤ ਨਾਜ਼ੁਕ ਹੈ ਅਤੇ ਕੋਈ ਵੀ ਛੋਟਾ ਜਿਹਾ ਘਟਨਾਕ੍ਰਮ ਇੱਕ ਵੱਡਾ ਟਕਰਾਅ ਪੈਦਾ ਕਰ ਸਕਦਾ ਹੈ। ਇਸ ਦੌਰਾਨ ਰੂਸ ਨੇ ਵੀ ਆਪਣੇ ਡਿਪਲੋਮੈਟਾਂ ਨੂੰ ਅਲਰਟ ਰਹਿਣ ਦੇ ਹੁਕਮ ਦਿੱਤੇ ਹਨ ਅਤੇ ਕਿਹਾ ਹੈ ਕਿ ਦੱਖਣੀ ਏਸ਼ੀਆ



ਵਿੱਚ ਤਾਇਨਾਤ ਸਾਰੇ ਰੂਸੀ ਮਿਸ਼ਨਾਂ ਨੂੰ ਸਥਿਤੀ 'ਤੇ ਨਜ਼ਰ ਰੱਖਣੀ ਚਾਹੀਦੀ ਹੈ। ਰੂਸ ਨੇ ਆਪਣੇ ਨਾਗਰਿਕਾਂ ਨੂੰ ਫਿਲਹਾਲ ਭਾਰਤ ਅਤੇ ਪਾਕਿਸਤਾਨ ਦੀ ਯਾਤਰਾ ਕਰਨ ਤੋਂ ਬਚਣ ਦੀ ਸਲਾਹ ਦਿੱਤੀ ਹੈ। 22 ਅਪ੍ਰੈਲ ਨੂੰ ਕਸ਼ਮੀਰ ਦੇ ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਵਿੱਚ 25 ਭਾਰਤੀ ਅਤੇ ਇੱਕ ਨੇਪਾਲੀ ਨਾਗਰਿਕ ਮਾਰੇ ਗਏ ਸਨ। ਇਸ ਤੋਂ ਬਾਅਦ ਭਾਰਤ ਸਰਕਾਰ ਨੇ ਪਾਕਿਸਤਾਨ ਵਿਰੁੱਧ ਕਈ ਸਖ਼ਤ ਕੂਟਨੀਤਕ ਕਦਮ ਚੁੱਕੇ, ਜਿਨ੍ਹਾਂ ਵਿੱਚ ਅਟਾਰੀ ਸਰਹੱਦ 'ਤੇ ਏਕੀਕ੍ਰਿਤ ਚੈੱਕ ਪੋਸਟ ਨੂੰ ਬੰਦ ਕਰਨਾ, ਪਾਕਿਸਤਾਨੀ ਨਾਗਰਿਕਾਂ ਲਈ ਸਾਰਕ ਵੀਜ਼ਾ ਛੋਟ ਯੋਜਨਾ ਨੂੰ ਮੁਅੱਤਲ ਕਰਨਾ ਅਤੇ ਸਿੰਧੂ ਜਲ ਸੰਧੀ ਨੂੰ ਰੱਦ ਕਰਨ ਦੀ ਪ੍ਰਕਿਰਿਆ ਸ਼ੁਰੂ ਕਰਨਾ ਸ਼ਾਮਲ ਹੈ। ਰੂਸੀ ਰਾਸ਼ਟਰਪਤੀ ਪੁਤਿਨ ਦੇ ਇਸ ਕਦਮ ਨੂੰ ਵਿਸ਼ਵ ਪੱਧਰ 'ਤੇ ਭਾਰਤ ਦੇ ਸਮਰਥਨ ਦੇ ਸੰਕੇਤ ਵਜੋਂ ਦੇਖਿਆ ਜਾ ਰਿਹਾ ਹੈ, ਜਦੋਂ ਕਿ ਪਾਕਿਸਤਾਨ ਅੰਤਰਰਾਸ਼ਟਰੀ ਪੱਧਰ 'ਤੇ ਵੱਧ ਤੋਂ ਵੱਧ ਅਲੱਗ-ਥਲੱਗ ਹੁੰਦਾ ਜਾ ਰਿਹਾ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ ਸਥਿਤੀ ਨੂੰ ਨਾ ਸੰਭਾਲਿਆ ਗਿਆ, ਤਾਂ ਇਹ ਭਾਰਤ ਅਤੇ ਪਾਕਿਸਤਾਨ ਵਿਚਕਾਰ ਸੀਮਤ ਜੰਗ ਜਾਂ ਵੱਡੇ ਫੌਜੀ ਟਕਰਾਅ ਦਾ ਕਾਰਨ ਬਣ ਸਕਦਾ ਹੈ, ਜਿਸ ਦੇ ਵਿਸ਼ਵਵਿਆਪੀ ਨਤੀਜੇ ਵੀ ਹੋਣਗੇ।

KALINGA INSTITUTE OF INDUSTRIAL TECHNOLOGY (KIIT)
Deemed to be University
(Established U/S 3 of UGC Act 1956), Bhubaneswar, Odisha, India

15th nirf — Among Indian Universities Ranked by NIRF, Govt. of India
A++ Grade — Accredited by NAAC
Tier 1 NBA — Re-accredited by NBA All Engineering Programs for 6 Years

KIITEE 2025 PHASE - 2
APPLY ONLINE
through KIIT Websites
www.kiitee.ac.in / www.kiit.ac.in
Last Date to Apply 4th June 2025 | No Examination Fee (Computer-Based Test)
KIITEE 2025 Online Test (Phase -2) starts from
8th June to 12th June 2025

Special Consultative Status by the UN-ECOSOC
ABET (US) Accreditation
THE 601-800 University Ranking 2024 World University Rankings
IET ACCREDITED PROGRAMME The Institute of Engineering and Technology

ACADEMIC PROGRAMMES AVAILABLE

UG (3 years/4 years)/Integrated (5 years) Programmes [All 4 years Programmes are with Honors/Research]

B.Tech Programmes
- Civil
- Construction Technology
- Electrical
- Electrical & Computer Science
- Mechanical
- Mechanical (Automobile)
- Aerospace
- Mechatronics
- Electronics & Telecommunication
- Electronics & Computer Science
- Electronics & Electrical
- Electronics (VLSI Design & Technology)
- Chemical
- Computer Science & Engineering (CSE)
- CSE (Artificial Intelligence & Machine Learning)
- CSE (Artificial Intelligence)
- CSE (Cyber Security)
- CSE (Data Science)
- CSE (Internet of Things & Cyber Security including Block Chain Technology)
- CSE (Internet of Things)
- Information Technology
- Computer Science & System
- Computer Science & Communication

UG Programmes in other Disciplines
- B.Design (Automobile/ Graphic/Product)
- B.Design (Fashion / Textile)
- B.Tech & M.Tech Biotechnology (5yrs)
- B.Tech (Lateral Entry)
- B.Arch
- BCA
- BBA
- B.Sc (Hospitality & Tourism)
- Bachelor of Film & Television Production
- Bachelor of Communication & Journalism
- Bachelor of Physical Education & Sports
- BA Economics
- BA Sociology
- BA English
- BA Psychology
- BA French
- BA Spanish
- BA Japanese
- BA German
- B.Com
- B.Sc (Economics & Data Analytics)
- B.Sc Computer Science
- B.Sc Nursing
- B.Pharma
- D.Pharma
- BA LLB/BBA LLB/B.Sc LLB (Hons) 5yrs

PG (1 year/2 years)/Integrated (5 years) Programmes
- M.Tech
- LLM (1yr)
- MCA
- M.Sc Biotechnology
- M.Sc Applied Microbiology
- M.Arch
- MBA
- MBA in Rural Management
- MBA in Agribusiness Management
- MBA-IEV (Innovation, Entrepreneurship and Venture Development)
- Master of Communication & Journalism
- Master in Urban & Regional Planning
- Master in Yoga & Naturopathy
- Master of Hospital Administration
- Master of Public Health
- MA in Fashion Management
- M. Design (Interior)
- M.Sc Computer Science
- MA Economics
- MA Sociology
- MA English
- MA Psychology
- Master in Public Policy
- M.Com
- M.Sc Physics
- M.Sc Chemistry
- M.Sc Mathematics & Data Science
- Master in Library & Information Sciences
- Master in Physical Education & Sports
- M.Sc Nursing
- Integrated M.Tech & Ph.D
- Ph.D

CAMPUS PLACEMENT 2024 HIGHLIGHTS
700+ Companies
5585+ Job Offers
₹53 LPA Highest Salary Offered
₹8.50 LPA Average CTC
1500+ Paid Internships
1000+ Students with multiple job offers

Director, Admissions : Admission Cell, Koel Campus, Po- KIIT, Bhubaneswar-751024, Odisha, India,
Ph: 8080 735 735, Fax : 0674 - 2741465, Email: admission@kiit.ac.in, Website: www.kiitee.ac.in
KIIT (Deemed to be University) has only one permanent campus in Bhubaneswar, Odisha.
It has no other campus / off campus anywhere else in the country and globe.

# ਪੰਜਾਬ ਦਾ ਅਜਿਹਾ ਪਿੰਡ ਜਿੱਥੇ ਆਜ਼ਾਦੀ ਤੋਂ ਲੈ ਕੇ ਹੁਣ ਤੱਕ ਕਦੇ ਨਹੀਂ ਵਿਕੀ ਸ਼ਰਾਬ

ਨਿਊ ਚੰਡੀਗੜ੍ਹ 27 ਅਪ੍ਰੈਲ। ਪਿੰਡ ਖੁੱਡਾ ਅਲੀਸ਼ੇਰ 'ਚ ਆਜ਼ਾਦੀ ਤੋਂ ਲੈ ਕੇ ਅੱਜ ਤੱਕ ਕਦੇ ਸ਼ਰਾਬ ਦਾ ਠੇਕਾ ਨਹੀਂ ਖੁੱਲ੍ਹਿਆ। ਪਹਿਲੀ ਵਾਰ ਇੱਥੇ ਠੇਕਾ ਖੋਲ੍ਹਣ ਦਾ ਫ਼ੈਸਲਾ ਕੀਤਾ ਗਿਆ ਤਾਂ ਲੋਕਾਂ ਦੇ ਵਿਰੋਧ ਅੱਗੇ ਝੁਕਦਿਆਂ ਚੰਡੀਗੜ੍ਹ ਪ੍ਰਸ਼ਾਸਨ ਨੇ ਆਖ਼ਰ ਇੱਥੋਂ ਠੇਕਾ ਹਟਾ ਦਿੱਤਾ ਹੈ। ਬਾਬਾ ਗੁਰਦਿਆਲ ਸਿੰਘ, ਸਾਬਕਾ ਸਰਪੰਚ, ਯੂਥ ਕਲੱਬ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਸੋਮਲ ਨੇ ਦੱਸਿਆ ਕਿ ਸਾਡੇ ਪਿੰਡ ਖੁੱਡਾ ਅਲੀਸ਼ੇਰ 'ਚ ਅੱਜ ਤੱਕ ਕਦੇ ਸ਼ਰਾਬ ਦੀ ਦੁਕਾਨ ਨਹੀਂ ਖੁੱਲ੍ਹੀ। ਪਹਿਲੀ ਵਾਰ ਇੱਥੇ ਚੁੱਪ-ਚਪੀਤੇ ਅਜਿਹਾ ਕਰਨ ਦੀ ਕੋਸ਼ਿਸ਼ ਕੀਤੀ ਗਈ ਪਰ ਲੋਕਾਂ ਨੇ ਇਕਜੁੱਟ ਹੋ ਕੇ ਇਸ ਦਾ ਵਿਰੋਧ ਕੀਤਾ, ਜਿਸ ਤੋਂ ਬਾਅਦ ਇਹ ਫ਼ੈਸਲਾ ਵਾਪਸ ਲੈ ਲਿਆ ਗਿਆ ਹੈ। ਜੋ ਠੇਕਾ ਖੋਲ੍ਹਣ ਦਾ ਫ਼ੈਸਲਾ ਕੀਤਾ ਗਿਆ, ਉਹ ਇਕ ਸਰਕਾਰੀ ਤੇ ਦੋ ਹੋਰ ਨਿੱਜੀ ਸਕੂਲਾਂ ਤੋਂ ਥੋੜ੍ਹੀ ਦੂਰੀ 'ਤੇ ਹੈ। ਵਾਰਡ ਨੰਬਰ 1 ਦੇ ਕੌਂਸਲਰ ਗੁਰਚਰਨ ਸਿੰਘ, ਜਸਵਿੰਦਰ ਕੌਰ ਦੀ ਅਗਵਾਈ 'ਚ ਭਾਰੀ ਵਿਰੋਧ ਪ੍ਰਦਰਸ਼ਨਾਂ ਤੋਂ ਬਾਅਦ ਪ੍ਰਸ਼ਾਸਨ ਨੂੰ ਇਹ ਬੰਦ ਕਰਵਾਉਣਾ ਪਿਆ। ਕੁਲਵਿੰਦਰ ਕੌਰ ਸਾਬਕਾ ਪੰਚ, ਜਗਪਾਲ ਸਿੰਘ ਜੱਗਾ, ਸਿਮਰਨਜੀਤ ਸਿੰਘ, ਅਵਤਾਰ ਸਿੰਘ ਸਮੇਤ ਪਿੰਡ ਵਾਸੀਆਂ ਦਾ ਕਹਿਣਾ ਸੀ ਕਿ ਇਸ ਠੇਕੇ ਨਾਲ ਪਿੰਡ ਦੇ ਸਮਾਜਿਕ ਵਾਤਾਵਰਨ 'ਤੇ ਖ਼ਾਸ



ਕਰਕੇ ਸਕੂਲੀ ਬੱਚਿਆਂ 'ਤੇ ਮਾੜਾ ਪ੍ਰਭਾਵ ਪੈ ਸਕਦਾ ਹੈ। ਸਥਾਨਕ ਸਾਬਕਾ ਸਰਪੰਚ ਦਿਆਲ ਸਿੰਘ ਨੇ ਕਿਹਾ ਕਿ ਸ਼ਰਾਬ ਦੀ ਦੁਕਾਨ ਦੇ ਤਿੰਨ ਪਾਸੇ ਸਕੂਲ ਹਨ, ਇਕ ਸਰਕਾਰੀ ਸਕੂਲ ਤੇ ਦੋ ਨਿੱਜੀ ਸਕੂਲ ਹਨ, ਜੋ 40 ਮੀਟਰ ਤੋਂ ਘੱਟ ਦੂਰ ਹਨ। ਉਨ੍ਹਾਂ ਨੇ ਪ੍ਰਸ਼ਾਸਨ ਨੂੰ ਸਖ਼ਤ ਲਹਿਜੇ 'ਚ ਕਿਹਾ ਕਿ ਭਵਿੱਖ 'ਚ ਵੀ ਇੱਥੇ ਸ਼ਰਾਬ ਦੀ ਕੋਈ ਦੁਕਾਨ ਨਾ ਖੋਲ੍ਹੀ ਜਾਵੇ। ਪਿੰਡ ਦੀਆਂ ਔਰਤਾਂ ਤੇ ਨੌਜਵਾਨਾਂ ਨੇ ਫ਼ੈਸਲੇ ਦਾ ਸਖ਼ਤ ਵਿਰੋਧ ਕਰਦਿਆਂ ਠੇਕਾ ਹਟਾਉਣ ਦੀ ਮੰਗ ਕੀਤੀ। ਪੰਜਾਬ ਸਰਕਾਰ ਨੇ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਹਾਲੇ 52 ਦਿਨ ਪਹਿਲਾਂ ਸ਼ੁਰੂ ਕੀਤੀ ਸੀ ਪਰ ਕੁਝ ਪਿੰਡਾਂ ਨੇ ਆਪਸੀ ਏਕਤਾ ਦਿਖਾਉਂਦਿਆਂ ਪਹਿਲਾਂ ਹੀ ਸ਼ਰਾਬ ਖ਼?ਲਾਫ਼ ਇਸ ਤਰ੍ਹਾਂ ਦੀ ਮੁਹਿੰਮ ਵਿੱਢ ਰੱਖੀ ਹੈ। ਖੁੱਡਾ ਅਲੀਸ਼ੇਰ ਤੋਂ ਕੁਝ ਦੂਰੀ 'ਤੇ ਪੈਂਦੇ ਜ਼ਿਲ੍ਹਾ ਮੋਹਾਲੀ ਦੇ ਪਿੰਡ ਪੜਛ 'ਚ ਵੀ ਕਦੇ ਸ਼ਰਾਬ ਦਾ ਠੇਕਾ ਖੋਲ੍ਹਣ ਨਹੀਂ ਦਿੱਤਾ ਗਿਆ। 10 ਸਾਲ ਪਹਿਲਾਂ ਇਕ ਵਾਰ ਇੱਥੇ ਸ਼ਰਾਬ ਦੀ ਦੁਕਾਨ ਖੋਲ੍ਹੀ ਗਈ ਸੀ ਪਰ ਪਿੰਡ ਦੀਆਂ ਔਰਤਾਂ ਤੇ ਪਿੰਡ ਵਾਸੀਆਂ ਨੇ ਇਸ ਨੂੰ ਬੰਦ ਕਰਵਾ ਦਿੱਤਾ ਸੀ। ਪਿੰਡ ਦੀ ਗੀਤਾ ਦੇਵੀ ਤੇ ਸਾਬਕਾ ਸਰਪੰਚ ਸੁਰਜੀਤ ਸਿੰਘ ਨੇ ਦੱਸਿਆ ਕਿ ਉਸ ਤੋਂ ਬਾਅਦ ਉਨ੍ਹਾਂ ਨੇ ਇਸ ਪਿੰਡ 'ਚ ਕਦੇ ਵੀ ਕੋਈ ਸ਼ਰਾਬ ਦੀ ਦੁਕਾਨ ਨਹੀਂ ਖੋਲ੍ਹਣ ਦਿੱਤੀ ਤੇ ਨਾ ਹੀ ਅੱਗੇ ਤੋਂ ਖੁੱਲ੍ਹਣ ਦੇਣਗੇ। ਉਨ੍ਹਾਂ ਨੇ ਅਜਿਹਾ ਸਖ਼ਤ ਫ਼ੈਸਲਾ ਇਸ ਲਈ ਕੀਤਾ ਤਾਂ ਕਿ ਪਿੰਡ ਵਾਲੇ ਸ਼ਰਾਬ ਦੇ ਨਸ਼ੇ ਤੋਂ ਦੂਰ ਰਹਿਣ ਤੇ ਉਨ੍ਹਾਂ ਦੀ ਸਿਹਤ ਤੇ ਪੈਸੇ ਦੀ ਬਰਬਾਦੀ ਨਾ ਹੋਵੇ।

## ਤੜਕੇ ਰਿਹਾਇਸ਼ੀ ਇਮਾਰਤ 'ਚ ਅੱਗ ਲੱਗਣ ਨਾਲ ਮਚੀ ਹਫੜਾ-ਦਫੜੀ

ਮੁੰਬਈ 27 ਅਪ੍ਰੈਲ। ਮਹਾਰਾਸ਼ਟਰ ਦੇ ਅੰਧੇਰੀ ਉਪਨਗਰ ਸਥਿਤ ਇਕ ਰਿਹਾਇਸ਼ੀ ਕੰਪਲੈਕਸ ਦੇ ਇਕ ਅਪਾਰਟਮੈਂਟ 'ਚ ਸ਼ੁੱਕਰਵਾਰ ਦੇਰ ਰਾਤ ਅੱਗ ਲੱਗ ਗਈ। ਜਿਸ ਕਾਰਨ ਇਕ 34 ਸਾਲਾ ਔਰਤ ਦੀ ਮੌਤ ਹੋ ਗਈ ਅਤੇ ਦੋ ਬੱਚਿਆਂ ਸਮੇਤ 6 ਹੋਰਾਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਅਧਿਕਾਰੀਆਂ ਨੇ ਦੱਸਿਆ ਕਿ ਲੋਖੰਡਵਾਲਾ ਕੰਪਲੈਕਸ ਇਲਾਕੇ 'ਚ ਅੱਠ ਮੰਜ਼ਿਲਾ 'ਬ੍ਰੂਕ ਲੈਂਡ' ਇਮਾਰਤ ਦੀ ਪਹਿਲੀ ਮੰਜ਼ਿਲ 'ਤੇ ਇਕ ਫਲੈਟ 'ਚ ਦੇਰ ਰਾਤ ਲਗਭਗ 2.40 ਵਜੇ ਅੱਗ ਲੱਗ ਗਈ। ਨਗਰ ਨਿਗਮ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਅਭਿਨਾ ਸੰਜਨਵਾਲਾ ਨਾਮ ਦੀ ਇਕ ਔਰਤ ਦੀ ਮੌਤ ਦਮ ਘੁੱਟਣ ਕਾਰਨ ਹੋਈ। ਉਨ੍ਹਾਂ ਨੇ ਕਿਹਾ ਕਿ ਕੋਕੀਲਾਬੇਨ ਹਸਪਤਾਲ ਦੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਅਧਿਕਾਰੀਆਂ ਨੇ ਦੱਸਿਆ ਕਿ ਹੋਰ ਪ੍ਰਭਾਵਿਤ ਵਿਅਕਤੀਆਂ, ਜਿਨ੍ਹਾਂ ਵਿਚ ਇਕ 10 ਦਿਨਾਂ ਦਾ ਬੱਚਾ ਅਤੇ ਇਕ ਤਿੰਨ ਸਾਲ ਦਾ ਬੱਚਾ ਸ਼ਾਮਲ ਹੈ, ਨੂੰ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ। ਉਨ੍ਹਾਂ ਕਿਹਾ ਕਿ ਇਕ ਬੱਚਾ ਇੰਟੈਂਸਿਵ ਕੇਅਰ ਯੂਨਿਟ ਵਿਚ ਹੈ। ਅਧਿਕਾਰੀਆਂ ਨੇ ਦੱਸਿਆ ਕਿ ਦੋਵਾਂ ਵਿਅਕਤੀਆਂ ਨੂੰ ਕੂਪਰ ਅਤੇ ਟਰਾਮਾ ਕੇਅਰ ਹਸਪਤਾਲਾਂ ਵਿਚ ਦਾਖਲ ਕਰਵਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਅੱਗ ਬਿਜਲੀ ਦੀਆਂ ਤਾਰਾਂ, ਫਰਨੀਚਰ ਅਤੇ ਕਾਗਜ਼ਾਂ ਸਮੇਤ ਘਰੇਲੂ ਸਾਮਾਨ ਤੱਕ ਸੀਮਤ ਰਹੀ। ਅਧਿਕਾਰੀਆਂ ਨੇ ਦੱਸਿਆ ਕਿ ਚਾਰ ਫਾਇਰ ਟੈਂਡਰਾਂ ਨੇ ਅੱਗ 'ਤੇ ਕਾਬੂ ਪਾਉਣ ਦੀ ਕੋਸ਼ਿਸ਼ ਕੀਤੀ।

## 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ 53ਵੇਂ ਦਿਨ 76 ਨਸ਼ਾ ਸਮੱਗਲਰ ਗ੍ਰਿਫ਼ਤਾਰ

ਚੰਡੀਗੜ੍ਹ/ਜਲੰਧਰ 27 ਅਪ੍ਰੈਲ। 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੇ 53ਵੇਂ ਦਿਨ ਪੰਜਾਬ ਪੁਲਸ ਨੇ 76 ਨਸ਼ਾ ਸਮੱਗਲਰਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਦੇ ਕਬਜ਼ੇ 'ਚੋਂ 3.5 ਕਿੱਲੋ ਹੈਰੋਇਨ, 1 ਕਿੱਲੋ ਅਫ਼ੀਮ ਅਤੇ 1.09 ਲੱਖ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਹੈ। ਇਸ ਨਾਲ ਮਹਿਜ਼ 53 ਦਿਨਾਂ 'ਚ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਸਮੱਗਲਰਾਂ ਦੀ ਗਿਣਤੀ 7036 ਹੋ ਗਈ ਹੈ। ਸਪੈਸ਼ਲ ਡੀ. ਜੀ. ਪੀ. ਕਾਨੂੰਨ ਤੇ ਵਿਵਸਥਾ ਅਰਪਿਤ ਸ਼ੁਕਲਾ ਨੇ ਦੱਸਿਆ ਕਿ 75 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 1000 ਤੋਂ ਵੱਧ ਪੁਲਸ ਮੁਲਾਜ਼ਮਾਂ ਦੀ ਨਫ਼ਰੀ ਵਾਲੀਆਂ 150 ਤੋਂ ਵੱਧ



ਪੁਲਸ ਟੀਮਾਂ ਨੇ ਸੂਬੇ ਭਰ 'ਚ 345 ਥਾਵਾਂ 'ਤੇ ਛਾਪੇਮਾਰੀ ਕਰਦਿਆਂ 49 ਐੱਫ਼. ਆਈ. ਆਰਜ਼ ਦਰਜ ਕੀਤੀਆਂ । ਪੁਲਸ ਟੀਮਾਂ ਨੇ ਦਿਨ ਭਰ ਚੱਲੇ ਇਸ ਆਪ੍ਰੇਸ਼ਨ ਦੌਰਾਨ 374 ਸ਼ੱਕੀ ਵਿਅਕਤੀਆਂ ਦੀ ਵੀ ਚੈਕਿੰਗ ਕੀਤੀ । ਇਸ ਦੇ ਨਾਲ ਹੀ 2 ਵਿਅਕਤੀਆਂ ਨੂੰ ਨਸ਼ਾ ਛੁਡਾਊ ਅਤੇ ਮੁੜ-ਵਸੇਬਾ ਵਾਸਤੇ ਇਲਾਜ ਕਰਵਾਉਣ ਲਈ ਰਾਜ਼ੀ ਕੀਤਾ ਹੈ। ਇਸ ਦੇ ਨਾਲ ਹੀ ਵੱਖ-ਵੱਖ ਜ਼ਿਲ੍ਹਾਂ 'ਚ ਤਲਾਸ਼ੀ ਮੁਹਿੰਮ ਵੀ ਚਲਾਈ ।

## 5000 ਰੁਪਏ ਰਿਸ਼ਵਤ ਲੈਂਦਾ ਨਾਇਬ ਤਹਿਸੀਲਦਾਰ ਤੇ ਪਟਵਾਰੀ ਰੰਗੇ ਹੱਥੀਂ ਗ੍ਰਿਫ਼ਤਾਰ


ਬਠਿੰਡਾ 27 ਅਪ੍ਰੈਲ। ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਵਿੱਢੀ ਮੁਹਿੰਮ ਦੌਰਾਨ ਪੰਜਾਬ ਵਿਜੀਲੈਂਸ ਬਿਊਰੋ ਨੇ ਬਠਿੰਡਾ ਦੇ ਸੰਗਤ ਮੰਡੀ ਵਿਖੇ ਤਾਇਨਾਤ ਨਾਇਬ ਤਹਿਸੀਲਦਾਰ ਨਿਰਮਲ ਸਿੰਘ ਅਤੇ ਪਟਵਾਰ ਹਲਕਾ ਕੋਟਗੁਰੂਕੇ ਵਿਖੇ ਤਾਇਨਾਤ ਪਟਵਾਰੀ ਗੁਰਤੇਜ ਸਿੰਘ ਨੂੰ 5000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਅੱਜ ਇੱਥੇ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜ਼ਮਾਂ ਨੂੰ ਬਠਿੰਡਾ ਦੇ ਸੰਗਤ ਕਸਬੇ ਦੇ ਇੱਕ ਵਸਨੀਕ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਗਾਇਆ ਕਿ ਮਾਲ



ਵਿਭਾਗ ਦੇ ਉਕਤ ਕਰਮਚਾਰੀਆਂ ਉਸਦੇ ਪਲਾਟ ਦੀ ਗਿਰਦਾਵਰੀ ਦਰਜ ਕਰਨ ਬਦਲੇ 10000 ਰੁਪਏ ਰਿਸ਼ਵਤ ਮੰਗੀ ਸੀ ਪਰ ਉਸ ਵੱਲੋਂ ਜ਼ੋਰ ਪਾਉਣ ਤੇ ਸੌਦਾ 8000 ਰੁਪਏ ਵਿੱਚ ਤੈਅ ਹੋਇਆ ਹੈ। ਬੁਲਾਰੇ ਨੇ ਦੱਸਿਆ ਕਿ ਇਸ ਸ਼ਿਕਾਇਤ ਦੀ ਮੁੱਢਲੀ ਤਸਦੀਕ ਉਪਰੰਤ ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾ ਕੇ ਦੋਵਾਂ ਮੁਲਜ਼ਮਾਂ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ ਪਹਿਲੀ ਕਿਸ਼ਤ ਵਜੋਂ 5000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ। ਵਿਜੀਲੈਂਸ ਬਿਊਰੋ ਦੀ ਟੀਮ ਨੇ ਉਕਤ ਦੋਵਾਂ ਮੁਲਜ਼ਮਾਂ ਤੋਂ ਮੌਕੇ ਤੇ ਹੀ 2500-2500 ਰੁਪਏ ਬਰਾਮਦ ਕਰ ਲਏ। ਇਸ ਸਬੰਧੀ ਦੋਵਾਂ ਮੁਲਜ਼ਮਾਂ ਖ਼?ਲਾਫ਼ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਵਿਜੀਲੈਂਸ ਬਿਊਰੋ ਦੇ ਥਾਣਾ ਬਠਿੰਡਾ ਰੇਂਜ ਵਿਖੇ ਕੇਸ ਦਰਜ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

## ਹੁਣ ਨੀਲੇ ਡਰੰਮ ਦੀ ਥਾਂ ਸੂਟਕੇਸ 'ਚ ਮਿਲੀ ਲਾਸ਼, ਦੁਬਈ ਤੋਂ ਆਏ ਪਤੀ ਨੂੰ ਪ੍ਰੇਮੀ ਨਾਲ ਮਿਲ ਕੀਤਾ ਕਤਲ

ਦੇਵਰੀਆ 27 ਅਪ੍ਰੈਲ। ਉੱਤਰ ਪ੍ਰਦੇਸ਼ ਦੇ ਦੇਵਰੀਆ ਜ਼ਿਲ੍ਹੇ 'ਚ ਇਕ ਔਰਤ ਨੇ ਆਪਣੇ ਪ੍ਰੇਮੀ ਨਾਲ ਮਿਲ ਕੇ ਆਪਣੇ ਪਤੀ ਦਾ ਕਤਲ ਕਰ ਦਿੱਤਾ, ਜੋ 10 ਦਿਨ ਪਹਿਲਾਂ ਦੁਬਈ ਤੋਂ ਵਾਪਸ ਆਇਆ ਸੀ। ਪੁਲਸ ਨੇ ਸੋਮਵਾਰ ਨੂੰ ਦੱਸਿਆ ਕਿ ਮ੍ਰਿਤਕ ਦੀ ਲਾਸ਼ ਉਸ ਦੇ ਘਰ ਤੋਂ ਲਗਭਗ 55 ਕਿਲੋਮੀਟਰ ਦੂਰ ਇਕ ਖੇਤ 'ਚ ਪਏ ਸੂਟਕੇਸ 'ਚੋਂ ਬਰਾਮਦ ਕੀਤੀ ਗਈ ਹੈ। ਪੁਲਸ ਅਨੁਸਾਰ, ਮ੍ਰਿਤਕ ਨੌਸ਼ਾਦ ਅਹਿਮਦ (38) ਦਸ ਦਿਨ ਪਹਿਲਾਂ ਦੁਬਈ ਤੋਂ ਭਟੌਲੀ ਪਿੰਡ ਵਾਪਸ ਆਇਆ ਸੀ ਅਤੇ ਉਸ ਦੇ ਸੂਟਕੇਸ 'ਤੇ ਜਹਾਜ਼ ਕੰਪਨੀ ਟੈਗ ਰਾਹੀਂ ਉਸ ਦੀ ਪਛਾਣ ਕੀਤੀ ਗਈ ਸੀ। ਇਕ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਤਾਰਕੁਲਵਾ ਥਾਣਾ ਖੇਤਰ ਦੇ ਪਟਖੌਲੀ ਪਿੰਡ ਦੇ ਰਹਿਣ ਵਾਲੇ ਇਕ ਕਿਸਾਨ ਨੇ ਐਤਵਾਰ ਸਵੇਰੇ ਆਪਣੇ ਖੇਤ 'ਚ ਇਕ ਲਾਵਾਰਿਸ ਟਰਾਲੀ ਬੈਗ ਦੇਖਿਆ, ਜਿਸ ਦੇ ਅੰਦਰ ਇਕ ਵਿਅਕਤੀ ਦੀ ਲਾਸ਼ ਦੇ ਟੁਕੜੇ ਰੱਖੇ ਹੋਏ ਸਨ। ਉਨ੍ਹਾਂ ਕਿਹਾ ਕਿ ਪੁਲਸ ਨੇ ਸੂਟਕੇਸ 'ਤੇ ਲੱਗੇ ਜਹਾਜ਼ ਕੰਪਨੀ ਦੇ ਟੈਗ ਰਾਹੀਂ ਮ੍ਰਿਤਕ ਦੀ ਪਛਾਣ ਕੀਤੀ। ਅਧਿਕਾਰੀ ਦੇ ਅਨੁਸਾਰ, ਜਦੋਂ ਪੁਲਸ ਨੌਸ਼ਾਦ ਦੇ ਘਰ ਪਹੁੰਚੀ, ਤਾਂ ਉਸ ਦੀ



ਪਤਨੀ ਰਜ਼ੀਆ ਨੇ ਸ਼ੁਰੂ 'ਚ ਦਾਅਵਾ ਕੀਤਾ ਕਿ ਉਹ ਪਿਛਲੀ ਰਾਤ ਬਾਹਰ ਗਿਆ ਸੀ। ਉਨ੍ਹਾਂ ਦੱਸਿਆ ਕਿ ਹਾਲਾਂਕਿ, ਪੁਲਸ ਨੂੰ ਘਰ ਦੇ ਅੰਦਰ ਖੂਬ ਦੇ ਨਿਸ਼ਾਨ ਅਤੇ ਖੇਤ 'ਚ ਮਿਲੇ ਸੂਟਕੇਸ ਵਰਗਾ ਇਕ ਹੋਰ ਸੂਟਕੇਸ ਦਿਖਾਈ ਦਿੱਤੀ, ਜਿਸ ਤੋਂ ਸ਼ੱਕ ਪੈਦਾ ਹੋਇਆ। ਅਧਿਕਾਰੀ ਅਨੁਸਾਰ, ਪੁੱਛ-ਗਿੱਛ ਦੌਰਾਨ ਰਜ਼ੀਆ ਨੇ ਆਪਣੇ ਭਤੀਜੇ ਰੂਮਾਨ ਦੀ ਮਦਦ ਨਾਲ ਪਤੀ ਨੌਸ਼ਾਦ ਦਾ ਕਤਲ ਕਰਨ ਦੀ ਗੱਲ ਕਬੂਲ ਕੀਤੀ। ਐਡੀਸ਼ਨਲ ਪੁਲਸ ਸੁਪਰਡੈਂਟ ਅਰਵਿੰਦ ਵਰਮਾ ਨੇ ਦੱਸਿਆ,"ਰਜ਼ੀਆ, ਰੂਮਾਨ ਅਤੇ ਉਸ ਦੇ ਦੋਸਤ ਹਿਮਾਂਸ਼ੂ ਨੇ ਦੇਰ ਰਾਤ 2 ਵਜੇ ਨੌਸ਼ਾਦ ਦਾ ਕਤਲ ਕਰ ਦਿੱਤਾ ਅਤੇ ਸੂਟਕੇਸ ਨੂੰ ਘਰ ਤੋਂ ਦੂਰ ਇਕ ਖੇਤ 'ਚ ਸੁੱਟ ਦਿੱਤਾ।" ਵਰਮਾ ਅਨੁਸਾਰ, ਮਾਮਲੇ 'ਚ ਰਜ਼ੀਆ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ, ਜਦੋਂ ਕਿ ਰੂਮਾਨ ਅਤੇ ਹਿਮਾਂਸ਼ੂ ਫਰਾਰ ਹਨ। ਉਨ੍ਹਾਂ ਦੱਸਿਆ ਕਿ ਨੌਸ਼ਾਦ ਦਾ ਕਤਲ ਅਤੇ ਉਸ ਦੀ ਲਾਸ਼ ਦੇ ਟੁਕੜੇ ਕਰਨ 'ਚ ਇਸਤੇਮਾਲ ਕੁਹਾੜੀ ਅਤੇ ਹੋਰ ਸਮਾਨ ਬਰਾਮਦ ਕਰ ਲਿਆ ਗਿਆ ਹੈ। ਨੌਸ਼ਾਦ ਦੀ ਭੈਣ ਨੇ ਦੋਸ਼ ਲਗਾਇਆ ਕਿ ਰਜ਼ੀਆ ਅਤੇ ਰੂਮਾਨ ਦਰਮਿਆਨ ਪ੍ਰੇਮ ਪ੍ਰਸੰਗ ਸਨ, ਜਿਸ ਕਾਰਨ ਦੋਵਾਂ ਨੇ ਉਸ ਦੇ ਭਰਾ ਦੇ ਕਤਲ ਕਰ ਦਿੱਤਾ। ਨੌਸ਼ਾਦ ਦੀ 6 ਸਾਲ ਦੀ ਇਕ ਧੀ ਹੈ।

## ਜੇਲ੍ਹ ਪ੍ਰਾਪਰਟੀ ਨੂੰ ਨੁਕਸਾਨ ਪਹੁੰਚਾਉਣ ਤੇ ਸਰਕਾਰੀ ਡਿਊਟੀ 'ਚ ਵਿਘਨ ਪਾਉਣ 'ਤੇ 7 ਖ਼ਿਲਾਫ਼ ਮਾਮਲਾ ਦਰਜ

ਕਪੂਰਥਲਾ 27 ਅਪ੍ਰੈਲ। ਜੇਲ੍ਹ ਪ੍ਰਾਪਰਤੀ ਨੂੰ ਨੁਕਸਾਨ ਪਹੁੰਚਾਉਣ, ਸਰਕਾਰੀ ਡਿਊਟੀ 'ਚ ਵਿਘਨ ਪਾਉਣ ਅਤੇ ਲੜਾਈ ਝਗੜਾ ਕਰਕੇ ਜੇਲ੍ਹ ਨਿਯਮਾਂ ਦੀ ਉਲੰਘਣਾ ਕਰਨ ਦੇ ਮਾਮਲੇ 'ਚ ਜੇਲ੍ਹ ਪ੍ਰਸ਼ਾਸਨ ਦੀ ਸ਼ਿਕਾਇਤ 'ਤੇ ਥਾਣਾ ਕੋਤਵਾਲੀ ਦੀ ਪੁਲਸ ਨੇ 7 ਹਵਾਲਾਤੀਆਂ ਖ਼?ਲਾਫ਼ ਮਾਮਲਾ ਦਰਜ ਕਰ ਲਿਆ ਹੈ। ਜਾਣਕਾਰੀ ਅਨੁਸਾਰ ਕੇਂਦਰੀ ਜੇਲ੍ਹ ਕਪੂਰਥਲਾ ਅਤੇ ਜਲੰਧਰ ਦੇ ਪ੍ਰਸ਼ਾਸਨ ਨੇ ਥਾਣਾ ਕੋਤਵਾਲੀ ਕਪੂਰਥਲਾ ਦੀ ਪੁਲਸ ਨੂੰ ਆਪਣੀ ਸ਼ਿਕਾਇਤ ਵਿਚ ਦੱਸਿਆ ਸੀ ਕਿ ਹਵਾਲਾਤੀ ਰਣਵੀਰ ਸਿੰਘ ਉਰਫ਼ ਰਾਜਾ ਪੁੱਤਰ ਗੁਰਨਾਮ ਸਿੰਘ ਵਾਸੀ ਪਿੰਡ ਢੱਕ ਪੰਡੋਰੀ ਥਾਣਾ ਸਦਰ ਫਗਵਾੜਾ, ਕਪੂਰਥਲਾ, ਹਵਾਲਾਤੀ ਐਸ਼ਵਰਿਆ ਉਰਫ਼ ਬਿੱਟੂ ਦਿੱਲੀ ਪੁੱਤਰ ਚੱਕਰਦਾਸ ਵਾਸੀ ਪੌਂਡ ਬਲੇਰ ਥਾਣਾ ਬਿੱਲਾਵਰ ਜ਼ਿਲ੍ਹ ਕਠੂਆ, ਪ੍ਰਨੀਤ ਸਿੰਘ ਪੁੱਤਰ ਹੀਰਾ ਸਿੰਘ ਵਾਸੀ ਬਾਰੂ ਥਾਣਾ ਸਿਟੀ ਤਰਨਤਾਰਨ, ਨਰੇਸ਼ ਕੁਮਾਰ ਪੁੱਤਰ ਵਿਨੋਦ ਕੁਮਾਰ ਵਾਸੀ ਲੰਮਾ ਪਿੰਡ ਥਾਣਾ ਰਾਮਾ ਮੰਡੀ ਜ਼ਿਲ੍ਹਾ ਜਲੰਧਰ, ਚੰਦਰ ਸ਼ਰਮਾ ਪੁੱਤਰ ਰਵਿੰਦਰ ਕੁਮਾਰ ਵਾਸੀ ਨਿਊ ਦਸ਼ਮੇਸ਼ ਨਗਰ ਅੰਮ੍ਰਿਤਸਰ, ਵਿਸ਼ਾਲ ਸਿੰਘ ਉਰਫ਼ ਰਾਜਾ ਪੁੱਤਰ ਨਿਸ਼ਾਨ ਸਿੰਘ ਵਾਸੀ ਥਾਣਾ ਭਿੱਖੀਵਿੰਡ ਜ਼ਿਲ੍ਹਾ ਤਰਨਤਾਰਨ ਅਤੇ ਹਵਾਲਾਤੀ ਆਕਾਸ਼ ਸ਼ਰਮਾ ਪੁੱਤਰ ਰਵਿੰਦਰ ਸ਼ਰਮਾ ਵਾਸੀ ਨਿਊ ਦਸ਼ਮੇਸ਼ ਨਗਰ, ਜ਼ਿਲਾ ਅੰਮ੍ਰਿਤਸਰ ਨੇ ਜੇਲ ਪ੍ਰਾਪਰਟੀ ਨੂੰ ਨੁਕਸਾਨ ਪਹੁੰਚਾਉਣ ਦੇ ਨਾਲ-ਨਾਲ ਸਰਕਾਰੀ ਡਿਊਟੀ 'ਚ ਵਿਘਨ ਪਾਉਣ ਦੇ ਨਾਲ-ਨਾਲ ਲੜਾਈ ਝਗੜਾ ਕਰਕੇ ਜੇਲ੍ਹ ਨਿਯਮਾਂ ਦੀ ਉਲੰਘਣਾ ਕੀਤੀ ਹੈ, ਜਿਸ ਦੇ ਆਧਾਰ 'ਤੇ ਥਾਣਾ ਕੋਤਵਾਲੀ ਕਪੂਰਥਲਾ ਦੀ ਪੁਲਸ ਨੇ ਸੱਤ ਮੁਲਜ਼ਮਾਂ ਖ਼?ਲਾਫ਼ ਮਾਮਲਾ ਦਰਜ ਕਰ ਲਿਆ ਹੈ।

### ਆਰੂਸ਼ੀ ਨੇ ਵਧਾਇਆ ਜਲੰਧਰ ਦਾ ਮਾਣ : ਦੀਪਕ ਬਾਲੀ

ਜਲੰਧਰ 27 ਅਪ੍ਰੈਲ। ਸੰਘ ਲੋਕ ਸੇਵਾ ਕਮਿਸ਼ਨ (ਯੂ. ਪੀ. ਐੱਸ. ਸੀ.) ਵੱਲੋਂ ਮੰਗਲਵਾਰ ਸਿਵਲ ਸਰਵਿਸ ਐਗਜ਼ਾਮ-2024 ਦਾ ਫਾਈਨਲ ਰਿਜ਼ਲਟ ਜਾਰੀ ਕੀਤਾ ਗਿਆ, ਜਿਸ ਤਹਿਤ ਦੇਸ਼ ਭਰ ਦੇ 1009 ਮੈਰਿਟ ਸੂਚੀ ਵਿਚ ਸਥਾਨ ਹਾਸਲ ਕਰਨ ਵਾਲੇ ਪ੍ਰਤੀਯੋਗੀਆਂ ਦਾ ਐਲਾਨ ਕੀਤਾ ਗਿਆ। ਜਾਰੀ ਰਿਜ਼ਲਟ ਵਿਚ ਮਹਾਨਗਰ ਜਲੰਧਰ ਦੀ ਬੇਟੀ ਆਰੂਸ਼ੀ ਸ਼ਰਮਾ ਨੇ ਵੀ ਦਬਦਬਾ ਕਾਇਮ ਕਰਦੇ ਹੋਏ 184ਵਾਂ ਆਲ ਇੰਡੀਆ ਹਾਸਲ ਕੀਤਾ ਹੈ ਅਤੇ ਆਪਣੇ ਪਰਿਵਾਰ ਦਾ ਨਾਂ ਰੌਸ਼ਨ ਕੀਤਾ।

## ਫੈਕਟਰੀ 'ਚ ਲੱਗੀ ਅੱਗ ਨੇ ਮਚਾਇਆ ਤਾਂਡਵ, ਲੱਖਾਂ ਦਾ ਸਮਾਨ ਸੜ ਕੇ ਹੋਇਆ ਸੁਆਹ

ਨੈਸ਼ਨਲ ਡੈਸਕ 27 ਅਪ੍ਰੈਲ। ਰਾਜਸਥਾਨ ਦੇ ਜੋਧਪੁਰ ਸ਼ਹਿਰ ਦੇ ਬਾਸਨੀ ਥਾਣਾ ਇਲਾਕੇ ਅਧੀਨ ਆਉਂਦੇ ਇੰਡਸਟ?ਰੀਅਲ ਏਰੀਆ 'ਚ ਸ਼ਨੀਵਾਰ ਨੂੰ ਇਕ ਕੈਮੀਕਲ ਫੈਕਟਰੀ 'ਚ ਅੱਗ ਲੱਗ ਗਈ, ਜਿਸ ਕਾਰਨ ਭਾਰੀ ਨੁਕਸਾਨ ਹੋਣ ਦੀ ਜਾਣਕਾਰੀ ਪ੍ਰਾਪਤ ਹੋਈ ਹੈ। ਜਾਣਕਾਰੀ ਦਿੰਦੇ ਹੋਏ ਡੀ.ਐੱਸ.ਪੀ. ਛਵੀ ਸ਼ਰਮਾ ਨੇ ਦੱਸਿਆ ਕਿ ਬਾਸਨੀ ਇਲਾਕੇ 'ਚ ਸਥਿਤ ਇਕ ਕੈਮੀਕਲ ਫੈਕਟਰੀ 'ਚ ਅਚਾਨਕ ਅੱਗ ਲੱਗ ਗਈ। ਫੈਕਟਰੀ 'ਚ ਪਏ ਜਲਣਸ਼ੀਲ ਪਦਾਰਥ ਦੇ ਸੰਪਰਕ 'ਚ ਆਉਂਦਿਆਂ ਹੀ ਅੱਗ ਨੇ ਵਿਕਰਾਲ ਰੂਪ ਧਾਰਨ ਕਰ ਲਿਆ, ਜਿਸ ਕਾਰਨ ਫੈਲਦੀ ਹੋਈ ਅੱਗ ਨੇ ਨਾਲ ਹੀ ਸਥਿਤ ਇਕ ਹੋਰ ਫੈਕਟਰੀ ਨੂੰ ਚਪੇਟ 'ਚ ਲੈ ਲਿਆ। ਅੱਗ ਦਾ ਪਤਾ ਲੱਗਦਿਆਂ ਹੀ ਫਾਇਰ ਬ੍ਰਿਗੇਡ ਦੀ ਟੀਮ ਮੌਕੇ 'ਤੇ ਪਹੁੰਚੀ ਤੇ ਆ ਕੇ ਅੱਗ ਬੁਝਾਉਣ ਦੀਆਂ ਕੋਸ਼ਿਸ਼ਾਂ ਸ਼ੁਰੂ ਕੀਤੀਆਂ। ਅਧਿਕਾਰੀਆਂ ਨੇ ਦੱਸਿਆ ਕਿ 60 ਦੇ ਕਰੀਬ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਨੇ ਬੜੀ ਮਿਹਨਤ-ਮੁਸ਼ੱਕਤ ਨਾਲ ਅੱਗ 'ਤੇ ਕਾਬੂ ਪਾਇਆ। ਫਿਲਹਾਲ ਅੱਗ ਲੱਗਣ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ ਹੈ, ਪਰ ਇਸ ਅੱਗ ਕਾਰਨ ਫੈਕਟਰੀ 'ਚ ਪਿਆ ਲੱਖਾਂ ਦਾ ਸਾਮਾਨ ਸੜ ਕੇ ਸੁਆਹ ਹੋ ਗਿਆ ਹੈ। ਹਾਲਾਂਕਿ ਗਨਿਮਤ ਰਹੀ ਕਿ ਇਸ ਹਾਦਸੇ 'ਚ ਕਿਸੇ ਤਰ੍ਹਾਂ ਦੇ ਜਾਨੀ ਨੁਕਸਾਨ ਤੋਂ ਬਚਾਅ ਰਿਹਾ ਹੈ।

## ਪੰਜਾਬ ਵਾਸੀ ਦੇਣ ਧਿਆਨ, ਬੰਦ ਹੋ ਗਿਆ ਇਹ ਵੱਡਾ ਹਾਈਵੇਅ, ਵੱਡੀ ਗਿਣਤੀ 'ਚ ਪੁਲਸ ਫੋਰਸ ਤਾਇਨਾਤ

ਭੋਗਪੁਰ 27 ਅਪ੍ਰੈਲ। ਪੰਜਾਬ ਵਾਸੀਆਂ ਲਈ ਵੱਡੀ ਖ਼ਬਰ ਸਾਹਮਣੇ ਆਈ ਹੈ। ਕੁਝ ਜਥੇਬੰਦੀਆਂ ਵੱਲੋਂ ਜਲੰਧਰ-ਜੰਮੂ ਨੈਸ਼ਨਲ ਹਾਈਵੇਅ ਬੰਦ ਕਰ ਦਿੱਤਾ ਗਿਆ ਹੈ, ਜਿੱਥੇ ਧਰਨਾ ਪ੍ਰਦਰਸ਼ਨ ਕੀਤਾ ਜਾ ਰਿਹਾ ਹੈ। ਉਥੇ ਹੀ ਵੱਡੀ ਗਿਣਤੀ ਵਿਚ ਪੁਲਸ ਫੋਰਸ ਦੀ ਤਾਇਨਾਤੀ ਕੀਤੀ ਗਈ ਹੈ। ਦਰਅਸਲ ਵਿਧਾਨ ਸਭਾ ਹਲਕਾ ਆਦਮਪੁਰ ਅਧੀਨ ਜਲੰਧਰ ਜੰਮੂ ਨੈਸ਼ਨਲ ਹਾਈਵੇਅ 'ਤੇ ਸਥਿਤ ਭੋਗਪੁਰ ਸ਼ਹਿਰ ਅੰਦਰ ਸਹਿਕਾਰੀ ਖੰਡ ਮਿੱਲ ਵਿਚ ਸਰਕਾਰ ਵੱਲੋਂ ਲਾਏ ਜਾ ਰਹੇ ਸੀ. ਐੱਨ. ਜੀ. ਪਲਾਂਟ ਦੇ ਵਿਰੋਧ ਵਿਚ ਇਲਾਕੇ ਦੀਆਂ ਸਮਾਜਿਕ, ਰਾਜਨੀਤਕ, ਕਿਸਾਨ ਅਤੇ ਸਮਾਜ ਸੇਵੀ ਜਥੇਬੰਦੀਆਂ ਪੂਰੀ ਤਰ੍ਹਾਂ ਸਾਹਮਣੇ ਆ ਗਈ ਹਨ। ਸਹਿਕਾਰੀ ਖੰਡ ਮਿੱਲ ਭੋਗਪੁਰ ਵਿੱਚ ਲੱਗਣ ਜਾ ਰਹੇ ਬਾਓਸੀਐਨਜੀ ਗੈਸ ਪਲਾਂਟ ਦਾ ਵਿਰੋਧ ਕਰ ਰਹੀਆਂ ਕਿਸਾਨ ਜਥੇਬੰਦੀਆਂ ਅਤੇ ਸਥਾਨਕ ਮਾਰਕੀਟ ਐਸੋਸੀਏਸ਼ਨ ਭੋਗਪੁਰ ਵੱਲੋਂ ਕੀਤੇ ਜਾ ਰਹੇ ਵਿਰੋਧ ਦੇ ਚਲਦਿਆਂ ਇਨ੍ਹਾਂ ਜਥੇਬੰਦੀਆਂ ਵੱਲੋਂ ਅੱਜ ਭੋਗਪੁਰ ਵਿੱਚ ਨੈਸ਼ਨਲ ਹਾਈਵੇਅ ਜਾਮ ਕਰ ਦਿੱਤਾ ਗਿਆ ਹੈ। ਧਰਨਾ ਪ੍ਰਦਰਸ਼ਨ ਲਈ ਦਿੱਤੀ ਗਈ ਚਿਤਵਾਨੀ ਤੋਂ ਬਾਅਦ ਅੱਜ



ਜਲੰਧਰ-ਜੰਮੂ ਨੈਸ਼ਨਲ ਹਾਈਵੇਅ ਨੂੰ ਪੂਰਨ ਤੌਰ 'ਤੇ ਬੰਦ ਕਰ ਦਿੱਤਾ ਗਿਆ ਹੈ ਅਤੇ ਭਾਰੀ ਗਿਣਤੀ ਵਿੱਚ ਲੋਕ ਸਥਾਨਕ ਆਦਮਪੁਰ ਟੀ ਪਾਈ ਚੌਂਕ ਵਿੱਚ ਕੌਮੀ ਸ਼ਾਹ ਮਾਰਗ 'ਤੇ ਧਰਨਾ ਲਗਾ ਕੇ ਬੈਠ ਗਏ ਹਨ। ਪੁਲਸ ਪ੍ਰਸ਼ਾਸਨ ਵੱਲੋਂ ਐੱਸ. ਪੀ. ਸਰਬਜੀਤ ਰਾਏ ਡੀ. ਐੱਸ. ਪੀ. ਵਿਜੇ ਕਵਰਪਾਲ ਡੀ. ਐੱਸ. ਪੀ. ਮਨਜੀਤ ਸਿੰਘ ਡੀ. ਐੱਸ.ਪੀ. ਓਂਕਾਰ ਬਰਾੜ ਡੀ. ਐੱਸ. ਪੀ. ਰਸ਼ਪਾਲ ਸਿੰਘ ਐੱਸ. ਐੱਚ. ਓ. ਭੋਗਪੁਰ ਰਵਿੰਦਰ ਪਾਲ ਸਿੰਘ ਐੱਸ. ਐੱਚ. ਓ. ਆਦਮਪੁਰ ਰਮਨਦੀਪ ਅਤੇ ਹੋਰ ਭਾਰੀ ਗਿਣਤੀ ਵਿੱਚ ਪੁਲਸ ਫੋਰਸ ਇਸ ਥਾਂ 'ਤੇ ਤਾਇਨਾਤ ਕਰ ਦਿੱਤੀ ਗਈ ਹੈ। ਜਿਕਰਯੋਗ ਹੈ ਕਿ ਉਪਰੋਕਤ ਜਥੇਬੰਦੀਆਂ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਨਾਲ ਕਈ ਮੀਟਿੰਗਾਂ ਤੋਂ ਬਾਅਦ ਵੀ ਵਿਵਾਦਿਤ ਸੀ. ਐੱਨ. ਜੀ. ਪਲਾਂਟ ਵਿਚ ਚੱਲ ਰਹੀ ਉਸਾਰੀ ਨੂੰ ਪ੍ਰਸ਼ਾਸਨ ਵੱਲੋਂ ਬੰਦ ਨਾ ਕੀਤੇ ਜਾਣ ਕਾਰਨ ਸ਼ਹਿਰ ਅਤੇ ਇਲਾਕਾ ਵਾਸੀਆਂ ਵਿਚ ਪ੍ਰਸਾਸ਼ਨ ਅਤੇ ਸਰਕਾਰ ਖਿਲਾਫ਼ ਰੋਹ ਪ੍ਰਚੰਡ ਹੋ ਚੁਕਾ ਹੈ।

## ਕੱਪੜਾ ਫੈਕਟਰੀ 'ਚ ਫਟਿਆ ਬਾਇਲਰ, 5 ਔਰਤਾਂ ਸਮੇਤ 20 ਲੋਕ ਜ਼ਖ਼ਮੀ

ਨੋਇਡਾ 27 ਅਪ੍ਰੈਲ। ਸ਼ਨੀਵਾਰ ਸਵੇਰੇ ਨੋਇਡਾ ਦੀ ਇਕ ਕੱਪੜਾ ਫੈਕਟਰੀ ਵਿਚ ਦੋ ਬਾਇਲਰ ਫਟਣ ਨਾਲ 5 ਔਰਤਾਂ ਸਮੇਤ ਘੱਟੋ-ਘੱਟ 20 ਲੋਕ ਜ਼ਖਮੀ ਹੋ ਗਏ, ਜਿਨ੍ਹਾਂ 'ਚੋਂ ਕਈਆਂ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ। ਇਕ ਪੁਲਸ ਬੁਲਾਰੇ ਨੇ ਇਹ ਜਾਣਕਾਰੀ ਦਿੱਤੀ। ਬੁਲਾਰੇ ਨੇ ਦੱਸਿਆ ਕਿ ਇਹ ਘਟਨਾ ਸੈਕਟਰ-63 ਦੇ ਸੀ-122 ਵਿਖੇ ਸਥਿਤ 'ਵਿੰਡਸਰ ਕੰਪਨੀ' ਵਿਚ ਉਸ ਸਮੇਂ ਵਾਪਰੀ ਜਦੋਂ ਕੱਪੜਿਆਂ ਨੂੰ ਪ੍ਰੈੱਸ ਕਰਨ ਦਾ ਕੰਮ ਕੀਤਾ ਜਾ ਰਿਹਾ ਸੀ। ਉਨ੍ਹਾਂ ਕਿਹਾ ਕਿ ਧਮਾਕਾ ਇੰਨਾ ਜ਼ਬਰਦਸਤ ਸੀ ਕਿ ਇਮਾਰਤ ਦੇ ਸ਼ੀਸ਼ੇ ਟੁੱਟ ਗਏ ਅਤੇ ਕੰਧਾਂ 'ਚ ਤਰੇੜਾਂ ਆ ਗਈਆਂ। ਬੁਲਾਰੇ ਨੇ ਦੱਸਿਆ ਕਿ ਹਾਦਸੇ ਵਿਚ 5 ਔਰਤਾਂ ਸਮੇਤ ਘੱਟੋ-ਘੱਟ 20 ਲੋਕ ਜ਼ਖਮੀ ਹੋ ਗਏ ਹਨ ਅਤੇ ਉਨ੍ਹਾਂ ਨੂੰ ਇਕ ਨਿੱਜੀ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਹੈ। ਕਈ ਜ਼ਖਮੀਆਂ ਦੀ ਹਾਲਤ ਨਾਜ਼ੁਕ ਦੱਸੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਅਧਿਕਾਰੀ ਮੌਕੇ 'ਤੇ ਮੌਜੂਦ ਹਨ ਅਤੇ ਰਾਹਤ ਕਾਰਜ ਜਾਰੀ ਹਨ। ਬੁਲਾਰੇ ਨੇ ਕਿਹਾ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

## ਬਿਨਾਂ ਹੈਲਮੇਟ ਜਾ ਰਿਹਾ ਸੀ ਸਕੂਟਰ ਚਾਲਕ, ਪੰਜਾਬ ਪੁਲਸ ਨੇ ਪਾ ਦਿੱਤੀ ਗ੍ਰਿਫ਼ਤਾਰੀ !

ਲੁਧਿਆਣਾ 27 ਅਪ੍ਰੈਲ। ਸਥਾਨਕ ਸਮਰਾਲਾ ਚੌਕ 'ਚ ਡਿਊਟੀ 'ਤੇ ਤਾਇਨਾਤ ਟ?ਰੈਫਿਕ ਮੁਲਾਜ਼ਮਾਂ ਨੇ ਜਦੋਂ ਇਕ ਬਿਨਾਂ ਹੈਲਮੇਟ ਸਕੂਟਰ ਚਾਲਕ ਨੂੰ ਰੋਕਿਆ ਤਾਂ ਉਸ ਨੇ ਆਪਣੇ ਪਰਿਵਾਰਕ ਮੈਂਬਰ ਬੁਲਾ ਕੇ ਪੁਲਸ ਮੁਲਾਜ਼ਮਾਂ 'ਤੇ ਹਮਲਾ ਕਰ ਦਿੱਤਾ। ਹਮਲਾ ਕਰਨ ਵਾਲੇ ਵਿਅਕਤੀਆਂ ਨੂੰ ਪੁਲਸ ਮੁਲਾਜ਼ਮਾਂ ਨੇ ਆਸ-ਪਾਸ ਦੇ ਲੋਕਾਂ ਦੀ ਮਦਦ ਨਾਲ ਕਾਬੂ ਕੀਤਾ ਅਤੇ ਥਾਣਾ ਡਵੀਜ਼ਨ ਨੰ. 7 ਦੇ ਹਵਾਲੇ ਕਰ ਦਿੱਤਾ ਹੈ। ਥਾਣਾ ਡਵੀਜ਼ਨ ਨੰ. 7 ਦੀ ਪੁਲਸ ਨੇ ਕੇਸ ਦਰਜ ਕਰ ਕੇ ਪਿਓ-ਪੁੱਤ ਦੀ ਗ੍ਰਿਫ਼ਤਾਰੀ ਪਾ ਦਿੱਤੀ, ਜਦੋਂਕਿ ਤੀਜਾ ਨੌਜਵਾਨ ਜੋ ਮੌਕੇ ਤੋਂ ਫਰਾਰ ਹੋ ਗਿਆ ਸੀ, ਜਿਸ ਦੀ ਭਾਲ ਜਾਰੀ ਹੈ। ਜਾਣਕਾਰੀ ਦਿੰਦੇ ਹੋਏ ਏ. ਐੱਸ. ਆਈ. ਬਲਵਿੰਦਰ ਸਿੰਘ ਨੇ ਦੱਸਿਆ ਕਿ ਉਹ ਰੁਟੀਨ ਵਾਂਗ ਸਮਰਾਲਾ ਚੌਕ 'ਚ ਆਪਣੀ ਟ?ਰੈਫਿਕ ਡਿਊਟੀ 'ਤੇ ਸਨ ਤਾਂ ਹੋਮਗਾਰਡ ਜਵਾਨ ਅਸ਼ੋਕ ਕੁਮਾਰ ਨੇ ਇਕ ਸਕੂਟਰ ਚਾਲਕ ਜੋ ਬਿਨਾਂ ਹੈਲਮੇਟ ਦੇ ਸੀ, ਨੂੰ ਰੁਕਣ ਦਾ ਇਸ਼ਾਰਾ ਕੀਤਾ ਪਰ ਉਕਤ ਨੌਜਵਾਨ ਸੜਕ ਤੋਂ ਗੁਜ਼ਰ ਰਹੇ ਹੋਰਨਾਂ ਲੋਕਾਂ ਦੇ ਵੀ ਚਲਾਨ ਕਰਨ ਦੀ ਜ਼ਿੱਦ ਕਰਨ ਲੱਗਾ। ਇੰਨੇ 'ਚ ਉਸ ਨੇ ਫੋਨ ਕਰ ਕੇ ਆਪਣੇ ਸਾਥੀ ਬੁਲਾ ਲਏ, ਜਿਨ੍ਹਾਂ ਨੇ ਆ ਕੇ ਮੌਕੇ 'ਤੇ ਮੌਜੂਦ ਪੁਲਸ ਮੁਲਾਜ਼ਮਾਂ ਨਾਲ ਝਗੜਾ ਕਰਨਾ ਸ਼ੁਰੂ ਕਰ ਦਿੱਤਾ। ਦੇਖਦੇ ਹੀ ਦੇਖਦੇ ਉਨ੍ਹਾਂ ਲੋਕਾਂ ਨੇ ਮੌਕੇ 'ਤੇ ਪੁੱਜ ਕੇ ਲੋਕਾਂ ਨੂੰ ਸਮਝਾ ਰਹੇ ਐਮਰਜੈਂਸੀ ਰਿਸਪਾਂਸ ਸਿਸਟਮ ਜ਼ੋਨ-1 ਦੇ ਇੰਚਾਰਜ ਇੰਸ. ਗਗਨਪ੍ਰੀਤ ਸਿੰਘ 'ਤੇ ਵੀ ਹਮਲਾ ਕਰ ਦਿੱਤਾ। ਇਸ ਤੋਂ ਬਾਅਦ ਪੁਲਸ ਮੁਲਾਜ਼ਮਾਂ ਨੇ ਆਸ-ਪਾਸ ਦੇ ਲੋਕਾਂ ਦੀ ਮਦਦ ਨਾਲ ਉਨ੍ਹਾਂ 'ਤੇ ਕਾਬੂ ਪਾਇਆ ਅਤੇ ਇਸ ਦੀ ਸੂਚਨਾ ਤੁਰੰਤ ਪੁਲਸ ਕੰਟ?ਰੋਲ ਰੂਮ 'ਤੇ ਦਿੱਤੀ। ਹਮਲਾ ਕਰਨ ਵਾਲੇ ਵਿਅਕਤੀਆਂ 'ਚੋਂ 2 ਨੂੰ ਥਾਣਾ ਡਵੀਜ਼ਨ ਨੰ. 7 ਦੇ ਸਪੁਰਦ ਕਰ ਦਿੱਤਾ ਗਿਆ,



ਜਿਥੇ ਪੁਲਸ ਨੇ ਉਨ੍ਹਾਂ ਖ਼?ਲਾਫ਼ ਕੇਸ ਦਰਜ ਕੀਤਾ ਹੈ। ਮੁਲਜ਼ਮਾਂ ਦੀ ਪਛਾਣ ਇਕਬਾਲਗੰਜ ਦੇ ਰਹਿਣ ਵਾਲੇ ਹਰਸ਼ਿਤ ਸਹਿਗਲ, ਚਿਰਾਗ ਸਹਿਗਲ ਅਤੇ ਉਨ੍ਹਾਂ ਦੇ ਪਿਤਾ ਵਿਕਾਸ ਸਹਿਗਲ ਵਜੋਂ ਹੋਈ ਹੈ। ਇਨ੍ਹਾਂ 'ਚੋਂ ਚਿਰਾਗ ਸਹਿਗਲ ਮੌਕੇ ਤੋਂ ਫਰਾਰ ਹੋ ਗਿਆ, ਜਿਸ ਦੀ ਪੁਲਸ ਭਾਲ ਕਰ ਰਹੀ ਹੈ।

## ਡਿਪੂ ਆਪਰੇਟਰਾਂ ਦਾ ਵੱਡਾ ਫੈਸਲਾ, ਸੂਬੇ ਦੇ ਖਪਤਕਾਰਾਂ ਨੂੰ 1 ਮਈ ਤੋਂ ਨਹੀਂ ਦੇਣਗੇ ਰਾਸ਼ਨ

ਸ਼ਿਮਲਾ 27 ਅਪ੍ਰੈਲ। 1 ਮਈ ਤੋਂ ਸੂਬੇ ਭਰ ਦੇ ਡਿਪੂ ਆਪਰੇਟਰ ਆਪਣੇ ਇੰਟਰਨੈੱਟ ਯਾਨੀ ਮੋਬਾਈਲ ਹੌਟਸਪੌਟ ਜਾਂ ਵਾਈਫਾਈ ਨਾਲ ਪੀਓਐਸ ਮਸ਼ੀਨਾਂ ਨਹੀਂ ਚਲਾਉਣਗੇ ਅਤੇ ਨਾ ਹੀ ਰਾਸ਼ਨ ਨਹੀਂ ਦੇਣਗੇ। ਮਸ਼ੀਨਾਂ ਉਦੋਂ ਤੱਕ ਬੰਦ ਰਹਿਣਗੀਆਂ ਜਦੋਂ ਤੱਕ ਵਿਭਾਗ ਪੀਓਐਸ ਮਸ਼ੀਨਾਂ ਚਲਾਉਣ ਲਈ ਇੰਟਰਨੈਟ ਅਤੇ ਨਵਾਂ ਇੰਟਰਨੈੱਟ ਸਿਮ ਪ੍ਰਦਾਨ ਨਹੀਂ ਕਰਦਾ। ਕਮੇਟੀ ਨੇ ਸਰਕਾਰ ਤੇ ਵਿਭਾਗ ਨੂੰ 30 ਅਪ੍ਰੈਲ ਤੱਕ ਅਲਟੀਮੇਟਮ ਦਿੱਤਾ ਸੀ, ਅਲਟੀਮੇਟਮ 'ਤੇ ਸਰਕਾਰ ਅਤੇ ਵਿਭਾਗ ਨੇ ਨਾ ਤਾਂ ਕੋਈ ਕਾਰਵਾਈ ਕੀਤੀ ਅਤੇ ਨਾ ਹੀ ਕਮੇਟੀ ਨੂੰ ਗੱਲਬਾਤ ਲਈ ਬੁਲਾਇਆ। ਸਟੇਟ ਡਿਪੂ ਆਪਰੇਟਰ ਕਮੇਟੀ ਨੇ ਸਰਬਸੰਮਤੀ ਨਾਲ ਫੈਸਲਾ ਕੀਤਾ ਸੀ ਕਿ ਜੇਕਰ 30 ਅਪ੍ਰੈਲ ਤੱਕ ਡਿਪੂਆਂ 'ਤੇ ਲਗਾਈਆਂ ਗਈਆਂ ਪੀਓਐਸ ਮਸ਼ੀਨਾਂ ਵਿੱਚ ਕਨੈਕਟੀਵਿਟੀ ਬਹਾਲ ਨਹੀਂ ਕੀਤੀ ਜਾਂਦੀ, ਤਾਂ ਸੂਬੇ ਭਰ ਦੇ ਡਿਪੂ ਹੋਲਡਰ 1 ਮਈ ਤੋਂ ਆਪਣਾ ਨੈੱਟ ਦੇ ਕੇ ਮਸ਼ੀਨਾਂ ਨਹੀਂ ਚਲਾਉਣਗੇ। ਇਸ ਲਈ ਮੁੱਖ ਮੰਤਰੀ, ਸਕੱਤਰ ਖੁਰਾਕ ਸਪਲਾਈ ਵਿਭਾਗ ਅਤੇ ਡਾਇਰੈਕਟਰ ਖੁਰਾਕ ਸਪਲਾਈ ਨੂੰ ਲਿਖਤੀ ਅਲਟੀਮੇਟਮ ਵੀ ਦਿੱਤਾ ਗਿਆ ਸੀ, ਪਰ ਅਲਟੀਮੇਟਮ ਲਈ ਸਿਰਫ 4 ਦਿਨ ਬਾਕੀ ਹਨ।

### ਘਰੋਂ ਨਿਕਲਦੇ ਹੀ ਵਿਅਕਤੀ ਨੂੰ ਆ ਟੱਕਰਿਆ ਕਾਲ?

ਨੈਸ਼ਨਲ ਡੈਸਕ 27 ਅਪ੍ਰੈਲ। ਉੱਤਰ ਪ੍ਰਦੇਸ਼ ਦੇ ਪੀਲੀਭੀਤ ਤੋਂ ਇਕ ਵੱਡੀ ਖ਼ਬਰ ਪ੍ਰਾਪਤ ਹੋਈ ਹੈ, ਜਿੱਥੇ ਸ਼ਨੀਵਾਰ ਸਵੇਰੇ ਇਕ ਸਾਨ੍ਹ ਦੇ ਹਮਲੇ 'ਚ ਇਕ ਵਿਅਕਤੀ ਦੀ ਮੌਤ ਹੋ ਗਈ। ਜਾਣਕਾਰੀ ਦਿੰਦਿਆਂ ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਪੂਰਨਪੁਰ ਥਾਣਾ ਇਲਾਕੇ ਅਧੀਨ ਪੈਂਦੇ ਪਿੰਡ ਕਢੇਰ ਚੌਰਾ 'ਚ ਰਹਿਣ ਵਾਲਾ ਨੰਨ੍ਹੇ ਲਾਲ (60) ਸ਼ਨੀਵਾਰ ਸਵੇਰੇ ਆਪਣੇ ਘਰੋਂ ਨਿਕਲਿਆ ਸੀ। ਇਸ ਦੌਰਾਨ ਉਸ 'ਤੇ ਇਕ ਸਾਨ੍ਹ ਨੇ ਹਮਲਾ ਕਰ ਦਿੱਤਾ। ਗੰਭੀਰ ਰੂਪ 'ਚ ਜ਼ਖ਼ਮੀ ਹੋਏ ਵਿਅਕਤੀ ਨੂੰ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਫਿਲਹਾਲ ਲਾਸ਼ ਦਾ ਪੋਸਟਮਾਰਟਮ ਕਰਵਾਇਆ ਜਾਵੇਗਾ ਤੇ ਇਸ ਮਗਰੋਂ ਲਾਸ਼ ਨੂੰ ਪਰਿਵਾਰ ਦੇ ਹਵਾਲੇ ਕਰ ਦਿੱਤਾ ਜਾਵੇਗਾ।

## ਸੂਰਤ 'ਚ ਤਿੰਨ ਸਾਲਾਂ 'ਚ 1,866 ਲੋਕਾਂ ਨੇ ਕੀਤੀ ਖ਼ੁਦਕੁਸ਼ੀ, ਪੁਲਸ ਨੇ ਸ਼ੁਰੂ ਕੀਤਾ ਹੈਲਪਲਾਈਨ ਨੰਬਰ

ਸੂਰਤ 27 ਅਪ੍ਰੈਲ। ਗੁਜਰਾਤ ਦੇ ਸੂਰਤ ਸ਼ਹਿਰ 'ਚ ਪਿਛਲੇ ਤਿੰਨ ਸਾਲਾਂ ਵਿੱਚ 1,866 ਖ਼ੁਦਕੁਸ਼ੀਆਂ ਦੇ ਮਾਮਲੇ ਸਾਹਮਣੇ ਆਏ ਹਨ, ਜਿਨ੍ਹਾਂ 'ਚ ਘਰੇਲੂ ਝਗੜੇ ਖ਼ੁਦਕੁਸ਼ੀਆਂ ਦਾ ਸਭ ਤੋਂ ਵੱਡਾ ਕਾਰਨ ਬਣ ਕੇ ਸਾਹਮਣੇ ਆਏ ਹਨ। ਪੁਲਿਸ ਨੇ ਮੰਗਲਵਾਰ ਨੂੰ ਇਹ ਜਾਣਕਾਰੀ ਦਿੱਤੀ। ਲੰਬੇ ਸਮੇਂ ਦੀ ਬਿਮਾਰੀ ਅਤੇ ਵਿੱਤੀ ਸੰਕਟ ਤੋਂ ਪੀੜਤ ਹੋਣਾ ਵੀ ਖ਼ੁਦਕੁਸ਼ੀ ਦੇ ਹੋਰ ਵੱਡੇ ਕਾਰਨ ਸਨ। ਗੁਜਰਾਤ ਦੇ ਹੀਰਾ ਸ਼ਹਿਰ 'ਚ ਖ਼ੁਦਕੁਸ਼ੀ ਦੇ ਵਧ ਰਹੇ ਮਾਮਲਿਆਂ ਤੋਂ ਚਿੰਤਤ ਪੁਲਸ ਨੇ ਦੁਖੀ ਲੋਕਾਂ ਨੂੰ ਸਲਾਹ ਦੇਣ ਅਤੇ ਉਨ੍ਹਾਂ ਨੂੰ ਖ਼ੁਦਕੁਸ਼ੀ ਕਰਨ ਤੋਂ ਰੋਕਣ ਲਈ ਭਾਵਨਾਤਮਕ ਸਹਾਇਤਾ ਪ੍ਰਦਾਨ ਕਰਨ ਲਈ ਦੋ ਸਮਰਪਿਤ ਹੈਲਪਲਾਈਨਾਂ ਸ਼ੁਰੂ ਕੀਤੀਆਂ ਹਨ। ਸਰਵੇਖਣ ਤੋਂ ਪਤਾ ਲੱਗਾ ਹੈ ਕਿ ਖ਼ੁਦਕੁਸ਼ੀ ਦੇ ਜ਼ਿਆਦਾਤਰ ਮਾਮਲੇ ਉਨ੍ਹਾਂ ਖੇਤਰਾਂ 'ਚ ਸਾਹਮਣੇ ਆਏ ਹਨ, ਜਿੱਥੇ ਫੈਕਟਰੀ ਮਜ਼ਦੂਰਾਂ ਦੀ ਗਿਣਤੀ ਸਭ ਤੋਂ ਵੱਧ ਸੀ। ਸੂਰਤ ਦੇ ਪੁਲਸ ਕਮਿਸ਼ਨਰ ਅਨੁਪਮ ਸਿੰਘ ਗਹਿਲੋਤ ਨੇ ਕਿਹਾ, ÷ਲਗਭਗ ਤਿੰਨ ਮਹੀਨੇ ਪਹਿਲਾਂ ਦੋ ਡਿਪਟੀ ਕਮਿਸ਼ਨਰਾਂ ਦੀ ਅਗਵਾਈ ਹੇਠ ਬਣਾਈ ਗਈ ਇੱਕ ਕਮੇਟੀ ਨੇ ਪਿਛਲੇ ਤਿੰਨ ਸਾਲਾਂ (2022 ਤੋਂ 2024) ਵਿੱਚ ਸ਼ਹਿਰ ਵਿੱਚ ਦਰਜ 1,866 ਖ਼ੁਦਕੁਸ਼ੀ ਦੇ ਮਾਮਲਿਆਂ ਦਾ ਅਧਿਐਨ ਕੀਤਾ ਸੀ ਤਾਂ ਜੋ ਖ਼ੁਦਕੁਸ਼ੀਆਂ ਨੂੰ ਰੋਕਣ ਲਈ ਉਪਾਅ ਸੁਝਾਏ ਜਾ ਸਕਣ।÷ ਕਮੇਟੀ ਨੇ ਕਈ ਕਾਰਨਾਂ ਦੀ ਸੂਚੀ ਦਿੱਤੀ ਹੈ, ਜਿਨ੍ਹਾਂ ਨੇ ਲੋਕਾਂ ਨੂੰ ਇਹ ਕਦਮ ਚੁੱਕਣ ਲਈ ਪ੍ਰੇਰਿਤ ਕੀਤਾ÷ । ਉਨ੍ਹਾਂ ਕਿਹਾ ਕਿ 452 ਮਾਮਲੇ ਜਾਂ 24 ਪ੍ਰਤੀਸ਼ਤ



ਲੋਕਾਂ ਨੇ ਪੁਰਾਣੀ ਬਿਮਾਰੀ ਕਾਰਨ ਖ਼ੁਦਕੁਸ਼ੀ ਕੀਤੀ, ਜੋ ਕਿ ਦੂਜਾ ਸਭ ਤੋਂ ਵੱਡਾ ਕਾਰਨ ਬਣ ਕੇ ਉਭਰਿਆ। ਅਧਿਐਨ ਦੇ ਅਨੁਸਾਰ ਵਿੱਤੀ ਸੰਕਟ ਅਤੇ ਕਰਜ਼ਾ, ਪ੍ਰੇਮ ਸਬੰਧਾਂ ਵਿੱਚ ਸਮੱਸਿਆਵਾਂ, ਉਦਾਸੀ, ਵਿਦਿਅਕ ਜਾਂ ਕਰੀਅਰ ਵਿੱਚ ਅਸਫਲਤਾ ਅਤੇ ਨੌਕਰੀ ਗੁਆਉਣ ਵਰਗੇ ਕਾਰਨ ਲੋਕਾਂ ਨੂੰ ਖ਼ੁਦਕੁਸ਼ੀ ਕਰਨ ਲਈ ਮਜਬੂਰ ਕਰਦੇ ਹਨ। ਅਧਿਕਾਰੀ ਨੇ ਕਿਹਾ ਕਿ ÷ਖ਼ੁਦਕੁਸ਼ੀ ਦੇ ਵਧਦੇ ਮਾਮਲਿਆਂ ਨੂੰ ਰੋਕਣ ਲਈ, ਪੁਲਿਸ ਨੇ ਤਿੰਨ ਹੈਲਪਲਾਈਨ ਨੰਬਰ ਸ਼ੁਰੂ ਕੀਤੇ ਹਨ, ਜੋ ਮੰਗਲਵਾਰ ਤੋਂ 24 ਘੰਟੇ ਕੰਮ ਕਰਨਗੇ। ਹੈਲਪਲਾਈਨ ਨੰਬਰਾਂ 'ਤੇ ਦੋ ਪੁਲਿਸ ਕਰਮਚਾਰੀ ਅਤੇ ਇੱਕ ਕੌਂਸਲਰ ਮੌਜੂਦ ਰਹਿਣਗੇ।÷ ਉਨ੍ਹਾਂ ਕਿਹਾ ਕਿ ਕੋਈ ਵੀ ਵਿਅਕਤੀ ਜੋ ਪ੍ਰੇਸ਼ਾਨੀ ਵਿੱਚ ਹੈ ਜਾਂ ਖ਼ੁਦਕੁਸ਼ੀ ਨੂੰ ਰੋਕਣ ਲਈ 100 (ਪੁਲਸ ਸਹਾਇਤਾ ਲਈ ਨਿਯਮਤ ਨੰਬਰ) 'ਤੇ ਡਾਇਲ ਕਰ ਸਕਦਾ ਹੈ ਜਾਂ ਇਸ ਉਦੇਸ਼ ਲਈ ਸ਼ੁਰੂ ਕੀਤੇ ਗਏ ਦੋ ਹੋਰ ਹੈਲਪਲਾਈਨ ਨੰਬਰਾਂ ਦੀ ਵਰਤੋਂ ਕਰ ਸਕਦਾ ਹੈ।

### ਚਾਕੂ ਮਾਰ-ਮਾਰ ਕਰ'ਤਾ ਨੌਜਵਾਨ ਦਾ ਕਤਲ

ਨਵੀਂ ਦਿੱਲੀ 27 ਅਪ੍ਰੈਲ। ਉੱਤਰ-ਪੂਰਬੀ ਦਿੱਲੀ ਤੋਂ ਇਕ ਬੇਹੱਦ ਸਨਸਨੀਖੇਜ਼ ਖ਼ਬਰ ਸਾਹਮਣੇ ਆਈ ਹੈ, ਜਿੱਥੇ ਇਕ 28 ਸਾਲਾ ਨੌਜਵਾਨ ਦਾ ਚਾਕੂ ਮਾਰ-ਮਾਰ ਕੇ ਕਤਲ ਕਰ ਦਿੱਤਾ ਗਿਆ ਹੈ। ਮ੍ਰਿਤਕ ਦੀ ਪਛਾਣ ਸੁਭਾਸ਼ ਮੁਹੱਲੇ ਦੇ ਰਹਿਣ ਵਾਲੇ ਸ਼ਾਕਿਰ ਵਜੋਂ ਹੋਈ ਹੈ। ਜਾਣਕਾਰੀ ਦਿੰਦੇ ਹੋਏ ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਉਨ੍ਹਾਂ ਨੂੰ ਸ਼ੁੱਕਰਵਾਰ ਰਾਤੀਂ ਕਰੀਬ 9.30 ਵਜੇ ਸੂਚਨਾ ਮਿਲੀ ਸੀ ਕਿ ਸ਼ਾਕਿਰ ਨਾਂ ਦਾ ਇਕ ਵਿਅਕਤੀ ਜ਼ਖ਼ਮੀ ਹਾਲਤ 'ਚ ਖ਼ੂਨ ਨਾਲ ਲਥਪਥ ਸੜਕ ਕੰਢੇ ਪਿਆ ਹੈ। ਸੂਚਨਾ ਮਿਲਦਿਆਂ ਹੀ ਪੁਲਸ ਟੀਮ ਮੌਕੇ 'ਤੇ ਪਹੁੰਚੀ ਤਾਂ ਉਨ੍ਹਾਂ ਨੂੰ ਪਤਾ ਲੱਗਾ ਕਿ ਨੌਜਵਾਨ ਨੂੰ ਹਸਪਤਾਲ ਪਹੁੰਚਾ ਦਿੱਤਾ ਗਿਆ ਹੈ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਹੈ। ਡਾਕਟਰਾਂ ਨੇ ਦੱਸਿਆ ਕਿ ਨੌਜਵਾਨ ਦੀ ਮੌਤ ਚਾਕੂ ਨਾਲ ਹਮਲੇ ਕਾਰਨ ਹੋਈ ਹੈ। ਫਿਲਹਾਲ ਪੁਲਸ ਨੇ ਕਤਲ ਦਾ ਮਾਮਲਾ ਦਰਜ ਕਰ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ ਤੇ ਮੁਲਜ਼ਮ ਦੀ ਪਛਾਣ ਕਰਨ ਤੇ ਉਸ ਨੂੰ ਕਾਬੂ ਕਰਨ ਲਈ ਇਕ ਟੀਮ ਦਾ ਗਠਨ ਕੀਤਾ ਗਿਆ ਹੈ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

## ਮੰਦਰ 'ਚ ਲੱਗੀ ਭਿਆਨਕ ਅੱਗ, ਜ਼ਿੰਦਾ ਸੜਿਆ 65 ਸਾਲਾ ਪੁਜਾਰੀ

ਨੈਸ਼ਨਲ ਡੈਸਕ 27 ਅਪ੍ਰੈਲ। ਰਾਸ਼ਟਰੀ ਰਾਜਧਾਨੀ ਦੇ ਰੋਹਿਣੀ ਖੇਤਰ ਵਿੱਚ ਸਥਿਤ ਇੱਕ ਮੰਦਰ ਵਿੱਚ ਸ਼ਨੀਵਾਰ ਨੂੰ ਅੱਗ ਲੱਗ ਗਈ। ਇਸ ਹਾਦਸੇ ਵਿੱਚ ਮੰਦਰ ਦਾ ਪੁਜਾਰੀ ਸੜ ਗਿਆ। ਪੁਲਸ ਨੇ ਇਹ ਜਾਣਕਾਰੀ ਦਿੱਤੀ। ਪੁਲਸ ਨੇ ਦੱਸਿਆ ਕਿ ਪੀੜਤ ਦੀ ਪਛਾਣ ਪੰਡਿਤ ਬਨਵਾਰੀ



ਲਾਲ ਸ਼ਰਮਾ (65) ਵਜੋਂ ਹੋਈ ਹੈ। ਇਸ ਵਿੱਚ ਕਿਹਾ ਗਿਆ ਹੈ ਕਿ ਬਨਵਾਰੀ ਲਾਲ ਸ਼ਰਮਾ ਇਮਾਰਤ ਦੇ ਅੰਦਰ ਫਸਿਆ ਹੋਇਆ ਪਾਇਆ ਗਿਆ ਅਤੇ ਬਾਅਦ ਵਿੱਚ ਉਸਦੀ ਮੌਤ ਹੋ ਗਈ। ਪੁਲਸ ਨੇ ਦੱਸਿਆ ਕਿ ਸ਼ਨੀਵਾਰ ਨੂੰ ਪ੍ਰੇਮ ਨਗਰ ਪੁਲਸ ਸਟੇਸ਼ਨ ਨੂੰ ਸੂਰਜ ਮੰਦਰ ਵਿੱਚ ਅੱਗ ਲੱਗਣ ਦੀ ਸੂਚਨਾ ਮਿਲੀ। ਇਸ ਵਿੱਚ ਕਿਹਾ ਗਿਆ ਹੈ ਕਿ ਫਾਇਰ ਬ੍ਰਿਗੇਡ ਦੇ ਨਾਲ ਇੱਕ ਪੁਲਸ ਟੀਮ ਮੌਕੇ 'ਤੇ ਪਹੁੰਚੀ ਅਤੇ ਫਾਇਰਫਾਈਟਰਾਂ ਨੇ ਅੱਗ 'ਤੇ ਕਾਬੂ ਪਾ ਲਿਆ ਪਰ ਸ਼ਰਮਾ ਅੰਦਰ ਬੇਹੋਸ਼ ਪਾਇਆ ਗਿਆ। ਪੁਲਸ ਨੇ ਦੱਸਿਆ ਕਿ ਉਸਨੂੰ ਤੁਰੰਤ ਸੰਜੇ ਗਾਂਧੀ ਮੈਮੋਰੀਅਲ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸਨੂੰ ਮ੍ਰਿਤਕ ਐਲਾਨ ਦਿੱਤਾ। ਪੁਲਸ ਦੇ ਅਨੁਸਾਰ, ਮੁੱਢਲੀ ਜਾਂਚ ਤੋਂ ਪਤਾ ਚੱਲਦਾ ਹੈ ਕਿ ਅੱਗ ਕਮਰੇ ਦੇ ਅੰਦਰ ਚੱਲ ਰਹੇ ਹੀਟਰ ਕਾਰਨ ਲੱਗੀ ਸੀ।

# ਵਿਜੀਲੈਂਸ ਬਿਊਰੋ ਦੀ ਵੱਡੀ ਕਾਰਵਾਈ, ਰਿਸ਼ਵਤ ਲੈਣ ਦੇ ਦੋਸ਼ 'ਚ ਸਹਾਇਕ ਕਿਰਤ ਕਮਿਸ਼ਨਰ ਗ੍ਰਿਫ਼ਤਾਰ

ਚੰਡੀਗੜ੍ਹ/ਹੁਸ਼ਿਆਰਪੁਰ 27 ਅਪ੍ਰੈਲ। ਪੰਜਾਬ ਵਿਜੀਲੈਂਸ ਬਿਊਰੋ ਨੇ ਆਪਣੀ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਤਹਿਤ ਪਿਛਲੇ ਤਿੰਨ ਮਹੀਨਿਆਂ ਤੋਂ ਭਗੌੜੇ ਹਰਪ੍ਰੀਤ ਸਿੰਘ, ਪੀ. ਸੀ. ਐੱਸ, ਸਹਾਇਕ ਕਿਰਤ ਕਮਿਸ਼ਨਰ ਹੁਸ਼ਿਆਰਪੁਰ ਨੂੰ 30,000 ਰੁਪਏ ਰਿਸ਼ਵਤ ਮੰਗਣ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਹੈ। ਇਸ ਕੇਸ ਵਿੱਚ ਉਸ ਦੇ ਦਫ਼ਤਰ ਵਿੱਚ ਤਾਇਨਾਤ ਮਹਿਲਾ ਕੰਪਿਊਟਰ ਆਪਰੇਟਰ ਅਲਕਾ ਸ਼ਰਮਾ ਨੂੰ ਪਹਿਲਾਂ ਹੀ ਸਹਾਇਕ ਕਿਰਤ ਕਮਿਸ਼ਨਰ ਦੇ ਨਾਂ 'ਤੇ 30,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ। ਵਿਜੀਲੈਂਸ ਬਿਊਰੋ ਨੇ ਹਰਪ੍ਰੀਤ ਸਿੰਘ ਵੱਲੋਂ ਸਥਾਨਕ ਅਦਾਲਤ ਵਿੱਚ ਆਤਮ ਸਮਰਪਣ ਕਰਨ ਤੋਂ ਬਾਅਦ ਗ੍ਰਿਫ਼ਤਾਰ ਕਰ ਲਿਆ ਕਿਉਂਕਿ ਉਸ ਦੀ ਜ਼ਮਾਨਤ ਸਬੰਧੀ ਅਰਜ਼ੀ ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ ਖਾਰਜ ਕਰ ਦਿੱਤੀ ਗਈ ਸੀ। ਹੁਸ਼ਿਆਰਪੁਰ ਅਦਾਲਤ ਨੇ ਅਗਲੇਰੀ ਜਾਂਚ ਲਈ ਅੱਜ ਵਿਜੀਲੈਂਸ ਬਿਊਰੋ ਨੂੰ ਇਕ ਦਿਨ ਦਾ ਪੁਲਸ ਰਿਮਾਂਡ ਦੇ ਦਿੱਤਾ ਹੈ। ਇਹ ਖੁਲਾਸਾ ਕਰਦਿਆਂ ਅੱਜ ਇਥੇ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਇਹ ਮੁਕੱਦਮਾ ਹੁਸ਼ਿਆਰਪੁਰ ਦੇ ਕਸ਼ਮੀਰੀ ਬਾਜ਼ਾਰ ਵਿੱਚ ਇਕ ਦੁਕਾਨਦਾਰ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ 'ਤੇ ਦਰਜ ਕੀਤਾ ਗਿਆ ਹੈ। ਬੁਲਾਰੇ ਨੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਨੂੰ ਦੱਸਿਆ ਸੀ ਕਿ ਉਸ ਦੀ ਇਕ



ਗਹਿਣਿਆਂ ਦੀ ਦੁਕਾਨ ਹੈ, ਜਿਸ ਦੀ ਉਸ ਨੇ ਹਾਲ ਹੀ ਵਿੱਚ ਮੁਰੰਮਤ ਕਰਵਾਈ ਸੀ। ਬਾਅਦ ਵਿੱਚ ਉਸ ਨੂੰ ਸਹਾਇਕ ਕਿਰਤ ਕਮਿਸ਼ਨਰ, ਹੁਸ਼ਿਆਰਪੁਰ ਦੇ ਦਫ਼ਤਰ ਤੋਂ ਇਕ ਨੋਟਿਸ ਮਿਲਿਆ। ਜਦੋਂ ਉਹ ਸਬੰਧਤ ਦਫ਼ਤਰ ਗਿਆ ਤਾਂ ਉੱਥੇ ਮੌਜੂਦ ਕੰਪਿਊਟਰ ਆਪਰੇਟਰ ਅਲਕਾ ਸ਼ਰਮਾ ਨੇ ਉਸ ਨੂੰ ਦੱਸਿਆ ਕਿ ਇਸ ਮਾਮਲੇ ਵਿੱਚ ਉਸ ਨੂੰ ਭਾਰੀ ਜੁਰਮਾਨਾ ਭਰਨਾ ਪਵੇਗਾ ਪਰ ਉਹ ਆਪਣੇ ਉੱਚ ਅਧਿਕਾਰੀ ਹਰਪ੍ਰੀਤ ਸਿੰਘ, ਸਹਾਇਕ ਕਿਰਤ ਕਮਿਸ਼ਨਰ ਨਾਲ ਇਸ ਬਾਰੇ ਗੱਲਬਾਤ ਕਰਕੇ ਮਾਮਲੇ ਨੂੰ ਰਫ਼ਾ-ਦਫ਼ਾ ਕਰਵਾਉਣ ਵਿੱਚ ਮਦਦ ਕਰ ਸਕਦੀ ਹੈ। ਬੁਲਾਰੇ ਨੇ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਦੱਸਿਆ ਕਿ ਅਲਕਾ ਸ਼ਰਮਾ ਉਸ ਤੋਂ ਨੋਟਿਸ ਫੜਕੇ ਹਰਪ੍ਰੀਤ ਸਿੰਘ ਦੇ ਦਫ਼ਤਰ ਵਿੱਚ ਚਲੀ ਗਈ। ਥੋੜ੍ਹੀ ਦੇਰ ਬਾਅਦ, ਉਸਨੇ ਸ਼ਿਕਾਇਤਕਰਤਾ ਨੂੰ ਵੀ ਦਫ਼ਤਰ ਵਿੱਚ ਬੁਲਾ ਲਿਆ, ਜਿੱਥੇ ਹਰਪ੍ਰੀਤ ਸਿੰਘ, ਪੀਸੀਐਸ ਨੇ ਨੋਟਿਸ ਖਾਰਜ ਕਰਨ ਦੇ ਬਦਲੇ 30,000 ਰੁਪਏ ਰਿਸ਼ਵਤ ਮੰਗੀ। ਸ਼ਿਕਾਇਤਕਰਤਾ ਨੇ ਮੌਕੇ 'ਤੇ ਰਿਸ਼ਵਤ ਦੀ ਮੰਗ ਨਾਲ ਸਬੰਧਤ ਗੱਲਬਾਤ ਰਿਕਾਰਡ ਕਰ ਲਈ ਅਤੇ ਇਸ ਨੂੰ ਬਿਊਰੋ ਨੂੰ ਸਬੂਤ ਵਜੋਂ ਪੇਸ਼ ਕਰ ਦਿੱਤਾ। ਬੁਲਾਰੇ ਨੇ ਅੱਗੇ ਕਿਹਾ ਕਿ ਇਸ ਸ਼ਿਕਾਇਤ ਦੀ ਮੁੱਢਲੀ ਤਸਦੀਕ ਤੋਂ ਬਾਅਦ, ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾਇਆ ਜਿਸ ਦੌਰਾਨ ਉਕਤ ਮੁਲਜ਼ਮ ਅਲਕਾ ਸ਼ਰਮਾ, ਕੰਪਿਊਟਰ ਆਪਰੇਟਰ, ਨੂੰ ਦੋ ਸਰਕਾਰੀ ਗਵਾਹਾਂ ਦੀ ਮੌਜੂਦਗੀ ਵਿੱਚ ਸ਼ਿਕਾਇਤਕਰਤਾ ਤੋਂ 30000 ਰੁਪਏ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਗ੍ਰਿਫ਼ਤਾਰ ਕਰ ਲਿਆ ਸੀ ਪਰ ਹਰਪ੍ਰੀਤ ਸਿੰਘ, ਪੀ. ਸੀ. ਐੱਸ. , ਦਫ਼ਤਰ ਛੱਡ ਕੇ ਬਚ ਨਿਕਲਿਆ। ਇਸ ਸਬੰਧ ਵਿੱਚ ਬਿਊਰੋ ਦੇ ਜਲੰਧਰ ਰੇਂਜ ਪੁਲਿਸ ਥਾਣੇ ਵਿੱਚ ਦੋਵਾਂ ਮੁਲਜ਼ਮਾਂ ਵਿਰੁੱਧ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਕੇਸ ਦਰਜ ਕੀਤਾ ਗਿਆ। ਇਸ ਤੋਂ ਬਾਅਦ ਵਿਜੀਲੈਂਸ ਬਿਊਰੋ ਦੀਆਂ ਟੀਮਾਂ ਹੁਸ਼ਿਆਰਪੁਰ ਦੇ ਸਹਾਇਕ ਲੇਬਰ ਕਮਿਸ਼ਨਰ ਹਰਪ੍ਰੀਤ ਸਿੰਘ ਨੂੰ ਫੜਨ ਲਈ ਵੱਖ-ਵੱਖ ਥਾਵਾਂ 'ਤੇ ਛਾਪੇਮਾਰੀ ਕਰਦੀਆਂ ਰਹੀਆਂ। ਬੁਲਾਰੇ ਨੇ ਦੱਸਿਆ ਕਿ ਇਸ ਮਾਮਲੇ ਵਿੱਚ ਦੂਜੀ ਮੁਲਜ਼ਮ ਅਲਕਾ ਸ਼ਰਮਾ ਅਜੇ ਵੀ ਜੇਲ੍ਹ ਵਿੱਚ ਹੈ ਕਿਉਂਕਿ ਅਦਾਲਤ ਨੇ ਉਸ ਨੂੰ ਜ਼ਮਾਨਤ ਨਹੀਂ ਦਿੱਤੀ। ਇਸ ਮੁਕੱਦਮੇ ਦੀ ਅਗਲੀ ਜਾਂਚ ਜਾਰੀ ਹੈ।

## ਨਹਿਰ 'ਚ ਛਾਲ ਮਾਰ ਵਿਅਕਤੀ ਨੇ ਕੀਤੀ ਖ਼ੁਦਕੁਸ਼ੀ, 4 ਬੱਚਿਆਂ ਦੇ ਸਿਰੋਂ ਉੱਠਿਆ ਪਿਓ ਦਾ ਸਾਇਆ

ਫਾਜ਼ਿਲਕਾ 27 ਅਪ੍ਰੈਲ। ਫਾਜ਼ਿਲਕਾ ਦੇ ਪਿੰਡ ਬੁਰਜ ਹਨੂੰਮਾਨਗੜ੍ਹ ਦੇ ਰਹਿਣ ਵਾਲੇ ਇਕ ਵਿਅਕਤੀ ਵੱਲੋਂ ਗੰਗ ਕਨਾਲ ਨਹਿਰ ਵਿੱਚ ਛਾਲ ਮਾਰ ਕੇ ਖ਼ੁਦਕੁਸ਼ੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਦੱਸਿਆ ਜਾ ਰਿਹਾ ਹੈ ਕਿ ਮ੍ਰਿਤਕ ਟੈਕਸੀ ਡਰਾਈਵਰ ਸੀ। ਉਸ ਦੀ ਕਾਰ ਦੋ ਮਹੀਨੇ ਪਹਿਲਾਂ ਫਰੀਦਕੋਟ ਨੇੜੇ ਸੜਕ ਹਾਦਸੇ ਦਾ ਸ਼ਿਕਾਰ ਹੋ ਗਈ ਸੀ। ਇਸ ਮਾਮਲੇ ਵਿੱਚ ਉਸ ਵਿਰੁੱਧ ਮਾਮਲਾ ਦਰਜ ਕੀਤਾ ਗਿਆ ਸੀ। ਇਸ ਤੋਂ ਪ੍ਰੇਸ਼ਾਨ ਹੋ ਕੇ ਉਕਤ ਵਿਅਕਤੀ ਨੇ ਨਹਿਰ ਵਿੱਚ ਛਾਲ ਮਾਰ ਕੇ ਖ਼ੁਦਕੁਸ਼ੀ ਕਰ ਲਈ। ਫਿਲਹਾਲ ਮਾਮਲਾ ਪੁਲਸ ਕੋਲ ਪਹੁੰਚ ਗਿਆ ਹੈ ਅਤੇ ਪੁਲਸ ਮਾਮਲੇ ਦੀ ਜਾਂਚ ਕਰ ਰਹੀ ਹੈ। ਜਾਣਕਾਰੀ ਦਿੰਦੇ ਹੋਏ ਹਰਜੀਤ ਸਿੰਘ ਨੇ ਦੱਸਿਆ ਕਿ ਉਸ ਦੇ ਮਾਮਾ ਬਲਵਿੰਦਰ ਸਿੰਘ (45 ਸਾਲ) ਟੈਕਸੀ ਡਰਾਈਵਰ ਦਾ ਕੰਮ ਕਰਦੇ



ਸਨ। ਇਸ ਦੌਰਾਨ ਫਰੀਦਕੋਟ ਨੇੜੇ ਇਕ ਵਿਅਕਤੀ ਦੀ ਟੈਕਸੀ ਨਾਲ ਹੋਏ ਸੜਕ ਹਾਦਸੇ ਵਿੱਚ ਮੌਤ ਹੋ ਗਈ ਅਤੇ ਪੁਲਸ ਵੱਲੋਂ ਉਸ ਵਿਰੁੱਧ ਮਾਮਲਾ ਦਰਜ ਕੀਤਾ ਗਿਆ। ਜਿਸ ਤੋਂ ਬਾਅਦ ਉਹ ਪਰੇਸ਼ਾਨ ਸੀ ਅਤੇ ਮੰਗਲਵਾਰ ਸਵੇਰੇ ਉਸ ਨੇ ਪਿੰਡ ਬੁਰਜ ਹਨੂੰਮਾਨਗੜ੍ਹ ਨੇੜੇ ਨਹਿਰ ਵਿੱਚ ਛਾਲ ਮਾਰ ਕੇ ਖ਼ੁਦਕੁਸ਼ੀ ਕਰ ਲਈ। ਉਸ ਦੀ ਲਾਸ਼ ਅੱਜ ਨਹਿਰ ਵਿੱਚੋਂ ਬਰਾਮਦ ਕੀਤੀ ਗਈ। ਹਰਜੀਤ ਸਿੰਘ ਦਾ ਕਹਿਣਾ ਹੈ ਕਿ ਮ੍ਰਿਤਕ ਚਾਰ ਬੱਚਿਆਂ ਦਾ ਪਿਤਾ ਸੀ। ਉਸ ਦੀ ਲਾਸ਼ ਹੁਣ ਪੋਸਟਮਾਰਟਮ ਲਈ ਫਾਜ਼ਿਲਕਾ ਦੇ ਸਰਕਾਰੀ ਹਸਪਤਾਲ ਦੇ ਮੁਰਦਾਘਰ ਵਿੱਚ ਰੱਖੀ ਗਈ ਹੈ। ਹਾਲਾਂਕਿ ਪਰਿਵਾਰ ਇਸ ਮਾਮਲੇ ਵਿੱਚ ਇਨਸਾਫ਼ ਦੀ ਮੰਗ ਕਰ ਰਿਹਾ ਹੈ। ਦੂਜੇ ਪਾਸੇ ਅਰਨੀਵਾਲਾ ਥਾਣੇ ਦੇ ਐੱਸ. ਐੱਚ. ਓ. ਅੰਗਰੇਜ਼ ਕੁਮਾਰ ਨੇ ਕਿਹਾ ਕਿ ਮਾਮਲਾ ਉਨ੍ਹਾਂ ਦੇ ਧਿਆਨ ਵਿੱਚ ਆਇਆ ਹੈ ਅਤੇ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪਰਿਵਾਰਕ ਮੈਂਬਰਾਂ ਦੇ ਬਿਆਨਾਂ ਦੇ ਆਧਾਰ 'ਤੇ ਢੁੱਕਵੀਂ ਕਾਰਵਾਈ ਕੀਤੀ ਜਾਵੇਗੀ।

### ਬੈਂਕ ਦੇ ਮੈਨੇਜਰ ਨਾਲ ਹੋ ਗਈ ਲੁੱਟ

ਮੁੱਲਾਂਪੁਰ ਦਾਖਾ 27 ਅਪ੍ਰੈਲ। ਲੁਧਿਆਣਾ-ਮੁੱਲਾਂਪੁਰ ਨੈਸ਼ਨਲ ਹਾਈਵੇਅ 'ਤੇ ਬੱਦੋਵਾਲ ਨੇੜੇ ਇਕ ਬੈਂਕ ਮੈਨੇਜਰ ਤੋਂ ਅਣਪਛਾਤੇ ਮੋਟਰਸਾਈਕਲ ਸਵਾਰ ਲੁਟੇਰਿਆਂ ਨੇ ਉਸ ਦਾ ਮੋਬਾਈਲ ਅਤੇ ਪਰਸ ਖੋਹ ਲਿਆ, ਜਿਸ ਵਿਚ ਨਕਦੀ ਸੀ। ਥਾਣਾ ਦਾਖਾ ਦੀ ਪੁਲਸ ਮਾਮਲੇ ਦੀ ਪੜਤਾਲ ਕਰ ਰਹੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਏਅਰਫੋਰਸ ਹਲਵਾਰਾ ਵਿਖੇ ਸਥਿਤ ਬੈਂਕ ਮੈਨੇਜਰ ਅਮਿਤ ਕੁਮਾਰ ਵਾਸੀ ਅਕਾਲਗੜ੍ਹ ਥਾਣਾ ਸੁਧਾਰ ਆਪਣੇ ਐਕਟਿਵਾ 'ਤੇ ਲੁਧਿਆਣਾ ਤੋਂ ਹਲਵਾਰਾ ਜਾ ਰਿਹਾ ਸੀ ਤਾਂ ਬੱਦੋਵਾਲ ਨੇੜੇ ਉਸ ਨੂੰ ਮੋਬਾਇਲ ਤੇ ਕਾਲ ਆ ਗਈ ਤਾਂ ਉਹ ਮੋਬਾਇਲ ਖੜ ਕੇ ਸੁਣਨ ਲੱਗਾ ਤਾਂ ਮੌਕੇ ਤੇ ਪੁੱਜੇ ਲੁਟੇਰਿਆਂ ਨੇ ਪਹਿਲਾਂ ਉਸ ਦਾ ਮੋਬਾਇਲ ਝਪਟ ਮਾਰ ਕੇ ਖੋਹ ਲਿਆ ਅਤੇ ਫਿਰ ਉਸ ਦਾ ਜਬਰੀ ਪਰਸ ਖੋਹ ਕੇ ਭੱਜ ਗਏ।

### ਪੰਜਾਬ 'ਚ ਨੈਸ਼ਨਲ ਹਾਈਵੇਅ ਜਾਮ !


ਲੁਧਿਆਣਾ 27 ਅਪ੍ਰੈਲ। ਲੁਧਿਆਣਾ-ਜਲੰਧਰ ਨੈਸ਼ਨਲ ਹਾਈਵੇਅ 'ਤੇ ਲੰਬਾ ਜਾਮ ਲੱਗ ਗਿਆ ਹੈ। ਦੋਵੇਂ ਪਾਸਿਓਂ ਵਾਹਨਾਂ ਦੀਆਂ ਲੰਬੀਆਂ ਲਾਈਨਾਂ ਲੱਗ ਗਈਆਂ ਹਨ, ਜਿਸ ਕਾਰਨ ਲੋਕਾਂ ਨੂੰ ਕਾਫ਼ੀ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜਾਣਕਾਰੀ ਮੁਤਾਬਕ ਸ਼ਿਵਪੁਰੀ ਚੌਕ ਨੇੜੇ ਕੋਈ ਵੱਡਾ ਹਾਦਸਾ ਵਾਪਰਿਆ ਹੈ, ਜਿਸ ਕਾਰਨ ਇਹ ਟ?ਰੈਫ਼?ਕ ਸਮੱਸਿਆ ਆਈ ਹੈ। ਇਸ ਹਾਦਸੇ ਕਾਰਨ ਲੁਧਿਆਣਾ ਤੋਂ ਜਲੰਧਰ ਨੂੰ ਜਾਂਦੇ ਨੈਸ਼ਨਲ ਹਾਈਵੇਅ 'ਤੇ ਲੰਬਾ ਜਾਮ ਲੱਗ ਗਿਆ ਹੈ। ਇਕ ਪਾਸੇ ਵਾਹਨਾਂ ਦੀਆਂ ਲੰਬੀਆਂ ਲਾਈਨਾਂ ਲੱਗਣ ਕਾਰਨ ਕੁਝ ਵਾਹਨ ਚਾਲਕ ਰੋਂਗ ਸਾਈਡ ਵੱਲੋਂ ਗੱਡੀਆਂ ਲਿਜਾਣ ਲੱਗ ਪਏ, ਜਿਸ ਕਾਰਨ ਦੋਵੇਂ ਪਾਸੇ ਲੰਬਾ ਜਾਮ ਲੱਗ ਗਿਆ ਹੈ।

## ਵਾਹਨ ਚਾਲਕਾਂ ਲਈ ਖਤਰੇ ਦੀ ਘੰਟੀ, ਵਿਸ਼ੇਸ਼ ਹਦਾਇਤਾਂ ਨਾਲ ਜਾਰੀ ਹੋਏ ਨਵੇਂ ਹੁਕਮ

ਫਰੀਦਕੋਟ 27 ਅਪ੍ਰੈਲ। ਪੰਜਾਬ ਦੇ ਵਾਹਨ ਚਾਲਕਾਂ ਲਈ ਵਿਸ਼ੇਸ਼ ਹਿਦਾਇਤ ਜਾਰੀ ਹੋਈ ਹੈ। ਫਰੀਦਕੋਟ ਦੀ ਡਿਪਟੀ ਕਮਿਸ਼ਨਰ ਵਿਨੀਤ ਕੁਮਾਰ ਨੇ ਕਿਹਾ ਕਿ ਵਾਹਨ ਚਾਲਕ ਟਰੈਫਿਕ ਨਿਯਮਾਂ 'ਚ ਅਣਗਹਿਲੀ ਕਰਦੇ ਹਨ, ਜਿਸ ਕਾਰਨ ਮੰਦਭਾਗੀਆਂ ਸੜਕ ਘਟਨਾਵਾਂ ਵਾਪਰਦੀਆਂ ਹਨ। ਉਨ੍ਹਾਂ ਕਿਹਾ ਕਿ ਵਾਹਨ ਚਲਾਉਣ ਸਮੇਂ ਨਿਰਧਾਰਿਤ ਸਪੀਡ ਲਿਮਟ ਦੀ ਵਰਤੋਂ ਕੀਤੀ ਜਾਵੇ। ਵੱਖ-ਵੱਖ ਵਹੀਕਲਾਂ ਦੀ ਸਪੀਡ ਲਿਮਟ ਬਾਰੇ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਉਹ ਵਹੀਕਲ ਜੋ ਯਾਤਰੀਆਂ ਲਈ ਵਰਤੇ ਜਾਂਦੇ ਹਨ ਜਾਂ 8 ਸੀਟਾਂ ਵਾਲੇ ਵਹੀਕਲ (ਐੱਮ-1 ਕੈਟਾਗਰੀ) 4 ਲੇਨ 'ਤੇ 100 ਦੀ ਸਪੀਡ, ਸ਼ਹਿਰੀ/ਪੇਂਡੂ ਖੇਤਰ 'ਚ 50 ਦੀ ਸਪੀਡ, ਸਕੂਲਾਂ ਦੇ ਨਜ਼ਦੀਕ 25 ਤੇ ਹੋਰ ਰਸਤਿਆਂ 'ਤੇ 55 ਦੀ ਸਪੀਡ ਰੱਖਣਾ ਲਾਜ਼ਮੀ ਹੈ। ਉਨ੍ਹਾਂ ਦੱਸਿਆ ਕਿ ਉਹ ਮੋਟਰ ਵਹੀਕਲ ਜੋ 9 ਸੀਟਰ ਤੇ ਇਸ ਤੋਂ ਵੱਧ ਸੀਟਾਂ ਵਾਲੇ ਹੁੰਦੇ ਹਨ, ਜੋ ਐੱਮ-2 ਤੇ ਐੱਮ-3 ਕੈਟਾਗਰੀ 'ਚ ਆਉਂਦੇ ਹਨ, ਉਨ੍ਹਾਂ ਦੀ 4 ਲੇਨ 'ਤੇ 75 ਦੀ ਸਪੀਡ, ਸ਼ਹਿਰੀ/ਪੇਂਡੂ ਖੇਤਰ 'ਚ 45 ਦੀ ਸਪੀਡ, ਸਕੂਲਾਂ ਦੇ ਨਜ਼ਦੀਕ 25 ਤੇ ਹੋਰ ਰਸਤਿਆਂ 'ਤੇ 45 ਦੀ ਸਪੀਡ ਲਿਮਟ ਹੋਣੀ ਚਾਹੀਦੀ ਹੈ। ਉਹ ਵੀਹਕਲ ਜੋ ਸਾਮਾਨ ਨੂੰ ਲਿਜਾਣ ਲਈ ਵਰਤੇ ਜਾਂਦੇ ਹਨ , ਜੋ (ਐੱਨ) ਕੈਟਾਗਰੀ 'ਚ ਆਉਂਦੇ ਹਨ, ਉਨ੍ਹਾਂ ਦੀ 4 ਲੇਨ 'ਤੇ 70 ਦੀ ਸਪੀਡ, ਸ਼ਹਿਰੀ/ਪੇਂਡੂ ਖੇਤਰ 'ਚ 45 ਦੀ ਸਪੀਡ, ਸਕੂਲਾਂ ਦੇ ਨਜ਼ਦੀਕ 25 ਤੇ ਹੋਰ ਰਸਤਿਆਂ 'ਤੇ 45 ਦੀ ਸਪੀਡ ਰੱਖਣਾ ਲਾਜ਼ਮੀ ਹੈ। ਉਨ੍ਹਾਂ ਕਿਹਾ ਕਿ ਦੋ ਪਹੀਆ ਵਾਹਨ ਦੀ 4 ਲੇਨ 'ਤੇ 60 ਦੀ ਸਪੀਡ, ਸ਼ਹਿਰੀ/ਪੇਂਡੂ ਖੇਤਰ 'ਚ 40 ਦੀ ਸਪੀਡ, ਸਕੂਲਾਂ ਨਜ਼ਦੀਕ 25 ਤੇ ਹੋਰ ਰਸਤਿਆਂ 'ਤੇ 40 ਦੀ ਸਪੀਡ ਰੱਖਣਾ ਲਾਜ਼ਮੀ ਹੈ। ਤਿੰਨ ਪਹੀਆ ਵਾਹਨ ਦੀ 4 ਲੇਨ 'ਤੇ 50 ਦੀ ਸਪੀਡ, ਸ਼ਹਿਰੀ/ਪੇਂਡੂ ਖੇਤਰ 'ਚ 40 ਦੀ ਸਪੀਡ, ਸਕੂਲਾਂ ਨਜ਼ਦੀਕ 25 ਤੇ ਹੋਰ ਰਸਤਿਆਂ 'ਤੇ 40 ਦੀ ਸਪੀਡ ਰੱਖਣਾ ਲਾਜ਼ਮੀ ਹੈ ਤੇ ਇਲੈਕਟ?ਰੀਕਲ ਵਾਹਨ ਦੀ 4 ਲੇਨ 'ਤੇ 50 ਦੀ ਸਪੀਡ, ਸ਼ਹਿਰੀ/ਪੇਂਡੂ ਖੇਤਰ 'ਚ 40 ਦੀ ਸਪੀਡ, ਸਕੂਲਾਂ ਦੇ ਨਜ਼ਦੀਕ 25 ਤੇ ਹੋਰ ਰਸਤਿਆਂ 'ਤੇ 40 ਦੀ ਸਪੀਡ ਰੱਖਣਾ ਲਾਜ਼ਮੀ ਹੈ। ਡਿਪਟੀ ਕਮਿਸ਼ਨਰ ਨੇ ਪੁਲਸ ਵਿਭਾਗ ਤੇ ਟਰਾਂਸਪੋਰਟ ਵਿਭਾਗ ਨੂੰ ਹਦਾਇਤ ਕੀਤੀ ਕਿ ਟਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਖ਼?ਲਾਫ ਸਖ਼ਤੀ ਕੀਤੀ ਜਾਵੇ ਅਤੇ ਬਣਦੀ ਕਾਨੂੰਨੀ ਕਾਰਵਾਈ ਅਮਲ 'ਚ ਲਿਆਂਦੀ ਜਾਵੇ। ਇਸ ਤੋਂ ਇਲਾਵਾ ਉਨ੍ਹਾਂ ਅਧਿਕਾਰੀਆਂ ਨੂੰ ਵਹੀਕਲਾਂ ਦੀ ਚੈਕਿੰਗ ਅਤੇ ਚਲਾਨ ਕੱਟਣ ਦੀ ਹਦਾਇਤ ਵੀ ਕੀਤੀ। ਉਨ੍ਹਾਂ ਕਿਹਾ ਕਿ ਸੜਕੀ ਹਾਦਸਿਆਂ ਨੂੰ ਰੋਕਣ ਲਈ ਸੜਕੀ ਨਿਯਮਾਂ ਦੀ ਪਾਲਣਾ ਬਹੁਤ ਜ਼ਰੂਰੀ ਹੈ ਤੇ ਸੜਕੀ ਨਿਯਮਾਂ ਦੀ ਉਲੰਘਣਾ ਕਰ ਕੇ ਦੁਰਘਟਨਾਵਾਂ ਨੂੰ ਸੱਦਾ ਦੇਣ ਵਾਲਿਆਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਤੇ ਜੁਰਮਾਨੇ ਕੀਤੇ ਜਾਣਗੇ ।

## ਪੰਜਾਬ ਦੇ ਕਿਸਾਨਾਂ ਲਈ ਖ਼ਤਰੇ ਦੀ ਘੰਟੀ, ਖੜ੍ਹੀ ਹੋਈ ਵੱਡੀ ਮੁਸੀਬਤ

ਜਲੰਧਰ/ਚੰਡੀਗੜ੍ਹ 27 ਅਪ੍ਰੈਲ। ਕਾਂਗਰਸ ਸੰਸਦ ਮੈਂਬਰ ਅਤੇ ਸਾਬਕਾ ਉੱਪ-ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਕੇਂਦਰੀ ਖ਼ਪਤਕਾਰ ਮਾਮਲੇ, ਖੁਰਾਕ ਅਤੇ ਜਨਤਕ ਵੰਡ ਮੰਤਰਾਲਾ ਦੀ ਸਟੈਂਡਿੰਗ ਕਮੇਟੀ ਦੀ ਚੇਅਰਪਰਸਨ ਕੇ. ਕਨੀਮੋਝੀ ਨੂੰ ਪੱਤਰ ਲਿਖ ਕੇ ਕਿਹਾ ਹੈ ਕਿ ਕੇਂਦਰ ਸਰਕਾਰ ਅਤੇ ਐੱਫ਼. ਸੀ. ਆਈ. ਵੱਲੋਂ ਪੰਜਾਬ ਦੇ ਗੋਦਾਮਾਂ 'ਚੋਂ ਚੌਲ ਅਤੇ ਕਣਕ ਨੂੰ ਨਾ ਚੁੱਕਣ ਕਾਰਨ ਹੀ ਖੇਤੀਬਾੜੀ ਸੰਕਟ ਪੈਦਾ ਹੋਇਆ ਹੈ। ਉਨ੍ਹਾਂ ਆਪਣੇ ਪੱਤਰ 'ਚ ਕਿਹਾ ਕਿ ਐੱਫ਼. ਸੀ. ਆਈ. ਪੰਜਾਬ ਦੇ ਗੋਦਾਮਾਂ 'ਚੋਂ 114 ਲੱਖ ਟਨ ਚੌਲ ਚੁੱਕਣ 'ਚ ਅਸਫ਼ਲ ਰਹੀ ਹੈ। ਸਿਰਫ਼ 7 ਲੱਖ ਟਨ



ਚੌਲ ਚੁੱਕਿਆ ਗਿਆ ਹੈ। ਐੱਫ਼. ਸੀ. ਆਈ. ਨੇ ਪੰਜਾਬ 'ਚ ਅਨਾਜ ਨੂੰ ਸਟੋਰ ਕਰਨ ਦੀ ਸਮਰੱਥਾ ਨੂੰ 2022 'ਚ 78.83 ਮਿਲੀਅਨ ਮੀਟ੍ਰਿਕ ਟਨ ਤੋਂ 2023 'ਚ ਘਟਾ ਕੇ 71.15 ਮਿਲੀਅਨ ਮੀਟ੍ਰਿਕ ਟਨ ਕਰ ਦਿੱਤਾ। ਇਸੇ ਤਰ੍ਹਾਂ ਪੰਜਾਬ ਨੇ 2024 'ਚ ਕੇਂਦਰ ਸਰਕਾਰ ਤੋਂ 1635 ਰੇਲਵੇ ਰੈਕ ਮੰਗੇ ਸਨ ਪਰ ਪੰਜਾਬ ਨੂੰ ਸਿਰਫ਼ 197 ਰੈਕ ਦਿੱਤੇ ਗਏ, ਜਿਸ ਕਾਰਨ 84.25 ਲੱਖ ਟਨ ਕਣਕ ਚੁੱਕੀ ਨਹੀਂ ਜਾ ਸਕੀ, ਜਿਸ ਨਾਲ 182.29 ਕਰੋੜਾਂ ਰੁਪਏ ਦਾ ਬੋਝ ਸਰਕਾਰ 'ਤੇ ਪਿਆ। ਰੰਧਾਵਾ ਨੇ ਕਿਹਾ ਕਿ ਪੰਜਾਬ ਕੇਂਦਰੀ ਪੂਲ 'ਚ 30 ਫ਼ੀਸਦੀ ਚੌਲ ਅਤੇ 40 ਫ਼ੀਸਦੀ ਕਣਕ ਦਿੰਦਾ ਹੈ। ਕੇਂਦਰ ਸਰਕਾਰ ਨੂੰ ਹੁਣ ਆਪਣੀ ਨੀਤੀ 'ਚ ਬਦਲਾਅ ਕਰਨਾ ਚਾਹੀਦਾ ਹੈ ਅਤੇ ਪੰਜਾਬ ਦੇ ਖੇਤੀਬਾੜੀ ਸੰਕਟ ਨੂੰ ਹੱਲ ਕਰਨ ਵੱਲ ਕਦਮ ਚੁੱਕਣੇ ਚਾਹੀਦੇ ਹਨ।

## ਪਖ਼ਾਨੇ ਦਾ ਫਲੱਸ਼ ਦੱਬਦਿਆਂ ਹੀ ਹੋਇਆ ਧਮਾਕਾ, ਚੌਥੀ ਜਮਾਤ ਦੀ ਵਿਦਿਆਰਥਣ ਝੁਲਸੀ

ਛੱਤੀਸਗੜ੍ਹ 27 ਅਪ੍ਰੈਲ। ਛੱਤੀਸਗੜ੍ਹ ਦੇ ਇਕ ਸਕੂਲ ਵਿਚ ਬੇਹੱਦ ਦਰਦਨਾਕ ਹਾਦਸਾ ਵਾਪਰਿਆ। ਹਾਦਸੇ ਦੀ ਲਪੇਟ ਵਿਚ ਆਉਣ ਨਾਲ 10 ਸਾਲ ਦੀ ਵਿਦਿਆਰਥਣ ਬੁਰੀ ਤਰ੍ਹਾਂ ਝੁਲਸ ਗਈ। ਘਟਨਾ ਉਸ ਸਮੇਂ ਵਾਪਰੀ ਜਦੋਂ ਚੌਥੀ ਜਮਾਤ ਦੀ ਵਿਦਿਆਰਥਣ ਸ਼ੁੱਕਰਵਾਰ ਦੀ ਸਵੇਰ ਨੂੰ ਕਰੀਬ 10 ਵਜੇ ਸਕੂਲ ਦੇ ਵਾਸ਼ਰੂਮ ਵਿਚ ਗਈ ਸੀ। ਪਖ਼ਾਨੇ ਦਾ ਫਲੱਸ਼ ਦੱਬਦਿਆਂ ਹੀ ਅਚਾਨਕ ਧਮਾਕਾ ਹੋਇਆ, ਜਿਸ ਕਾਰਨ ਵਿਦਿਆਰਥਣ ਬੁਰੀ ਤਰ੍ਹਾਂ ਝੁਲਸ ਗਈ। ਹਾਦਸੇ ਵਿਚ ਝੁਲਸੀ ਬੱਚੀ ਨੂੰ ਪ੍ਰਾਈਵੇਟ ਹਸਪਤਾਲ 'ਚ ਦਾਖ਼ਲ ਕਰਵਾਇਆ ਗਿਆ ਹੈ। ਹਾਦਸੇ ਮਗਰੋਂ ਸਕੂਲ ਪ੍ਰਸ਼ਾਸਨ 'ਤੇ ਕਈ ਵੱਡੇ ਸਵਾਲ ਚੁੱਕੇ ਜਾ ਰਹੇ ਹਨ। ਬਿਲਾਸਪੁਰ ਦੇ ਮੰਗਲਾ ਚੌਕ ਸਥਿਤ ਸੇਂਟ ਪਲੋਟੀ ਸਕੂਲ ਦੇ ਬਾਥਰੂਮ 'ਚ ਸ਼ੁੱਕਰਵਾਰ ਸਵੇਰੇ ਅਚਾਨਕ ਜ਼ੋਰਦਾਰ ਧਮਾਕਾ ਹੋਣ ਕਾਰਨ ਪੂਰੇ ਸਕੂਲ 'ਚ ਦਹਿਸ਼ਤ ਦਾ ਮਾਹੌਲ ਹੈ। ਮਾਮਲੇ ਦੀ ਜਾਂਚ ਕਰ ਰਹੀ ਪੁਲਸ ਦਾ ਕਹਿਣਾ ਹੈ ਕਿ ਬਾਥਰੂਮ 'ਚ ਸੋਡੀਅਮ ਮੈਟਲ ਪਾਇਆ ਗਿਆ ਸੀ, ਜਿਸ ਕਾਰਨ ਇੰਨਾ ਵੱਡਾ ਧਮਾਕਾ ਹੋਇਆ। ਧਮਾਕਾ ਇੰਨਾ ਜ਼ਬਰਦਸਤ ਸੀ ਕਿ ਇਸ ਦੀ ਆਵਾਜ਼ ਪੂਰੇ ਸਕੂਲ 'ਚ ਸੁਣਾਈ ਦਿੱਤੀ। ਧਮਾਕੇ ਤੋਂ ਬਾਅਦ ਪਖ਼ਾਨੇ



'ਚੋਂ ਬੱਚੀ ਦੀ ਚੀਕ ਸੁਣ ਕੇ ਸਕੂਲ ਦੇ ਅਧਿਆਪਕ ਪਖ਼ਾਨੇ ਦੇ ਨੇੜੇ ਪਹੁੰਚੇ। ਘਬਰਾਏ ਸਕੂਲ ਦੇ ਅਧਿਆਪਕਾਂ ਨੇ ਕਿਸੇ ਤਰ੍ਹਾਂ ਟਾਇਲਟ ਦਾ ਦਰਵਾਜ਼ਾ ਤੋੜ ਕੇ ਬੱਚੀ ਨੂੰ ਬਾਹਰ ਕੱਢਿਆ। ਫਰਸ਼ 'ਤੇ ਬੁਰੀ ਤਰ੍ਹਾਂ ਝੁਲਸ ਚੁੱਕੀ ਵਿਦਿਆਰਥਣ ਨੂੰ ਤੁਰੰਤ ਨਿੱਜੀ ਹਸਪਤਾਲ 'ਚ ਦਾਖਲ ਕਰਵਾਇਆ ਗਿਆ, ਜਿਸ ਤੋਂ ਬਾਅਦ ਪੁਲਸ ਨੂੰ ਘਟਨਾ ਦੀ ਸੂਚਨਾ ਦਿੱਤੀ ਗਈ। ਪੁਲਸ ਨੇ ਦੱਸਿਆ ਕਿ ਉਨ੍ਹਾਂ ਨੂੰ ਪਖ਼ਾਨੇ 'ਚੋਂ ਸਿਲਵਰ ਪੈਕਿੰਗ ਦਾ ਇਕ ਟੁਕੜਾ ਮਿਲਿਆ, ਜਿਸ ਦੀ ਜਾਂਚ ਤੋਂ ਬਾਅਦ ਪਤਾ ਲੱਗਾ ਕਿ ਕਿਸੇ ਨੇ ਲੈਬ 'ਚੋਂ ਸੋਡੀਅਮ ਨੂੰ ਐਲੂਮੀਨੀਅਮ ਫਾਇਲ 'ਚ ਲਪੇਟ ਕੇ ਪਖ਼ਾਨੇ 'ਚ ਰੱਖਿਆ ਸੀ ਅਤੇ ਜਿਵੇਂ ਹੀ ਕੁੜੀ ਨੇ ਪਖ਼ਾਨੇ ਦਾ ਫਲੱਸ਼ ਦਬਾਇਆ ਤਾਂ ਪਾਣੀ ਦੇ ਸੰਪਰਕ 'ਚ ਆਉਂਦੇ ਹੀ ਸੋਡੀਅਮ ਨੇ ਰਿਐਕਸ਼ਨ ਕਰ ਦਿੱਤਾ ਅਤੇ ਜ਼ੋਰਦਾਰ ਧਮਾਕਾ ਹੋਇਆ। ਜਿਸ ਨਾਲ ਬੱਚੀ ਬੁਰੀ ਤਰ੍ਹਾਂ ਨਾਲ ਝੁਲਸ ਗਈ। ਪੁਲਸ ਨੂੰ ਇਸ ਮਾਮਲੇ ਵਿੱਚ ਅੱਠਵੀਂ ਜਮਾਤ ਦੇ ਬੱਚਿਆਂ ਦੇ ਸ਼ਾਮਲ ਹੋਣ ਦਾ ਸ਼ੱਕ ਹੈ

## ਇੱਕ ਹੋਰ ਪਿਓ ਚੜ੍ਹਿ ਆ ਠੱਗ ਏਜੰਟ ਦੇ ਧੱਕੇ ! ਪੁੱਤ ਨੂੰ ਪੁਰਤਗਾਲ ਭੇਜਣ ਦਾ ਝਾਂਸਾ ਦੇ ਕੇ 7.50 ਲੱਖ ਲੈ ਹੋਇਆ ਫ਼ਰਾਰ

ਲੁਧਿਆਣਾ 27 ਅਪ੍ਰੈਲ। ਲੜਕੇ ਨੂੰ ਪੁਰਤਗਾਲ ਭੇਜਣ ਦਾ ਝਾਂਸਾ ਦੇ ਕੇ ਇਕ ਵਿਅਕਤੀ ਤੋਂ 7.50 ਲੱਖ ਰੁਪਏ ਦੀ ਠੱਗੀ ਮਾਰਨ ਵਾਲੇ ਏਜੰਟ ਖ਼ਿਲਾਫ ਥਾਣਾ ਹੈਬੋਵਾਲ ਦੀ ਪੁਲਸ ਨੇ ਮਾਮਲਾ ਦਰਜ ਕੀਤਾ ਹੈ। ਮੁਲਜ਼ਮ ਦੀ ਪਛਾਣ ਮੁਖਤਿਆਰ ਸਿੰਘ ਵਜੋਂ ਹੋਈ ਹੈ। ਫਿਲਹਾਲ ਦੋਸ਼ੀ ਪੁਲਸ ਦੀ ਪਹੁੰਚ ਤੋਂ ਬਾਹਰ ਹੈ। ਜਾਣਕਾਰੀ ਦਿੰਦਿਆਂ ਸ਼ਿਕਾਇਤਕਰਤਾ ਸਤਪਾਲ




ਵਾਸੀ ਹੈਬੋਵਾਲ ਕਲਾਂ ਨੇ ਦੱਸਿਆ ਕਿ ਉਸ ਨੇ ਆਪਣੇ ਲੜਕੇ ਨੂੰ ਵਿਦੇਸ਼ ਭੇਜਣ ਲਈ ਮੁਲਜ਼ਮ ਨਾਲ ਸੰਪਰਕ ਕੀਤਾ ਸੀ। ਇਸ ਦੇ ਬਦਲੇ ਮੁਲਜ਼ਮ ਨੇ 7.50 ਲੱਖ ਰੁਪਏ ਦੀ ਮੰਗ ਕੀਤੀ ਸੀ। ਪੈਸੇ ਲੈਣ ਤੋਂ ਬਾਅਦ ਮੁਲਜ਼ਮ ਨੇ ਨਾ ਤਾਂ ਉਸ ਦੇ ਲੜਕੇ ਨੂੰ ਪੁਰਤਗਾਲ ਭੇਜਿਆ ਅਤੇ ਨਾ ਹੀ ਉਨ੍ਹਾਂ ਦੇ ਪੈਸੇ ਵਾਪਸ ਕੀਤੇ। ਇਸ ਦੌਰਾਨ ਉਸ ਦੇ ਦਫ਼ਤਰ ਵੀ ਕਈ ਗੇੜੇ ਮਾਰੇ ਪਰ ਉਹ ਆਪਣਾ ਦਫ਼ਤਰ ਬੰਦ ਕਰਕੇ ਫ਼ਰਾਰ ਹੋ ਗਿਆ ਹੈ। ਪੁਲਸ ਨੇ ਪੀੜਤ ਦੀ ਸ਼ਿਕਾਇਤ ਦੇ ਆਧਾਰ 'ਤੇ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

**NAME CHANGE**

I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**

I, ANITA BANSAL W/O PAWAN BANSAL residing at B-504, MAYUR-DHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**

I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**

I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POON-AM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**

I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

**NAME CHANGE**

I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

**PUBLIC NOTICE**

Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**PUBLIC NOTICE**

It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BAL-JEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**

I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.

**NAME CHANGE**

I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**NAME CHANGE**

I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**

I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**NAME CHANGE**

I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.

**NAME CHANGE**

I, SIDDHARATH RANA S/O BHAG-WAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

**NAME CHANGE**

I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

**NAME CHANGE**

I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

**NAME CHANGE**

I, Anupama D/o Pradeep Kumar R/o D-754/A, Gali No.1, Ashok Nagar, Shahdara, Delhi-110093 have changed my name to Anupama Chaudhary.

**NAME CHANGE**

I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

**NAME CHANGE**

I Manoj Ram S/o Ram Bilash Ram R/o Flat No-6, Tower-8,Hamelia Street,IRIS,Vatika City, Sector-49, Gurgaon, Haryana-122018, Have Changed My Name To Manoj Kumar For All Purpose

**NAME CHANGE**

I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

**NAME CHANGE**

I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

**NAME CHANGE**

I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHON-NAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

**NAME CHANGE**

I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

**NAME CHANGE**

I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

**NAME CHANGE**

I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

**NAME CHANGE**

I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

**NAME CHANGE**

I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.

**PUBLIC NOTICE**

My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

**ARJUN BIDHURI Advocate**
CH. NO.536, Saket Courts
New Delhi-110017.

**NAME CHANGE**

I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUD-DHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

**NAME CHANGE**

I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

**NAME CHANGE**

I, ANITA W/o NO- 2806617A HAV TANGADKAR SUBHASH SITARAM R/o VPO-GHAR-GAON, TEH-SANGAMNER, DISTT-AHMADNAGAR, MAHA-RASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

**NAME CHANGE**

I, DATTATRAY NAGOJI PATIL father of NO-JC-379904X SUB MAJ PATIL MAHENDRA DAT-TATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

**PUBLIC NOTICE**

MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES

**PINKI LAMBA MANN**
ADVOCATE
OFF. A-205A, NORTH EX.MALL, SECTOR-9,
ROHINI, NEW DELHI

# ਅਮਨ ਅਰੋੜਾ ਵਲੋਂ ਪਹਿਲਗਾਮ ਅੱਤਵਾਦੀ ਹਮਲੇ ਦੀ ਸਖਤ ਨਿਖੇਧੀ

**➢ ਹਮਲੇ ਦੇ ਮ੍ਰਿਤਕਾਂ ਦੀ ਯਾਦ 'ਚ ਸ਼ਰਧਾ ਦੇ ਫੁੱਲ ਭੇਟ ਕੀਤੇ, ਪਰਿਵਾਰਾਂ ਨਾਲ ਹਮਦਰਦੀ ਅਤੇ ਦੁੱਖ ਸਾਂਝਾ ਕੀਤਾ ➢ ਹਮਲਾਵਰਾਂ ਨੂੰ ਘਰਾਂ 'ਚ ਵੜਕੇ ਮਾਰਨ ਦਾ ਸਮਾਂ, ਗੁਆਂਢੀ ਮੁਲਕ ਦੇ ਸਪਾਂਸਰਡ ਹਮਲਿਆਂ ਲਈ ਸਬਕ ਸਿਖਾਉਣਾ ਸਮੇਂ ਦੀ ਲੋੜ ➢ 140 ਕਰੋੜ ਜਨਤਾ ਦੀ ਸੁਰੱਖਿਆ ਲਈ ਦੇਸ਼ ਨੂੰ ਫੁੱਲ ਟਾਈਮ ਗ੍ਰਹਿ ਮੰਤਰੀ ਦੀ ਲੋੜ**

**ਚੰਡੀਗੜ੍ਹ/ ਹੁਸ਼ਿਆਰਪੁਰ, 27 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸੁਚੱਜਾ ਪ੍ਰਸ਼ਾਸਨ, ਸੂਚਨਾ ਤਕਨਾਲੋਜੀ ਅਤੇ ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਅਮਨ ਅਰੋੜਾ ਨੇ ਪਹਿਲਗਾਮ ਅੱਤਵਾਦੀ ਹਮਲੇ ਦੀ ਸਖਤ ਨਿਖੇਧੀ ਕਰਦਿਆਂ ਹਮਲੇ ਦੇ ਮ੍ਰਿਤਕਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਉਨ੍ਹਾਂ ਨੇ ਪੀੜਤ ਪਰਿਵਾਰਾਂ ਨਾਲ ਹਮਦਰਦੀ ਜਾਹਰ ਕਰਦਿਆਂ ਉਨ੍ਹਾਂ ਨੂੰ ਕਦੇ ਵੀ ਨਾ ਪੂਰਾ ਹੋਣ ਵਾਲੇ ਪਏ ਘਾਟੇ ਲਈ ਦੁੱਖ ਸਾਂਝਾ ਕੀਤਾ।



ਪੰਜਾਬ ਦੇ ਕੈਬਨਿਟ ਮੰਤਰੀ ਅਮਨ ਅਰੋੜਾ ਹੁਸ਼ਿਆਰਪੁਰ ਵਿਖੇ ਪਹਿਲਗਾਮ ਹਮਲੇ ਦੇ ਮ੍ਰਿਤਕਾਂ ਦੀ ਯਾਦ ਵਿਚ ਸ਼ਰਧਾ ਦੇ ਫੁੱਲ ਭੇਟ ਕਰਨ ਸਮੇਂ। ਉਨ੍ਹਾਂ ਨਾਲ ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ, ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ, ਵਿਧਾਇਕ ਜਸਵੀਰ ਸਿੰਘ ਰਾਜਾ ਗਿੱਲ, ਵਿਧਾਇਕ ਕਰਮਬੀਰ ਸਿੰਘ ਘੁੰਮਣ ਅਤੇ ਹੋਰ ਸ਼ਖਸੀਅਤਾਂ ਵੀ ਮੌਜੂਦ ਸਨ।

ਹੁਸ਼ਿਆਰਪੁਰ ਵਿਖੇ ਸ੍ਰੀ ਬੜੇ ਹਨੂੰਮਾਨ ਜੀ ਮੰਦਰ ਅਤੇ ਸ੍ਰੀ ਕੇਸ਼ੋ ਮੰਦਰ ਵਿਖੇ ਮ੍ਰਿਤਕਾਂ ਦੀ ਯਾਦ ਵਿਚ ਪ੍ਰਾਰਥਨਾ ਅਤੇ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਪ੍ਰਮਾਤਮਾ ਅੱਗੇ ਅਰਦਾਸ ਕੀਤੀ ਕਿ ਵਿਛੜੀਆਂ ਰੂਹਾਂ ਨੂੰ ਚਰਨਾਂ ਵਿਚ ਨਿਵਾਸ ਅਤੇ ਪਰਿਵਾਰਾਂ ਨੂੰ ਏਡਾ ਵੱਡਾ ਦੁੱਖ ਸਹਿਣ ਕਰਨ ਲਈ ਬਲ ਬਖਸ਼ਣ।

ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਅੱਤਵਾਦੀ ਗਤੀਵਿਧੀਆਂ ਅਤੇ ਪਹਿਲਗਾਮ ਦੇ ਹਮਲਾਵਰਾਂ ਨੂੰ ਉਨ੍ਹਾਂ ਦੇ ਘਰਾਂ ਵਿਚ ਵੜਕੇ ਮਾਰਿਆ ਜਾਵੇ। ਉਨ੍ਹਾਂ ਕਿਹਾ ਕਿ ਪਾਕਿਸਤਾਨ ਸਪਾਂਸਰਡ ਇਸ ਹਮਲੇ ਅਤੇ ਇਸ ਦੇ ਸਾਜਿਸ਼ਘਾੜਿਆਂ ਨੂੰ ਖਤਮ ਕਰਨਾ ਸਮੇਂ ਦੀ ਮੁੱਖ ਮੰਗ ਹੈ।

ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ, ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੋੜੀ, ਵਿਧਾਇਕ ਜਸਵੀਰ ਸਿੰਘ ਰਾਜਾ ਗਿੱਲ, ਵਿਧਾਇਕ ਕਰਮਬੀਰ ਸਿੰਘ ਘੁੰਮਣ ਅਤੇ ਹੋਰਨਾਂ ਸ਼ਖਸੀਅਤਾਂ ਸਮੇਤ ਪਹਿਲਗਾਮ ਹਮਲੇ ਦੇ 26 ਮ੍ਰਿਤਕਾਂ ਨੂੰ ਯਾਦ ਕਰਦਿਆਂ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਦੇਸ਼ ਵਾਸੀਆਂ ਲਈ ਇਹ ਬਹੁਤ ਹੀ ਦੁੱਖਦਾਈ ਅਤੇ ਅਸਹਿ ਘਟਨਾ ਹੈ ਜਿਸ ਲਈ ਸਾਰਾ ਦੇਸ਼ ਦੁੱਖ ਦੀ ਘੜੀ ਵਿਚ ਪੀੜਤ ਪਰਿਵਾਰਾਂ ਦੇ ਮੋਢੇ ਨਾਲ ਮੋਢਾ ਲਾ ਕੇ ਖੜ੍ਹਾ ਹੈ। ਉਨ੍ਹਾਂ ਕਿਹਾ ਕਿ ਅੱਤਵਾਦੀ ਹਮਲੇ ਦੇ ਸਾਜਿਸ਼ਕਰਤਾਵਾਂ ਅਤੇ ਹਮਲਾਵਰਾਂ ਨੂੰ ਸਬਕ ਸਿਖਾਉਣ ਦਾ ਵੇਲਾ ਆ ਗਿਆ ਹੈ । ਉਨ੍ਹਾਂ ਕਿਹਾ ਕਿ ਕਸ਼ਮੀਰ ਘੁੰਮਣ-ਫਿਰਨ ਗਏ ਸੈਲਾਨੀਆਂ 'ਤੇ ਬਹੁਤ ਮਾੜਾ ਹਮਲਾ ਹੋਇਆ ਹੈ ਜਿਸ ਦੀ ਦੇਸ਼-ਵਿਦੇਸ਼ ਵਿਚ ਸਖਤ ਨਿਖੇਧੀ ਹੋ ਰਹੀ ਹੈ।

ਮੰਦਰਾਂ ਵਿਚ ਨਤਮਸਤਕ ਹੋਣ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਇਕ ਸਵਾਲ ਦੇ ਜਵਾਬ ਵਿਚ ਕਿਹਾ ਕਿ ਇਹ ਬਹੁਤ ਮੰਦਭਾਗਾ ਹੈ ਕਿ ਹਮਲੇ ਸਬੰਧੀ ਸਾਡੀਆਂ ਖੁਫੀਆ ਏਜੰਸੀਆਂ ਕੋਲ ਜਾਣਕਾਰੀ ਦੀ ਘਾਟ ਅਤੇ ਘਾਟੀ ਵਿਚ ਲੋੜੀਂਦੀ ਗਿਣਤੀ ਵਿਚ ਫੋਰਸ ਦੀ ਤਾਇਨਾਤੀ ਨਹੀਂ ਸੀ। ਉਨ੍ਹਾਂ ਕਿਹਾ ਕਿ ਦੇਸ਼ ਦੀ ਫੌਜ ਵਿਚ 1,80,000 ਆਸਾਮੀਆਂ ਖਾਲੀ ਹਨ ਜਿਹੜੀਆਂ ਕਿ ਸੁਰੱਖਿਆ ਦੇ ਮੱਦੇਨਜ਼ਰ ਭਰੀਆਂ ਜਾਣੀਆਂ ਚਾਹੀਦੀਆਂ ਸਨ ਤਾਂ ਜੋ ਦੇਸ਼ ਅਤੇ ਨਾਗਰਿਕਾਂ ਨੂੰ ਅੰਦਰੂਨੀ ਅਤੇ ਬਾਹਰੀ ਖਤਰਿਆਂ ਤੋਂ ਬਚਾਇਆ ਜ ਸਕੇ। ਉਨ੍ਹਾਂ ਕਿਹਾ ਕਿ ਸਿਰਫ਼ ਬਿਆਨਬਾਜ਼ੀ ਨਾਲ ਕੰਮ ਨਹੀਂ ਚੱਲਣਾ ਕਿਸੇ ਨਾ ਕਿਸੇ ਨੂੰ ਤਾਂ ਜ਼ਿੰਮੇਵਾਰੀ ਲੈਣੀ ਪਵੇਗੀ। ਉਨ੍ਹਾਂ ਕਿਹਾ ਕਿ ਪਹਿਲਗਾਮ ਹਮਲੇ ਦੇ ਮ੍ਰਿਤਕਾਂ ਦੇ ਪਰਿਵਾਰਕ ਮੈਂਬਰਾਂ ਨੇ ਸਵਾਲ ਚੁੱਕੇ ਹਨ ਕਿ ਹਮਲੇ ਉਪਰੰਤ ਸੁਰੱਖਿਆ ਫੋਰਸਾਂ ਵਲੋਂ ਤੁਰੰਤ ਪਹੁੰਚ ਨਹੀਂ ਯਕੀਨੀ ਬਣਾਈ ਗਈ ਜਦਕਿ ਸੈਲਾਨੀਆਂ ਦੀ ਭਾਰੀ ਗਿਣਤੀ ਵਾਲੀ ਏਹੋ ਜਿਹੀ ਥਾਂ 'ਤੇ ਲੋੜੀਂਦੀ ਗਿਣਤੀ ਵਿਚ ਨਫਰੀ ਤਾਇਨਾਤ ਹੋਣੀ ਚਾਹੀਦੀ ਸੀ ਜੋ ਕਿਸੇ ਵੀ ਅਣਸੁਖਾਵੀਂ ਘਟਨਾ ਨੂੰ ਵਾਪਰਨ ਤੋਂ ਰੋਕ ਲੈਂਦੀ। ਉਨ੍ਹਾਂ ਕਿਹਾ ਕਿ ਦੇਸ਼ ਨੂੰ ਫੁੱਲ ਟਾਈਮ ਗ੍ਰਹਿ ਮੰਤਰੀ ਦੀ ਲੋੜ ਹੈ ਕਿਉਂਕਿ ਮੌਜੂਦਾ ਗ੍ਰਹਿ ਮੰਤਰੀ ਸਰਕਾਰਾਂ ਦੇ ਜੋੜ-ਤੋੜ ਵਿਚ ਰੁੱਝੇ ਹੋਏ ਹਨ। ਉਨ੍ਹਾਂ ਕਿਹਾ ਕਿ ਦੇਸ਼ ਦੇ ਗ੍ਰਹਿ ਮੰਤਰੀ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਦੇਸ਼ ਦੀ 140 ਕਰੋੜ ਦੀ ਆਬਾਦੀ ਦੀ ਸੁਰੱਖਿਆ ਨੂੰ ਯਕੀਨੀ ਬਣਾਏ।

ਇਸ ਮੌਕੇ ਮੇਅਰ ਸੁਰਿੰਦਰ ਕੁਮਾਰ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ, ਡਿਪਟੀ ਮੇਅਰ ਰਣਜੀਤ ਚੌਧਰੀ, ਵਾਈਸ ਚੇਅਰਮੈਨ ਐਚ.ਐਸ. ਬਖਸ਼ੀ, ਜ਼ਿਲ੍ਹਾ ਯੋਜਨਾ ਕਮੇਟੀ ਦੀ ਚੇਅਰਪਰਸਨ ਕਰਮਜੀਤ ਕੌਰ, ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਗੁਰਵਿੰਦਰ ਸਿੰਘ ਪਾਬਲਾ ਅਤੇ ਹੋਰ ਮੌਜੂਦ ਸਨ।

# ਸਾਰੀ ਜਿੰਦਗੀ ਆਪਣੀ ਡਿਊਟੀ ਤਨਦੇਹੀ ਨਾਲ ਕਰਨ ਵਾਲੇ ਕਰਮਚਾਰੀ ਦਾ ਪਰਿਵਾਰ ਗਰੇਜੁਟੀ ਨੂੰ ਤਰਸ ਰਿਹਾ



**ਬਠਿੰਡਾ, 27 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਲੋਕਾਂ ਨੂੰ ਘਰ 'ਚ ਹੀ ਸਹੂਲਤ ਦੇਣ ਦੇ ਵੱਡੇ-ਵੱਡੇ ਦਮ ਗਜੇ ਮਾਰੇ ਜਾ ਰਹੇ ਹਨ ਪ੍ਰੰਤੂ ਇਨ੍ਹਾਂ ਦਮ ਗਜਿਆਂ ਦੀ ਫੂਕ ਗੋਨਿਆਣਾ ਮੰਡੀ 'ਚ ਸਾਫ ਨਿਕਲਦੀ ਵਿਖਾਈ ਦੇ ਰਹੀ ਹੈ, ਜਿੱਥੇ ਲੱਖਾਂ ਰੁਪਿਆ ਦੀ ਗਰੇਚੂਟੀ ਉਡੀਕਦਾ-ਉਡੀਕਦਾ ਬੰਦਾ ਚੱਲ ਵੱਸਿਆਂ ਪ੍ਰੰਤੂ ਸਾਰਾ ਪ੍ਰੋਸੈਸ ਹੋਣ ਦੇ ਬਾਵਜੂਦ ਵੀ ਅਧਿਕਾਰੀਆਂ ਵੱਲੋਂ ਉਸ ਦੀ ਗਰੇਚੂਟੀ ਜਾਣ ਬੁੱਝ ਕੇ ਰੋਕੀ ਹੋਈ ਹੈ।

ਪਰਿਵਾਰ ਗਰੇਚੂਟੀ ਲੈਣ ਲਈ ਦਫ਼ਤਰ 'ਚ ਦਰ ਦਰ ਦੀਆਂ ਠੋਕਰਾਂ ਖਾ ਰਿਹਾ ਹੈ ਪਰੰਤੂ ਸੰਬੰਧਤ ਅਧਿਕਾਰੀਆਂ ਤੇ ਇਸ ਦਾ ਕੋਈ ਫਰਕ ਨਹੀਂ ਪੈ ਰਿਹਾ ਹੈ, ਕਈ ਸਾਲਾਂ ਤੋਂ ਲੱਖਾਂ ਰੁਪਇਆ ਦੀ ਗਰੇਚੂਟੀ ਰੁਕੀ ਹੋਣ ਦੇ ਬਾਵਜੂਦ ਘਰ ਦੇ ਹਲਾਤ ਬਤ ਤੋਂ ਬੱਤਰ ਬਣਦੇ ਜਾ ਰਹੇ ਨੇ। ਇਕੱਤਰ ਕੀਤੀ ਜਾਣਕਾਰੀ ਅਨੁਸਾਰ ਰਾਜ ਕੁਮਾਰ ਪੁੱਤਰ ਪ੍ਰਭਾਤੀ ਰਾਮ ਵਾਸੀ ਗੋਨਿਆਣਾ ਮੰਡੀ ਵਿਖੇ ਗੋਨਿਆਣਾ ਕੋ-ਅਪਰੇਟਿਵ ਮਾਰਕੀਟਿੰਗ-ਕਮ-ਪ੍ਰੋਸੈਸਿੰਗ ਸੋਸਾਇਟੀ ਲਿਮਟਿਡ 'ਚ 7 ਜੁਲਾਈ 1980 'ਚ ਬਾਤੌਰ ਸੈਲਜਮੈਨ/ਮੈਨੇਜਰ ਦੀ ਪੋਸਟ ਤੇ ਕੰਮ ਭਰਤੀ ਹੋਇਆ ਸੀ। ਰਾਜ ਕੁਮਾਰ 58 ਸਾਲ ਦੀ ਉਮਰ ਹੋਣ ਉਪਰੰਤ 21 ਦਸੰਬਰ 2021 ਨੂੰ ਆਪਣੇ ਅਹੁਦੇ ਤੋਂ ਸੇਵਾ ਮੁਕਤ ਹੋ ਗਿਆ। ਰਾਜ ਕੁਮਾਰ ਦੇ ਅਹੁਦੇ ਤੋਂ ਸੇਵਾ ਮੁਕਤ ਹੋਣ ਤੋਂ ਲੱਗਭਗ ਪੌਣੇ ਦੋ ਮਹੀਨੇ ਬਾਅਦ 8 ਮਾਰਚ 2022 ਨੂੰ ਵਿਭਾਗ ਵੱਲੋਂ ਪ੍ਰਬੰਧਕ ਕਮੇਟੀ ਦੀ ਮੀਟਿੰਗ ਕੁਲਦੀਪ ਸਿੰਘ ਦੀ ਅਗਵਾਈ ਹੇਠ ਕਰਦਿਆਂ ਕਰਵਾਈ ਨੂੰ ਅਮਲ 'ਚ ਲਿਆਉਂਦਿਆ ਕਿਹਾ ਕੇ ਰਾਜ ਕੁਮਾਰ ਦੀ ਸੋਸਾਇਟੀ 'ਚ ਕੁੱਲ ਸਰਵਿਸ 41 ਸਾਲ 6 ਮਹੀਨੇ ਬਣਦੀ ਹੈ। ਪ੍ਰੰਤੂ ਇਸ ਸਮੇਂ ਦੌਰਾਨ ਕਰਮਚਾਰੀ ਦੀ 27 ਜੁਲਾਈ 1987 ਤੋਂ 25 ਅਕਤੂਬਰ 1988 ਤੱਕ ਬਿਨ੍ਹਾਂ ਤਨਖਾਹ ਨਾਲ ਛੁੱਟੀ ਤੇ ਰਹਿਣ ਕਰਕੇ ਸਰਵਿਸ ਨਹੀਂ ਗਿਣੀ ਜਾਂਦੀ, ਇਸ ਲਈ ਬਾਕੀ ਸਰਵਿਸ 40 ਸਾਲ 3 ਮਹੀਨੇ 2 ਦਿਨ ਬਣਦੀ ਹੈ। ਰਾਜ ਕੁਮਾਰ ਦੀ ਸੇਵਾ ਮੁਕਤੀ ਸਮੇਂ ਤਨਖਾਹ ਸਾਰੇ ਭੱਤੇ ਪਾ ਕੇ 40154 ਰੁਪਏ ਬਣਦੀ ਸੀ ਅਤੇ ਕਰਮਚਾਰੀ ਦੀ ਗਰੇਚੂਟੀ ਦੇ 10 ਲੱਖ 64 ਹਜ਼ਾਰ 81 ਰੁਪਏ ਬਣਦੇ ਹਨ।ਗਰੇਚੂਟੀ ਦੇਣ ਲਈ ਮਤੇ ਦੀ ਕਾਪੀ ਸਹਾਇਕ ਰਜਿਸਟਰਾਰ ਨੂੰ ਭੇਜ ਕੇ ਬਣਦੀ ਕਰਵਾਈ ਅਮਲ 'ਚ ਲਿਆਉਦਿਆ ਕਰਮਚਾਰੀ ਨੂੰ ਗਰੇਚੂਟੀ ਦੇਣ ਲਈ ਤਾਕੀਦ ਕੀਤੀ। ਰਾਜ ਕੁਮਾਰ ਆਪਣੀ ਬਣਦੀ ਗਰੇਚੂਟੀ ਲੈਣ ਲਈ 3 ਸਾਲ ਵਿਭਾਗ ਦੇ ਚੱਕਰ ਕੱਢਦਾ ਰਿਹਾ ਪ੍ਰੰਤੂ ਉਸ ਦੀ ਕਿਸੇ ਨੇ ਵੀ ਸੁਣਵਾਈ ਨਹੀਂ ਕੀਤੀ। ਅਖੀਰ ਸਾਲ ਪਹਿਲਾ ਉਸ ਦੀ ਗਰੇਚੂਟੀ ਉਡੀਕਦਿਆ ਉਡੀਕਦਿਆ ਮੌਤ ਹੋ ਗਈ। ਮ੍ਰਿਤਕ ਰਾਜ ਕੁਮਾਰ ਦੇ ਪੁੱਤਰ ਸੁਰਿੰਦਰ ਕੁਮਾਰ ਨੇ ਭਰੇ ਮਨ ਨਾਲ ਦੱਸਿਆ ਕੇ ਉਨ੍ਹਾਂ ਵੱਲੋਂ ਆਪਣੇ ਪਾਪਾ ਦਾ ਬਣਦਾ ਹੱਕ ਲੈਣ ਲਈ ਪੂਰੇ ਇੱਕ ਸਾਲ ਤੋਂ ਵਿਭਾਗ ਦੇ ਚੱਕਰ ਕੱਢੇ ਜਾ ਰਹੇ ਨੇ ਪ੍ਰੰਤੂ ਉਨ੍ਹਾਂ ਦੇ ਪੱਲੇ ਕੁੱਝ ਨਹੀਂ ਪਾਇਆ ਜਾ ਰਿਹਾ। ਪੈਸੇ ਨਾਂ ਮਿਲਣ ਕਾਰਨ ਉਨ੍ਹਾਂ ਦੇ ਘਰ ਦਾ ਤਾਣਾ-ਬਾਣਾ ਹੀ ਉਲਝ ਗਿਆ। ਉਨ੍ਹਾਂ ਦੱਸਿਆ ਕੇ ਉਪਰ ਤੋਂ ਫ਼ਾਈਲ ਪਾਸ ਹੋ ਚੁੱਕੀ ਹੈ ਇੱਕ ਇੰਸਪੈਕਟਰ ਵੱਲੋਂ ਜਾਣ ਬੁੱਝ ਕੇ ਕੇਸ ਨੂੰ ਲਟਕਾਇਆ ਜਾ ਰਿਹਾ ਹੈ, ਸ਼ਾਇਦ ਉਹ ਰਿਸ਼ਵਤ ਦੀ ਝਾਕ ਕਰਦਾ ਹੋਵੇ। ਉਨ੍ਹਾਂ ਦੱਸਿਆ ਕੇ ਇੱਕ ਪਾਸੇ ਤਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਲੋਕਾਂ ਨੂੰ ਘਰ ਘਰ ਜਾ ਕੇ ਸਹੂਲਤਾਂ ਦੇਣ ਦੀ ਗੱਲ ਕਹੀ ਜਾ ਰਹੀ ਹੈ, ਦੂਸਰੇ ਪਾਸੇ ਉਹ ਆਪਣੇ ਪਾਪਾ ਦਾ ਬਣਦਾ ਹੱਕ ਲੈਣ ਲਈ ਦਫ਼ਤਰ 'ਚ ਦਰ-ਦਰ ਦੀਆਂ ਠੋਕਰਾਂ ਖਾ ਰਹੇ ਨੇ। ਪੈਸੇ ਨਾਂ ਮਿਲਣ ਕਾਰਨ ਸਦਮੇ 'ਚ ਉਨ੍ਹਾਂ ਦੇ ਪਾਪਾਂ ਦੀ ਵੀ ਮੌਤ ਹੋ ਗਈ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਹੈ ਕੇ ਉਨ੍ਹਾਂ ਦਾ ਬਣਦਾ ਹੱਕ ਨਾਂ ਦੇਣ ਵਾਲੇ ਅਧਿਕਾਰੀਆਂ ਤੇ ਕਾਨੂੰਨੀ ਕਾਰਵਾਈ ਕੀਤੀ ਜਾਵੇ।

**ਕੀ ਕਹਿੰਦੇ ਨੇ ਸੋਸਾਇਟੀ ਮੈਂਨੇਜ਼ਰ ਭੁਪਿੰਦਰ ਸਿੰਘ**

ਇਸ ਸਬੰਧੀ ਸੋਸਾਇਟੀ ਦੇ ਮੈਂਨੇਜ਼ਰ ਭੁਪਿੰਦਰ ਸਿੰਘ ਨਾਲ ਉਨ੍ਹਾਂ ਦੇ ਫੋਨ ਤੇ ਗੱਲ ਕੀਤੀ ਤਾਂ ਉਨ੍ਹਾਂ ਦੱਸਿਆ ਕੇ ਮੇਰੇ ਕੋਲ ਇਸ ਸੋਸਾਇਟੀ ਦਾ ਵਾਧੂ ਚਾਰਜ ਹੈ। ਅਗਲੇ ਹਫਤੇ ਆਰਟ ਵਿਭਾਗ ਦੇ ਅਫ਼ਸਰ ਨਾਲ ਜਾਂ ਕਿ ਇਸ ਮਸਲੇ ਦਾ ਹੱਲ ਕਰ ਦਿੱਤਾ ਜਾਵੇਗਾ ।

**-ਕੀ ਕਹਿੰਦੇ ਨੇ ਏ ਆਰ ਹਰਮੀਤ ਸਿੰਘ**

ਜਦ ਇਸ ਸਬੰਧੀ ਏ ਆਰ ਹਰਮੀਤ ਸਿੰਘ ਨਾਲ ਉਨ੍ਹਾਂ ਦੇ ਫੋਨ ਤੇ ਗੱਲ ਕੀਤੀ ਤਾਂ ਉਨ੍ਹਾਂ ਵੱਲੋਂ ਕੇਸ ਪਾਸ ਕਰਕੇ ਸੋਸਾਇਟੀ ਨੂੰ ਭੇਜ ਦਿੱਤਾ ਗਿਆ ਹੈ, ਬਾਕੀ ਸੋਸਾਇਟੀ ਦੀ ਕੀ ਦੇਣਦਾਰੀ ਹੈ ਇਹ ਸੋਸਾਇਟੀ ਮੁਲਾਜਮਾਂ ਨੂੰ ਪਤਾ ਹੈ। ਉਨ੍ਹਾਂ ਦੱਸਿਆ ਕੇ ਰਾਜ ਕੁਮਾਰ ਦੀ ਗਰੇਚੂਟੀ 10 ਲੱਖ ਦੇ ਕਰੀਬ ਬਣਦੀ ਹੈ, ਜਿੰਨੀ ਉਸ ਦੀ ਦੇਣਦਾਰੀ ਹੈ ਉਹ ਇਹ ਪੈਸੇ ਕੱਟ ਕੇ ਦੇਣੇ ਹੁੰਦੇ ਨੇ। ਉਨ੍ਹਾਂ ਦੱਸਿਆ ਕੇ ਉਹ ਸਾਰਾ ਰਿਕਾਰਡ ਇਥੇ ਮੰਗਵਾ ਕੇ ਚੈਕ ਕਰ ਲੈਣਗੇ।

**ਸਿਹਤ ਸਹੂਲਤਾਂ ਦੇ ਨਿਰੀਖਣ ਦੌਰਾਨ ਸਿਹਤ ਮੰਤਰੀ ਨੇ ਸਰਕਾਰੀ ਡਾਕਟਰਾਂ ਨੂੰ ਸਿਹਤ ਸੇਵਾਵਾਂ ਦੀ ਗੁਣਵੱਤਾ ਯਕੀਨੀ ਬਣਾਉਣ ਲਈ ਕਿਹਾ**

# ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਅਰਬਨ ਅਸਟੇਟ ਪਟਿਆਲਾ ਦੇ ਆਮ ਆਦਮੀ ਕਲੀਨਿਕ ਅਤੇ ਸਿਵਲ ਹਸਪਤਾਲ ਰਾਜਪੁਰਾ ਵਿਖੇ ਮਰੀਜ਼ਾਂ ਦੀ ਦੇਖਭਾਲ ਸਬੰਧੀ ਸਹੂਲਤਾਂ ਦਾ ਲਿਆ ਜਾਇਜ਼ਾ

**ਚੰਡੀਗੜ੍ਹ/ਪਟਿਆਲਾ, 25 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਦੀ ਆਪਣੇ ਨਾਗਰਿਕਾਂ ਨੂੰ ਮਿਆਰੀ ਅਤੇ ਨਿਰਵਿਘਨ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਦੀ ਵਚਨਬੱਧਤਾ ਦੀ ਪੁਸ਼ਟੀ ਕਰਦਿਆਂ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਅਰਬਨ ਅਸਟੇਟ, ਪਟਿਆਲਾ ਵਿਖੇ ਆਮ ਆਦਮੀ ਕਲੀਨਿਕ ਅਤੇ ਸਿਵਲ ਹਸਪਤਾਲ ਰਾਜਪੁਰਾ ਵਿਖੇ ਅਚਨਚੇਤ ਨਿਰੀਖਣ ਕੀਤਾ।



ਆਪਣੇ ਦੌਰੇ ਦੌਰਾਨ ਸਿਹਤ ਮੰਤਰੀ ਨੇ ਮਰੀਜ਼ਾਂ ਦੀ ਸਿਹਤ ਬਾਰੇ ਜਾਨਣ ਅਤੇ ਸਰਕਾਰੀ ਸਿਹਤ ਸੰਭਾਲ ਕੇਂਦਰਾਂ ਵਿੱਚ ਦਿੱਤੀਆਂ ਜਾ ਰਹੀਆਂ ਸਹੂਲਤਾਂ ਬਾਰੇ ਫੀਡਬੈਕ ਇਕੱਤਰ ਕਰਨ ਲਈ ਉਨ੍ਹਾਂ ਨਾਲ ਗੱਲਬਾਤ ਕੀਤੀ। ਮਰੀਜ਼ਾਂ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਕੀਤੇ ਗਏ ਮਹੱਤਵਪੂਰਨ ਸੁਧਾਰਾਂ ਦੀ ਸ਼ਲਾਘਾ ਕਰਦਿਆਂ ਡਾਕਟਰੀ ਦੇਖਭਾਲ ਪ੍ਰਤੀ ਸੰਤੁਸ਼ਟੀ ਪ੍ਰਗਟਾਈ।

ਇਹ ਪਤਾ ਲੱਗਣ 'ਤੇ ਕਿ ਰੋਜ਼ਾਨਾ 90-95 ਮਰੀਜ਼ ਆਮ ਆਦਮੀ ਕਲੀਨਿਕ ਵਿੱਚ ਡਾਕਟਰੀ ਸਹੂਲਤਾਂ ਲੈਣ ਲਈ ਆ ਰਹੇ ਹਨ, ਤਾਂ ਡਾ. ਬਲਬੀਰ ਸਿੰਘ ਨੇ ਦੱਸਿਆ ਕਿ ਸਿਹਤ ਸੰਭਾਲ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਦੇ ਸਰਕਾਰ ਦੇ ਯਤਨਾਂ ਸਦਕਾ ਲੋਕਾਂ ਦਾ ਵਿਸ਼ਵਾਸ ਮੁੜ ਬਹਾਲ ਹੋਇਆ ਹੈ ਅਤੇ ਹੁਣ ਨਾਗਰਿਕ ਵਧੇਰੇ ਭਰੋਸੇਯੋਗ ਅਤੇ ਲਾਗਤ-ਪ੍ਰਭਾਵਸ਼ਾਲੀ ਇਲਾਜ ਲਈ ਸਰਕਾਰੀ ਸਹੂਲਤਾਂ ਵਿੱਚ ਇਲਾਜ ਲੈਣ ਨੂੰ ਤਰਜੀਹ ਦੇ ਰਹੇ ਹਨ। ਜ਼ਿਕਰਯੋਗ ਹੈ ਕਿ ਸੂਬੇ ਭਰ ਦੇ 881 ਆਮ ਆਦਮੀ ਕਲੀਨਿਕਾਂ 'ਤੇ 80 ਕਿਸਮਾਂ ਦੀਆਂ ਦਵਾਈਆਂ ਅਤੇ 38 ਕਿਸਮਾਂ ਦੇ ਡਾਇਗਨੌਸਟਿਕ ਟੈਸਟ ਮੁਫ਼ਤ ਕੀਤੇ ਜਾ ਰਹੇ ਹਨ।

ਡਾ. ਬਲਬੀਰ ਸਿੰਘ ਨੇ ਕਿਹਾ ਕਿ ਆਮ ਆਦਮੀ ਕਲੀਨਿਕ ਅਤੇ ਸਿਵਲ ਹਸਪਤਾਲ ਪੰਜਾਬ ਦੀ ਸਿਹਤ ਸੰਭਾਲ ਪ੍ਰਣਾਲੀ ਦੀ ਨੁਹਾਰ ਨੂੰ ਬਦਲ ਰਹੇ ਹਨ। ਉਹਨਾਂ ਅੱਗੇ ਕਿਹਾ ਕਿ ਸੂਬਾ ਸਰਕਾਰ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਹਰ ਨਾਗਰਿਕ ਨੂੰ ਬਿਨਾਂ ਕਿਸੇ ਪਰੇਸ਼ਾਨੀ ਦੇ ਸਮੇਂ ਸਿਰ, ਸੁਚਾਰੂ ਅਤੇ ਮੁਫਤ ਡਾਕਟਰੀ ਸੇਵਾਵਾਂ ਪ੍ਰਾਪਤ ਹੋਣ।

ਰਾਜਪੁਰਾ ਸਿਵਲ ਹਸਪਤਾਲ ਵਿਖੇ , ਜਿੱਥੇ ਬਹੁਤ ਸਾਰੇ ਮਰੀਜ਼ ਸਿਹਤ ਸੇਵਾਵਾਂ ਲੈ ਰਹੇ ਸਨ, ਸਿਹਤ ਮੰਤਰੀ ਨੇ ਸਰਕਾਰੀ ਸਿਹਤ ਸੰਭਾਲ ਵਿੱਚ ਲੋਕਾਂ ਦੇ ਵਧਦੇ ਵਿਸ਼ਵਾਸ 'ਤੇ ਖੁਸ਼ੀ ਪ੍ਰਗਟਾਈ। ਮੈਡੀਸਨ ਓਪੀਡੀ ਅਤੇ ਫਾਰਮੇਸੀ ਦੇ ਬਾਹਰ ਮਰੀਜ਼ਾਂ ਦੀ ਭੀੜ ਨੂੰ ਦੇਖਦਿਆਂ ਡਾ. ਬਲਬੀਰ ਸਿੰਘ ਨੇ ਅਧਿਕਾਰੀਆਂ ਨੂੰ ਤੁਰੰਤ ਬਿਹਤਰ ਕਤਾਰ ਪ੍ਰਣਾਲੀਆਂ ਲਈ ਨਰਸਿੰਗ ਅਤੇ ਆਈਟੀਆਈ ਵਿਦਿਆਰਥੀਆਂ ਨੂੰ ਤਾਇਨਾਤ ਕਰਕੇ ਭੀੜ ਪ੍ਰਬੰਧਨ ਨੂੰ ਅਨੁਕੂਲ ਬਣਾਉਣ ਦੇ ਨਿਰਦੇਸ਼ ਦਿੱਤੇ।

ਉਨ੍ਹਾਂ ਸਰਕਾਰੀ ਸਹੂਲਤਾਂ ਲਈ ਹੋਰ ਫਾਰਮਾ ਅਧਿਕਾਰੀ ਅਤੇ ਸਹਾਇਕ ਸਟਾਫ ਮੁਹੱਈਆ ਕਰਵਾਉਣ ਦਾ ਭਰੋਸਾ ਵੀ ਦਿੱਤਾ, ਤਾਂ ਜੋ ਸਿਹਤ ਸੰਭਾਲ ਸਬੰਧੀ ਕਾਰਜਾਂ ਨੂੰ ਹੋਰ ਸੁਚਾਰੂ ਢੰਗ ਨਾਲ ਕੀਤਾ ਜਾ ਸਕੇ।

ਸਿਹਤ ਮੰਤਰੀ ਨੇ ਅਧਿਕਾਰੀਆਂ ਨੂੰ ਮਰੀਜ਼ਾਂ ਦੀ ਦੇਖਭਾਲ ਲਈ ਉੱਚ ਮਿਆਰਾਂ ਨੂੰ ਬਣਾਈ ਰੱਖਣ ਅਤੇ ਸਾਰੀਆਂ ਸਹੂਲਤਾਂ ਸੁਚਾਰੂ ਢੰਗ ਨਾਲ ਮੁਹੱਈਆ ਕਰਵਾਉਣਾ ਯਕੀਨੀ ਬਣਾਉਣ ਲਈ ਕਿਹਾ। ਉਨ੍ਹਾਂ ਨੇ ਲਾਪਰਵਾਹੀ ਪ੍ਰਤੀ ਸਰਕਾਰ ਦੀ ਜ਼ੀਰੋ-ਟਾਲਰੈਂਸ ਨੀਤੀ ਨੂੰ ਦੁਹਰਾਇਆ ਅਤੇ ਸੇਵਾ ਪ੍ਰਦਾਨ ਕਰਨ ਵਾਲਿਆਂ ਵੱਲੋਂ ਕਿਸੇ ਵੀ ਤਰ੍ਹਾਂ ਦੀ ਕੁਤਾਹੀ ਵਿਰੁੱਧ ਸਖ਼ਤ ਕਾਰਵਾਈ ਦੀ ਚੇਤਾਵਨੀ ਵੀ ਦਿੱਤੀ।

# ਮਾਨਵ ਏਕਤਾ ਦਿਵਸ ਤੇ ਮੌਕੇ ਤੇ ਨਿਰੰਕਾਰੀ ਮਿਸ਼ਨ ਵੱਲੋਂ 381 ਯੂਨਿਟ ਖ਼ੂਨਦਾਨ

**ਚੰਡੀਗੜ੍ਹ, 27 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਨਵ ਏਕਤਾ ਦਿਵਸ ਦੇ ਮੌਕੇ ਤੇ ਅੱਜ ਸੰਤ ਨਿਰੰਕਾਰੀ ਸਤਿਸੰਗ ਭਵਨ ਸੈਕਟਰ 30 ਏ ਚੰਡੀਗੜ੍ਹ ਵਿੱਚ ਸੰਤ ਨਿਰੰਕਾਰੀ ਚੈਰੀਟੇਬਲ ਫਾਊਂਡੇਸ਼ਨ ਵੱਲੋਂ ਖ਼ੂਨਦਾਨ ਕੈਂਪ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਨਿਰੰਕਾਰੀ ਸ਼ਰਧਾਲੂਆਂ ਵੱਲੋਂ 381 ਯੂਨਿਟ ਖ਼ੂਨ ਦਾਨ ਕੀਤਾ ਗਿਆ ਜਿਨਾਂ ਵਿੱਚ ਅਨੇਕਾਂ ਭੈਣਾਂ ਵੀ ਸ਼ਾਮਿਲ ਸਨ।



ਇਸ ਖ਼ੂਨਦਾਨ ਕੈਂਪ ਦਾ ਉਦਘਾਟਨ ਮੁੱਖ ਮੰਤਰੀ ਹਰਿਆਣਾ ਦੇ ਰਾਜਨੀਤਿਕ ਸਕੱਤਰ ਸ਼੍ਰੀ ਤਰੁਣ ਭੰਡਾਰੀ ਜੀ ਨੇ ਕੀਤਾ। ਸ਼੍ਰੀ ਭੰਡਾਰੀ ਨੇ ਕਿਹਾ ਕਿ ਖ਼ੂਨਦਾਨ ਕੈਂਪ ਤਾਂ ਅਨੇਕਾਂ ਦੇਖੇ ਹਨ ਲੇਕਿਨ ਇਹੋ ਜਿਹੇ ਕੈਂਪ ਦੇਖਣ ਨੂੰ ਬਹੁਤ ਘੱਟ ਹੀ ਮਿਲਦੇ ਹਨ ਜਿੱਥੇ ਸਾਰੇ ਨਿਸਵਾਰਥ ਭਾਵ ਨਾਲ ਆਪਣੀ ਇੱਛਾ ਦੇ ਨਾਲ ਖ਼ੂਨ ਦੇਣ ਲਈ ਲਾਈਨਾਂ ਵਿੱਚ ਲੱਗੇ ਹੋਏ ਹਨ। ਮਿਸ਼ਨ ਦੀ ਸਲਾਘਾ ਕਰਦੇ ਹੋਏ ਸ਼੍ਰੀ ਭੰਡਾਰੀ ਨੇ ਕਿਹਾ ਕਿ ਸਤਿਗੁਰੂ ਮਾਤਾ ਸਦੀਕਸ਼ਾ ਜੀ ਮਹਾਰਾਜ ਦੀ ਕਿਰਪਾ ਨਾਲ ਇਹ ਮਿਸ਼ਨ ਪਰਮਾਰਥ ਦੇ ਰਸਤੇ ਤੇ ਚੱਲ ਹੀ ਰਿਹਾ ਹੈ ਇਸ ਦੇ ਨਾਲ ਹੀ ਸਮਾਜਿਕ ਕਲਿਆਣ ਦੇ ਕੰਮਾਂ ਵਿੱਚ ਵੀ ਪਿੱਛੇ ਨਹੀਂ ਹੈ। ਇਸ ਮਿਸ਼ਨ ਵੱਲੋਂ ਨਾ ਕੇਵਲ ਸਮੇਂ ਸਮੇਂ ਤੇ ਖ਼ੂਨਦਾਨ ਕੈਂਪ ਲਗਾਏ ਜਾਂਦੇ ਹਨ ਬਲਕਿ ਸਫਾਈ ਅਭਿਆਨ ਪੌਦਾਰੋਪਣ ,ਪਾਣੀ ਦੇ ਸ਼ੁੱਧੀਕਰਨ ਅਭਿਆਨ ਆਦਿ ਵਿੱਚ ਵੱਧ ਚੜ ਕੇ ਯੋਗਦਾਨ ਦਿੱਤਾ ਜਾਂਦਾ ਹੈ।

ਇਸ ਮੌਕੇ ਤੇ ਜ਼ੋਨਲ ਇੰਚਾਰਜ ਸ਼੍ਰੀ ਓ ਪੀ ਜੀ ਨਿਰੰਕਾਰੀ ਨੇ ਦੱਸਿਆ ਕਿ ਨਿਰੰਕਾਰੀ ਮਿਸ਼ਨ ਵੱਲੋਂ ਇਹ ਦਿਨ ਯੁਗ ਪਰਿਵਰਤਕ ਬਾਬਾ ਗੁਰਬਚਨ ਸਿੰਘ ਜੀ ਦੇ ਪਰਉਪਕਾਰੀ ਜੀਵਨ ਅਤੇ ਉਨਾਂ ਦੀਆਂ ਲੋਕ ਕਲਿਆਣ ਦੀਆਂ ਭਾਵਨਾ ਨੂੰ ਸਮਰਪਿਤ ਹੈ। ਯੁਗ ਦ੍ਰਿਸ਼ਟਾ ਸਤਿਗੁਰੂ ਬਾਬਾ ਹਰਦੇਵ ਸਿੰਘ ਜੀ ਮਹਾਰਾਜ ਦੇ ਨਿਰਦੇਸ਼ ਕੀ ਖ਼ੂਨ ਨਾੜੀਆਂ ਵਿੱਚ ਵਹਿਣਾ ਚਾਹੀਦਾ ਹੈ ਨਾਲੀਆਂ ਵਿੱਚ ਨਹੀਂ ਦੀ ਪਾਲਣਾ ਕਰਦੇ ਹੋਏ ਨਿਰੰਕਾਰੀ ਮਿਸ਼ਨ ਵੱਲੋਂ ਇਸ ਮੌਕੇ ਤੇ ਸਾਲ 1986 ਤੋਂ ਅੱਜ ਦੇ ਦਿਨ ਅਨੇਕਾਂ ਥਾਵਾਂ ਤੇ ਖ਼ੂਨਦਾਨ ਕੈਂਪ ਲਗਾਏ ਜਾਂਦੇ ਹਨ ਅਤੇ ਇਸੇ ਲੜੀ ਵਿੱਚ ਅੱਜ ਵੀ ਭਾਰਤ ਦੇ ਲਗਭਗ 500 ਥਾਵਾਂ ਤੇ ਖ਼ੂਨਦਾਨ ਕੈਂਪ ਦਾ ਆਯੋਜਨ ਕੀਤਾ ਗਿਆ ਇਹਨਾਂ ਕੈਂਪਾਂ ਵਿੱਚ ਹੁਣ ਤੱਕ 15,00,000 ਯੂਨਿਟ ਖ਼ੂਨ ਮਾਨਵ ਮਾਤਰ ਦੀ ਭਲਾਈ ਲਈ ਦਿੱਤਾ ਜਾ ਚੁੱਕਾ ਹੈ।

ਸ੍ਰੀ ਨਿਰੰਕਾਰੀ ਨੇ ਇੱਥੇ ਸੈਂਕੜਿਆਂ ਦੀ ਗਿਣਤੀ ਵਿੱਚ ਹਾਜ਼ਰ ਖ਼ੂਨਦਾਨੀਆਂ ਦਾ ਹੌਸਲਾ ਦੇਖ ਕੇ ਉਹਨਾਂ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਇਹ ਜੋ ਦਾਨ ਕੀਤਾ ਗਿਆ ਹੈ ਇਹ ਪਰਮਾਤਮਾ ਦੁਆਰਾ ਦਿੱਤੇ ਗਏ ਤਨ ਨਾਲ ਹੀ ਕੀਤਾ ਜਾ ਰਿਹਾ ਹੈ। ਕਿਉਂਕਿ ਸਾਡੇ ਸਾਰਿਆਂ ਦੇ ਸਰੀਰ ਵਿੱਚ ਪਰਮਾਤਮਾ ਨੇ ਇੱਕ ਰਿਜ਼ਰਵ ਖ਼ੂਨ ਦਾ ਸਿਸਟਮ ਬਣਾਇਆ ਹੁੰਦਾ ਹੈ। ਉਸ ਦੇ ਕਾਰਨ ਹੀ ਅਸੀਂ ਖ਼ੂਨਦਾਨ ਕਰ ਪਾਉਂਦੇ ਹਾਂ। ਸਾਡੇ ਸਰੀਰ ਵਿੱਚ ਵਗਣ ਵਾਲਾ ਖ਼ੂਨ ਜਿੱਥੇ ਸਾਨੂੰ ਜੀਵਨ ਦਾਨ ਦਿੰਦਾ ਹੈ ਉੱਥੇ ਸਾਡੇ ਵੱਲੋਂ ਦਾਨ ਕੀਤਾ ਗਿਆ ਖ਼ੂਨ ਦੂਸਰਿਆਂ ਨੂੰ ਵੀ ਜੀਵਨਦਾਨ ਦਿੰਦਾ ਹੈ। ਸ੍ਰੀ ਨਿਰੰਕਾਰੀ ਨੇ ਅੱਗੇ ਕਿਹਾ ਕਿ ਸਵੈ ਇੱਛਾ ਨਾਲ ਖ਼ੂਨਦਾਨ ਕਰਨਾ ਮਾਨਵ ਏਕਤਾ ਦਿਵਸ ਨੂੰ ਵਿਵਹਾਰਿਕ ਰੂਪ ਦੇਣ ਦਾ ਇੱਕ ਸਪਸ਼ਟ ਉਦਾਹਰਣ ਹੈ। ਕਿਉਂਕਿ ਇਹ ਦਾਨ ਉਹੀ ਕਰ ਸਕਦਾ ਹੈ ਜਿਸ ਵਿਚ ਮਾਨਵ ਨੂੰ ਮਾਨਵ ਹੋ ਪਿਆਰਾ ਦੀ ਭਾਵਨਾ ਹੁੰਦੀ ਹੈ।

ਇਸ ਮੌਕੇ ਤੇ ਇੱਥੇ ਦੇ ਸੰਯੋਜਕ ਸ੍ਰੀ ਨਵਨੀਤ ਪਾਠਕ ਨੇ ਪੀਜੀਆਈ ਚੰਡੀਗੜ੍ਹ ਅਤੇ ਮਲਟੀ ਸਪੈਸ਼ਲਿਸਟ ਹਸਪਤਾਲ ਸੈਕਟਰ 16 ਚੰਡੀਗੜ੍ਹ ਤੋਂ ਆਈ ਡਾਕਟਰਾਂ ਦੀ ਟੀਮ ਅਤੇ ਸਾਰੇ ਖ਼ੂਨਦਾਨੀਆਂ ਚੰਡੀਗੜ੍ਹ ਅਤੇ ਮਨੀ ਮਾਜਰਾ ਦੇ ਸਾਰੇ ਮੁਖੀ ,ਸੇਵਾ ਦਲ ਅਧਿਕਾਰੀਆਂ ਅਤੇ ਸੇਵਾ ਦਲ ਦੇ ਮੈਂਬਰਾਂ ਦਾ ਧੰਨਵਾਦ ਕੀਤਾ।

# ਰਿਸ਼ਤੇ ਹੋਏ ਤਾਰੋ ਤਾਰ ,ਪੁੱਤਰ ਨੇ ਕੀਤੀ ਆਪਣੇ ਬਜ਼ੁਰਗ ਪਿਤਾ ਦੀ ਕੁੱਟਮਾਰ, ਕੱਢਿਆ ਘਰੋਂ

**ਮਾਛੀਵਾੜਾ ਸਾਹਿਬ, 27 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਛੀਵਾੜਾ ਨਜਦੀਕੀ ਕਰਨੈਲ ਸਿੰਘ ਨੇ ਪੁਲਿਸ ਦੇ ਉੱਚ ਅਧਿਕਾਰੀਆਂ ਕੋਲ ਗੁਹਾਰ ਲਗਾਈ ਕਿ ਉਸਦੇ ਭਤੀਜੇ ਨੇ ਉਸਦੇ ਭਰਾ ਦੀ ਜਮੀਨ ਆਪਣੇ ਨਾਮ ਕਰਵਾ ਕੇ ਉਸਦੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ ਅਤੇ ਫਿਰ ਘਰੋਂ ਬਾਹਰ ਕੱਢ ਦਿੱਤਾ ਜਿਸ ਕਾਰਨ ਉਸਦਾ ਭਰਾ ਹੁਣ ਗੰਭੀਰ ਹਾਲਤ ਵਿਚ ਪਿਆ ਹੈ ਅਤੇ ਪੁਲਿਸ ਹੁਣ ਅਜਿਹੇ ਪੁੱਤਰ ਖਿਲਾਫ਼ ਸਖ਼ਤ ਕਾਰਵਾਈ ਕਰੇ। ਕਰਨੈਲ ਸਿੰਘ ਨੇ ਪੁਲਿਸ ਉੱਚ ਅਧਿਕਾਰੀਆਂ ਕੋਲ ਸ਼ਿਕਾਇਤ ਦਰਜ ਕਰਵਾਈ ਕਿ ਉਸਦਾ ਭਰਾ ਪਿਆਰਾ ਸਿੰਘ ਬੇਟ ਇਲਾਕੇ ਦੇ ਪਿੰਡ ਵਿਚ ਆਪਣੇ ਪੁੱਤ ਨਾਲ ਰਹਿ ਰਿਹਾ ਸੀ ਅਤੇ ਉਸਦੀ ਪਤਨੀ ਦੀ ਮੌਤ ਹੋ ਚੁੱਕੀ ਹੈ।

80 ਸਾਲਾ ਬਜ਼ੁਰਗ ਪਿਆਰਾ ਸਿੰਘ ਦੀ ਕਰੀਬ ਡੇਢ ਏਕਡ ? ਜਮੀਨ ਵੀ ਪੁੱਤ ਨੇ ਆਪਣੇ ਨਾਮ ਕਰਵਾ ਲਈ ਅਤੇ ਉਸ ਤੋਂ ਬਾਅਦ ਉਸਦੀ ਕੁੱਟਮਾਰ ਕਰਨ ਲੱਗਾ। ਕਰਨੈਲ ਸਿੰਘ ਨੇ ਦੋਸ਼ ਲਗਾਇਆ ਕਿ ਉਸਦੇ ਭਰਾ ਪਿਆਰਾ ਸਿੰਘ ਦੀ ਉਸਦੇ ਪੁੱਤਰ ਵਲੋਂ ਸੋਟੀਆਂ ਮਾਰ ਕੇ ਚੂਲਾ ਤੋਡ ? ਦਿੱਤਾ ਅਤੇ ਅੱਖਾਂ ਵਿਚ ਵੀ ਮੁੱਕੀਆਂ ਮਾਰੀਆਂ ਜਿਸ ਕਾਰਨ ਉਸਦੇ ਜ਼ਖ਼ਮ ਬਣ ਗਏ। ਪਿਆਰਾ ਸਿੰਘ ਨੂੰ ਉਸਦੀ ਧੀ ਤੇ ਖੰਨਾ ਵਿਖੇ ਰਹਿੰਦੇ ਪੋਤਿਆਂ ਵਲੋਂ ਹਸਪਤਾਲ ਵਿਖੇ ਇਲਾਜ ਲਈ ਦਾਖਲ ਕਰਵਾਇਆ ਗਿਆ ਪਰ ਡਾਕਟਰਾਂ ਨੇ ਇਹ ਕਹਿ ਕੇ ਜਵਾਬ ਦੇ ਦਿੱਤਾ ਕਿ ਹੁਣ ਇਸ ਦੀ ਘਰ ਜਾ ਕੇ ਸੇਵਾ ਕਰ ਲਓ ਕਿਉਂਕਿ ਇਸ ਦੀ ਹਾਲਤ ਗੰਭੀਰ ਹੈ। ਕਰਨੈਲ ਸਿੰਘ ਨੇ ਦੱਸਿਆ ਕਿ ਉਸਦੇ ਭਰਾ ਪਿਆਰਾ ਸਿੰਘ 'ਤੇ ਉਸਦੇ ਪੁੱਤ ਵਲੋਂ ਕੀਤੇ ਅੰਨ੍ਹੇ ਤਸ਼ੱਦਦ ਸਬੰਧੀ ਪੁਲਿਸ ਉੱਚ ਅਧਿਕਾਰੀਆਂ ਨੂੰ ਦਰਖਾਸਤਾਂ ਦਿੱਤੀਆਂ ਪਰ ਅਜੇ ਤੱਕ ਕੋਈ ਕਾਰਵਾਈ ਨਹੀਂ ਹੋਈ। ਉਸਨੇ ਦੱਸਿਆ ਕਿ ਉਸਦੇ ਭਰਾ ਪਿਆਰਾ ਸਿੰਘ ਦੀ ਹਾਲਤ ਦਿਨ ਬ ਦਿਨ ਵਿਗਡ ?ਦੀ ਜਾ ਰਹੀ ਹੈ ਅਤੇ ਉਸ ਉੱਪਰ ਤਸ਼ੱਦਦ ਕਰਨ ਵਾਲੇ ਪੁੱਤਰ ਖਿਲਾਫ਼ ਪੁਲਿਸ ਸਖ਼ਤ ਤੋਂ ਸਖ਼ਤ ਕਾਰਵਾਈ ਕਰੇ।

ਸਹਾਇਕ ਥਾਣੇਦਾਰ ਪਵਨਜੀਤ ਸਿੰਘ ਨੇ ਕਿਹਾ ਕਿ ਉਨ੍ਹਾਂ ਵਲੋਂ ਸ਼ਿਕਾਇਤਕਰਤਾ ਨੂੰ ਬਿਆਨ ਦਰਜ ਕਰਨ ਲਈ ਬੁਲਾਇਆ ਗਿਆ ਹੈ ਅਤੇ ਇਸ ਮਾਮਲੇ ਵਿਚ ਜੋ ਵੀ ਕਾਨੂੰਨੀ ਕਾਰਵਾਈ ਹੋਵੇਗੀ ਉਹ ਅਮਲ ਵਿਚ ਲਿਆਂਦੀ ਜਾਵੇਗੀ।

# ਆਸਟਰੇਲੀਆ ਦੇ ਸੰਸਦ ਮੈਂਬਰ ਡਾਇਲਨ ਵਾਈਟ ਨੇ ਪੰਜਾਬ ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾਂ ਨਾਲ ਕੀਤੀ ਮੁਲਾਕਾਤ

**ਚੰਡੀਗੜ੍ਹ, 27 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਆਸਟਰੇਲੀਆ ਦੇ ਟਾਰਨੀਟ ਹਲਕੇ ਤੋਂ ਸੰਸਦ ਮੈਂਬਰ ਡਾਇਲਨ ਵਾਈਟ ਨੇ ਅੱਜ ਚੰਡੀਗੜ੍ਹ ਵਿਖੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ ਨਾਲ, ਉਨ੍ਹਾਂ ਦੇ ਨਿਵਾਸ ਸਥਾਨ 'ਤੇ ਮੁਲਾਕਾਤ ਕੀਤੀ। ਦੋਵਾਂ ਨੇਤਾਵਾਂ ਨੇ ਕਈ ਮਹੱਤਵਪੂਰਨ ਮੁੱਦਿਆਂ 'ਤੇ ਚਰਚਾ ਕੀਤੀ। ਸੰਧਵਾਂ ਨੇ ਆਸਟਰੇਲੀਆ ਅਤੇ ਭਾਰਤ ਵਿਚਕਾਰ ਸਿੱਖਿਆ, ਸਿਹਤ, ਖੇਡਾਂ ਅਤੇ ਖੇਤੀਬਾੜੀ ਦੇ ਖੇਤਰਾਂ ਵਿੱਚ ਹੋਰ ਵਧੇਰੇ ਸਹਿਯੋਗ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਅਜਿਹੀਆਂ ਸਾਂਝੇਦਾਰੀਆਂ ਦੋਵਾਂ ਦੇਸ਼ਾਂ ਦੇ ਲੋਕਾਂ ਨੂੰ ਲਾਭ ਪਹੁੰਚਾਉਣਗੀਆਂ।



ਉਨ੍ਹਾਂ ਨੇ ਆਸਟਰੇਲੀਆਈ ਯੂਨੀਵਰਸਿਟੀਆਂ ਨੂੰ ਅਤਿ-ਆਧੁਨਿਕ ਤਕਨਾਲੋਜੀਆਂ ਸਾਂਝੀਆਂ ਕਰਨ ਲਈ ਪੰਜਾਬ-ਅਧਾਰਤ ਸੰਸਥਾਵਾਂ ਨਾਲ ਭਾਈਵਾਲੀ ਕਰਨ ਦਾ ਸੱਦਾ ਵੀ ਦਿੱਤਾ। ਉਨ੍ਹਾਂ ਨੇ, ਵਿਸ਼ੇਸ਼ ਤੌਰ ਤੇ ਆਸਟਰੇਲੀਆਈ ਯੂਨੀਵਰਸਿਟੀਆਂ ਅਤੇ ਬਾਬਾ ਫਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਜ਼ ਵਿਚਕਾਰ ਸਹਿਯੋਗ ਦਾ ਪ੍ਰਸਤਾਵ ਰੱਖਿਆ ਤਾਂ ਜੋ ਨਵੀਨਤਾ ਨੂੰ ਅੱਗੇ ਵਧਾਇਆ ਜਾ ਸਕੇ ਅਤੇ ਆਪਸੀ ਲਾਭ ਲਿਆ ਜਾ ਸਕੇ।

ਸਪੀਕਰ ਸੰਧਵਾਂ ਨੇ ,ਹਰੀ ਊਰਜਾ ਦੀ ਵਿਕਾਸ ਵਿੱਚ ਪੰਜਾਬ ਦੀਆਂ ਮਹੱਤਵਪੂਰਨ ਸੰਭਾਵਨਾਵਾਂ 'ਤੇ ਚਾਨਣਾ ਪਾਇਆ ਅਤੇ ਡਾਇਲਨ ਵਾਈਟ ਨੂੰ ਇਸ ਖੇਤਰ ਵਿੱਚ ਤਕਨਾਲੋਜੀ ਆਦਾਨ-ਪ੍ਰਦਾਨ ਨੂੰ ਸੁਵਿਧਾਜਨਕ ਬਣਾਉਣ ਵਿੱਚ ਮਦਦ ਕਰਨ ਦੀ ਅਪੀਲ ਕੀਤੀ।

ਸਪੀਕਰ ਨੇ, ਖੇਤੀਬਾੜੀ ਖੇਤਰ ਵਿੱਚ, ਉਤਪਾਦਕਤਾ ਨੂੰ ਬਿਹਤਰ ਬਣਾਉਣ ਲਈ ਸਹਿਯੋਗ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਆਸਟਰੇਲੀਆ ਤੋਂ ਨਵੇਂ ਢੰਗ ਅਪਣਾ ਕੇ, ਪੰਜਾਬ ਦੇ ਕਿਸਾਨ ਉਤਪਾਦਨ ਨੂੰ ਵਧਾ ਸਕਦੇ ਹਨ ਅਤੇ ਰਾਜ ਦੀ ਖੇਤੀਬਾੜੀ ਆਰਥਿਕਤਾ ਨੂੰ ਮਜ਼ਬੂਤ ਕਰ ਸਕਦੇ ਹਨ।

# ਪਹਿਲਗਾਮ ਵਿੱਚ ਆਤੰਕੀਆਂ ਵੱਲੋਂ ਮਾਰੇ ਗਏ ਸੈਲਾਨੀਆਂ ਤੇ ਆਮ ਲੋਕਾਂ ਦੀ ਆਤਮਿਕ ਸ਼ਾਂਤੀ ਲਈ ਧਾਰਿਆ ਦੋ ਮਿੰਟ ਦਾ ਮੋਨ



**ਮੋਗਾ, 25 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਬੀਤੇ ਦਿਨੀਂ ਜੰਮੂ ਅਤੇ ਕਸ਼ਮੀਰ ਦੇ ਪਹਿਲਗਾਮ 'ਚ ਆਤੰਕੀਆਂ ਵੱਲੋਂ ਧਰਮ ਪੁੱਛ-ਪੁੱਛ ਕੇ ਨਿਰਦੋਸ਼ ਲੋਕਾਂ ਦੀ ਹੱਤਿਆ ਕੀਤੇ ਜਾਣ ਦੀ ਘਟਨਾ ਬਹੁਤ ਹੀ ਮੰਦਭਾਗੀ ਹੈ। ਇਸ ਅੱਤਵਾਦੀ ਹਮਲੇ ਵਿੱਚ ਕਿਸੇ ਨੇ ਆਪਣਾ ਪੁੱਤਰ ਗੁਆ ਦਿੱਤਾ ਹੈ, ਕਿਸੇ ਨੇ ਆਪਣਾ ਭਰਾ ਗੁਆ ਦਿੱਤਾ ਹੈ, ਕਿਸੇ ਨੇ ਆਪਣਾ ਜੀਵਨ ਸਾਥੀ ਗੁਆ ਦਿੱਤਾ ਹੈ। ਇਸ ਹਮਲੇ ਵਿੱਚ ਦੇਸ਼ ਦੇ ਸੈਲਾਨੀਆਂ ਨੂੰ ਵੀ ਜਾਨਾਂ ਗੁਆਣੀਆਂ ਪਈਆ। ਉਨ੍ਹਾਂ ਸਾਰੇ ਲੋਕਾਂ ਦੀ ਮੌਤ 'ਤੇ ਸਾਡਾ ਸਾਰਿਆਂ ਦਾ ਦੁੱਖ ਇੱਕੋ ਜਿਹਾ ਹੈ ਅਤੇ ਅਸੀਂ ਪਰਮਾਤਮਾ ਅੱਗੇ ਇਸ ਦੁੱਖ ਦੀ ਘੜੀ ਵਿੱਚ ਉਹਨਾਂ ਦੇ ਪਰਿਵਾਰਾਂ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ ਅਤੇ ਵਿਛੜੀਆਂ ਰੂਹਾਂ ਦੀ ਆਤਮਿਕ ਸ਼ਾਂਤੀ ਦੀ ਅਰਦਾਸ ਕਰਦੇ ਹਾਂ।

ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਵਿਧਾਇਕ ਮੋਗਾ ਡਾ ਅਮਨਦੀਪ ਕੌਰ ਅਰੋੜਾ ਵੱਲੋਂ ਮੋਗਾ ਦੇ ਪਾਠਸ਼ਾਲਾ ਮੰਦਰ ਪ੍ਰਤਾਪ ਰੋਡ ਵਿਖੇ ਵਿਛੜੀਆਂ ਰੂਹਾਂ ਦੀ ਆਤਮਿਕ ਸ਼ਾਂਤੀ ਲਈ ਪ੍ਰਾਰਥਨਾ ਕਰਨ ਮੌਕੇ ਕੀਤਾ। ਇਸ ਮੌਕੇ ਚੇਅਰਮੈਨ ਨਗਰ ਸੁਧਾਰ ਟਰੱਸਟ ਮੋਗਾ ਸ਼੍ਰੀ ਰਮਨ ਮਿੱਤਲ, ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਮੋਗਾ ਸ੍ਰ. ਹਰਮਨਦੀਪ ਸਿੰਘ ਬਰਾੜ, ਮੇਅਰ ਨਗਰ ਨਿਗਮ ਮੋਗਾ ਸ੍ਰ. ਬਲਜੀਤ ਸਿੰਘ ਚਾਨੀ, ਕੌਂਸਲਰ ਤੇ ਆਮ ਆਦਮੀ ਪਾਰਟੀ ਦੇ ਵਰਕਰ ਵੀ ਹਾਜਰ ਸਨ। ਸਮੂਹ ਨੇ ਵਿਛੜੀਆਂ ਰੂਹਾਂ ਦੀ ਆਤਮਿਕ ਸ਼ਾਂਤੀ ਲਈ ਦੋ ਮਿੰਟ ਦਾ ਮੋਨ ਵੀ ਧਾਰਨ ਕੀਤਾ। ਵਿਧਾਇਕ ਨੇ ਕਿਹਾ ਕਿ ਮਾਰੇ ਗਏ ਬੇਗੁਨਾਹ ਲੋਕਾਂ ਤੇ ਉਹਨਾਂ ਨੂੰ ਬਹੁਤ ਅਫ਼ਸੋਸ ਹੈ। ਉਹਨਾਂ ਸਮੂਹ ਪੰਜਾਬ ਵਾਸੀਆਂ, ਜ਼ਿਲ੍ਹਾ ਮੋਗਾ ਵਾਸੀਆਂ ਨੂੰ ਅਪੀਲ ਕੀਤੀ ਕਿ ਆਤੰਕਵਾਦੀਆਂ ਦੀਆਂ ਇਹ ਧਰਮ ਦੇ ਨਾਮ ਤੇ ਲੜਾਈਆਂ ਦੀਆਂ ਚਾਲਾਂ ਨੂੰ ਪਛਾਣਿਆ ਜਾਵੇ ਅਤੇ ਆਪਸੀ ਭਾਈਚਾਰਕ ਸਾਂਝ ਤੇ ਅਮਨ ਸ਼ਾਂਤੀ ਕਾਇਮ ਰੱਖੀ ਜਾਵੇ।

ਇਸ ਮੌਕੇ ਚੇਅਰਮੈਨ ਨਗਰ ਸੁਧਾਰ ਟਰੱਸਟ ਸ਼੍ਰੀ ਰਮਨ ਅਰੋੜਾ, ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਮੋਗਾ ਸ੍ਰ. ਹਰਮਨਦੀਪ ਸਿੰਘ ਬਰਾੜ, ਮੇਅਰ ਨਗਰ ਨਿਗਮ ਮੋਗਾ ਸ੍ਰ. ਬਲਜੀਤ ਸਿੰਘ ਚਾਨੀ ਵੱਲੋਂ ਵੀ ਵਿਛੜੀਆਂ ਰੂਹਾਂ ਦੀ ਆਤਮਿਕ ਸ਼ਾਂਤੀ ਲਈ ਬੇਨਤੀ ਕੀਤੀ।

# ਭਾਸ਼ਾ ਵਿਭਾਗ ਵੱਲੋਂ ਡਾ. ਸੁਰਜੀਤ ਪਾਤਰ ਯੁਵਾ ਸਾਹਿਤ ਪੁਰਸਕਾਰ ਲਈ ਪੁਸਤਕਾਂ ਦੀ ਮੰਗ

**ਪਟਿਆਲਾ, 27 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਅਤੇ ਨਿਰਦੇਸ਼ਕ ਭਾਸ਼ਾ ਵਿਭਾਗ, ਪੰਜਾਬ ਜਸਵੰਤ ਸਿੰਘ ਜ਼ਫ਼ਰ ਦੇ ਦਿਸ਼ਾ ਨਿਰਦੇਸ਼ ਹੇਠ ਪਿਛਲੇ ਵਰ੍ਹੇ ਵਿਛੋੜਾ ਦੇ ਗਏ ਪੰਜਾਬੀ ਦੇ ਪ੍ਰਸਿੱਧ ਸਾਹਿਤਕਾਰ ਡਾ. ਸੁਰਜੀਤ ਪਾਤਰ ਜੀ ਦੇ ਨਾਮ 'ਤੇ ਨੌਜਵਾਨ ਪੀੜ੍ਹੀ ਨੂੰ ਉਤਸ਼ਾਹਿਤ ਕਰਨ ਲਈ ਡਾ. ਸੁਰਜੀਤ ਪਾਤਰ ਯੁਵਾ ਸਾਹਿਤ ਪੁਰਸਕਾਰ ਵਾਸਤੇ ਪੁਸਤਕਾਂ ਦੀ ਮੰਗ ਕੀਤੀ ਗਈ ਹੈ। ਇਸ ਸਬੰਧੀ ਵਿਸਤਾਰ ਨਾਲ ਗੱਲ ਕਰਦਿਆਂ ਡਾ. ਜਸਵੰਤ ਰਾਏ ਜ਼ਿਲ੍ਹਾ ਖੋਜ ਅਫ਼ਸਰ ਨੇ ਦੱਸਿਆ ਕਿ ਕਿਸੇ ਵੀ ਵਿਧਾ ਦੀ ਪੰਜਾਬੀ ਦੀ ਪੁਸਤਕ ਲਿਖਣ ਵਾਲਾ ਵਿਦਿਆਰਥੀ ਇਸ ਪੁਰਸਕਾਰ ਲਈ ਦਾਅਵੇਦਾਰ ਹੋ ਸਕਦਾ ਹੈ। ਵਿਦਿਆਰਥੀ ਦੁਨੀਆ ਦੇ ਕਿਸੇ ਵੀ ਕੋਨੇ ਵਿਚ ਰਹਿੰਦਾ ਅਤੇ ਪੜ੍ਹਦਾ ਹੋ ਸਕਦਾ ਹੈ। ਕਿਸੇ ਵੀ ਸਕੂਲ/ਕਾਲਜ/ਯੂਨੀਵਰਸਿਟੀ ਦਾ ਵਿਦਿਆਰਥੀ ਜਿਸ ਦੀ ਉਮਰ 25 ਸਾਲ ਤੋਂ ਘੱਟ ਹੋਵੇ, ਇਸ ਪੁਰਸਕਾਰ ਲਈ ਆਪਣੀ ਦਾਅਵੇਦਾਰੀ ਪੇਸ਼ ਕਰ ਸਕਦਾ ਹੈ। ਸਕੂਲ/ਕਾਲਜ ਦਾ ਪ੍ਰਿੰਸੀਪਲ / ਯੂਨੀਵਰਸਿਟੀ ਦੇ ਵਿਭਾਗ ਦਾ ਮੁਖੀ ਵਿਦਿਆਰਥੀ ਦੀ ਪੁਸਤਕ ਦੀ ਮੌਲਿਕਤਾ ਸਬੰਧੀ ਸਰਟੀਫਿਕੇਟ ਦੇਵੇਗਾ। ਮੁਕਾਬਲੇ ਵਿਚ ਭਾਗ ਲੈਣ ਲਈ ਕੇਵਲ ਉਹ ਪੁਸਤਕ ਹੀ ਸ਼ਾਮਲ ਕੀਤੀ ਜਾ ਸਕੇਗੀ ਜਿਹੜੀ 01 ਜਨਵਰੀ, 2024 ਤੋਂ 31 ਦਸੰਬਰ, 2024 ਦੌਰਾਨ ਪ੍ਰਕਾਸ਼ਿਤ ਹੋਈ ਹੋਵੇ।ਯੁਵਾ ਸਾਹਿਤ ਪੁਰਸਕਾਰ ਲਈ ਬਿਨੈ ਪੱਤਰ ਅਤੇ ਨਿਯਮ ਭਾਸ਼ਾ ਵਿਭਾਗ ਪੰਜਾਬ ਦੀ ਵੈਬਸਾਈਟ ਜਾਂ ਜ਼ਿਲ੍ਹਾ ਭਾਸ਼ਾ ਦਫ਼ਤਰ ਹੁਸ਼ਿਆਰਪੁਰ ਤੋਂ ਪ੍ਰਾਪਤ ਕੀਤੇ ਜਾ ਸਕਦੇ ਹਨ। ਬਿਨੈ ਪੱਤਰ ਨਾਲ 4 ਪੁਸਤਕਾਂ ਦੇ ਸੈੱਟ ਨੂੰ ਨੱਥੀ ਕਰਕੇ 30 ਅਪ੍ਰੈਲ, 2025 ਤੱਕ ਭਾਸ਼ਾ ਵਿਭਾਗ ਪੰਜਾਬ ਪਟਿਆਲਾ ਦੇ ਮੁੱਖ ਦਫ਼ਤਰ ਵਿਖੇ ਦਸਤੀ ਜਾਂ ਡਾਕ ਰਾਹੀਂ ਪਹੁੰਚਾਇਆ ਜਾ ਸਕਦਾ ਹੈ। ਚੁਣੇ ਗਏ ਯੁਵਾ ਸਾਹਿਤਕਾਰ ਨੂੰ ਵਿਭਾਗ ਦੇ ਸਲਾਨਾ ਸਮਾਗਮ ਵਿਚ ਇੱਕ ਲੱਖ ਰੁਪਏ ਨਗਦ ਰਾਸ਼ੀ, ਇੱਕ ਸ਼ਾਲ ਅਤੇ ਇੱਕ ਯਾਦ ਚਿਨ੍ਹ ਨਾਲ ਸਨਮਾਨਿਤ ਕੀਤਾ ਜਾਵੇਗਾ।

# ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ ਵੱਲੋਂ ਬਾਬਾ ਜਗਜੀਤ ਸਿੰਘ ਦੀ ਦਸਤਾਰਬੰਦੀ



**ਬਟਾਲਾ, 27 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਗੁਰੂ ਨਾਨਕ ਤਰਨਾ ਦਲ ਮੜ੍ਹੀਆਂ ਵਾਲੇ ਦੇ ਮੁਖੀ ਬਾਬਾ ਮਾਨ ਸਿੰਘ ਦੇ ਨਮਿਤ ਰੱਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਸ੍ਰੀ ਹਰਿਮੰਦਰ ਸਾਹਿਬ ਦੇ ਵੱਖ-ਵੱਖ ਰਾਗੀ ਜਥਿਆਂ ਅਤੇ ਨਿਹੰਗ ਸਿੰਘਾਂ ਦੇ ਰਾਗੀ ਜਥਿਆਂ ਨੇ ਗੁਰਬਾਣੀ ਦਾ ਵੈਰਾਗਮਈ ਮਨੋਹਰ ਕੀਰਤਨ ਕੀਤਾ।

ਉਪਰੰਤ ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਦੇ ਖੁਲੇ ਪੰਡਾਲ ਵਿੱਚ ਸਜੇ ਧਰਾਮਿਕ ਦੀਵਾਨ ਵਿੱਚ ਬੁੱਢਾ ਦਲ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਬਾਬਾ ਮਾਨ ਸਿੰਘ ਗੁਰੂ ਨਾਨਕ ਦਲ ਮੜੀਆਂ ਵਾਲਿਆਂ ਨੂੰ ਸਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਬਾਬਾ ਮਾਨ ਸਿੰਘ ਸੱਚੇ ਸੁੱਚੇ ਗੁਰੂ ਘਰ ਦੇ ਸੇਵਕ ਸਨ ਉਨ੍ਹਾਂ ਦੀ ਰੂਹ ਆਤਮਿਕ ਰੰਗ ਵਿੱਚ ਪੂਰੀ ਤਰ੍ਹਾਂ ਲਵਲੀਨ ਸੀ

# ਰਾਗ ਨਾਦ ਸਬਦਿ ਸੋਹਲੇ 15

ਇਕਵਾਕ ਸਿੰਘ ਪੱਟੀ

ਸਮੁੱਚੀ ਮਾਨਵਤਾ ਦੇ ਸਰਬ ਸਾਂਝੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੰਜਵੇਂ ਨਾਨਕ ਗੁਰੂ ਅਰਜਨ ਦੇਵ ਜੀ ਵੱਲੋਂ ਭਾਈ ਗੁਰਦਾਸ ਜੀ ਕੋਲੋਂ ਦਰਜ ਕਰਵਾਈ ਗਈ ਬਾਣੀ ਰਾਗਾਂ ਦੇ ਅਧੀਨ ਹੈ। ਗੁਰੂ ਗ੍ਰੰਥ ਸਾਹਿਬ ਵਿਚ ਕੁਝ ਬਾਣੀ ਰਾਗ ਮੁਕਤ ਵੀ ਹੈ ਪਰ ਜ਼ਿਆਦਾਤਾਰ ਬਾਣੀ ਰਾਗਾਂ ਦੇ ਅਧੀਨ ਹੈ। ਸਭ ਤੋਂ ਸ੍ਰੇਸ਼ਟ ਰਾਗ ਬਾਰੇ ਗੁਰੂ ਰਾਮਦਾਸ ਜੀ ਫ਼ੁਰਮਾਉਂਦੇ ਹਨ, 'ਸਭਨਾ ਰਾਗਾਂ ਵਿਚਿ ਸੋ ਭਲਾ ਭਾਈ ਜਿਤੁ ਵਸਿਆ ਮਨਿ ਆਇ॥' ਭਾਵ ਉਹੀ ਰਾਗ ਸਫ਼ਲ ਹੈ ਜਿਸ ਨੂੰ ਸੁਣਦਿਆਂ-ਪੜ੍ਹਦਿਆਂ, ਗਾਉਂਦਿਆਂ ਹੋਇਆਂ ਸ੍ਰਿਸ਼ਟੀ ਦਾ ਕਰਤਾ ਪਰਮਾਤਮਾ ਚੇਤੇ ਆ ਜਾਵੇ। ਅੱਜ ਜਾਣਦੇ ਹਾਂ ਗੁਰੂ ਸਾਹਿਬ ਵੱਲੋਂ ਉਚਾਰੇ 31 ਰਾਗਾਂ ਵਿੱਚੋਂ 15ਵੇਂ ਸਥਾਨ 'ਤੇ ਆਉਣ ਵਾਲੇ ਰਾਗ 'ਸੂਹੀ' ਬਾਰੇ...



## ਰਾਗ ਸੂਹੀ

ਸੂਹੀ ਰਾਗ ਗੁਰੂ ਅਰਜਨ ਦੇਵ ਜੀ ਵੱਲੋਂ ਗੁਰੂ ਗ੍ਰੰਥ ਸਾਹਿਬ ਜੀ ਦੀ ਰਾਗ ਤਰਤੀਬ ਵਿਚ ਪੰਦਰਵੇਂ ਸਥਾਨ 'ਤੇ ਆਉਂਦਾ ਹੈ। ਇਸ ਰਾਗ ਵਿਚਲੀ ਬਾਣੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ ਨੰਬਰ 728 ਤੋਂ 794 ਤਕ ਸੁਸ਼ੋਭਿਤ ਹੈ। ਭਾਵੇਂ ਇਹ ਰਾਗ ਅਪ੍ਰਚਲਿਤ ਰਾਗ ਮੰਨਿਆ ਜਾਂਦਾ ਹੈ ਪਰ ਗੁਰਮਤਿ ਸੰਗਤਿ ਦੇ ਖੇਤਰ ਵਿਚ ਇਕ ਪ੍ਰਸਿੱਧ ਰਾਗ ਹੈ। ਇਸ ਦਾ ਮੁੱਖ ਕਾਰਨ ਹੈ ਕਿ ਸਿੱਖ ਦੇ ਜੀਵਣ ਦੇ ਇਕ ਮਹੱਤਵਪੂਰਣ ਅੰਗ 'ਅਨੰਦ ਕਾਰਜ' ਮੌਕੇ ਗੁਰੂ ਰਾਮਦਾਸ ਜੀ ਵੱਲੋਂ ਸੂਹੀ ਰਾਗ ਵਿਚ ਉਚਾਰਣ ਕੀਤੀਆਂ ਗਈਆਂ ਚਾਰ ਲਾਵਾਂ ਦਾ ਪਾਠ ਵਿਆਂਦੜ ਜੋੜੀ ਦੀਆਂ ਲਾਵਾਂ ਮੌਕੇ ਵਿਸ਼ੇਸ਼ ਤੌਰ 'ਤੇ ਕੀਤੇ ਜਾਣ ਦੀ ਮਰਿਆਦਾ ਹੈ। ਜਿਸ ਨੂੰ ਕੀਰਤਨ ਅਤੇ ਪਾਠ ਦੇ ਰੂਪ ਵਿਚ ਕੀਤਾ ਜਾਂਦਾ ਹੈ। ਇਸ ਤੋਂ ਬਾਅਦ ਹੀ ਵਿਆਹ ਅਨੰਦ ਸੰਸਕਾਰ ਦੀ ਰਸਮ ਨੂੰ ਸੰਪੂਰਣ ਮੰਨਿਆ ਜਾਂਦਾ ਹੈ। ਇਸ ਰਾਗ ਵਿਚ ਗੁਰੂ ਨਾਨਕ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ ਦੀ ਬਾਣੀ ਦਰਜ ਹੈ। ਭਗਤ ਸਾਹਿਬਾਨਾਂ ਵਿੱਚੋਂ ਭਗਤ ਕਬੀਰ ਜੀ, ਰਵਿਦਾਸ ਜੀ ਅਤੇ ਸ਼ੇਖ਼ ਫ਼ਰੀਦ ਜੀ ਦੀ ਬਾਣੀ ਰਾਗ ਸੂਹੀ ਦੇ ਅਧੀਨ ਦਰਜ ਹੈ। ਰਾਗ ਸੂਹੀ ਦੇ ਅੰਤਰਗਤ ਇਸ ਰਾਗ ਦੀਆਂ ਦੋ ਕਿਸਮਾਂ 'ਸੂਹੀ ਕਾਫ਼ੀ' ਅਤੇ 'ਸੂਹੀ ਲਲਿਤ' ਵੀ ਦਰਜ ਹੈ।

ਇਤਿਹਾਸਕ ਅਤੇ ਸੰਗੀਤਕ ਪੱਖ ਤੋਂ ਰਾਗ ਸੂਹੀ ਦਾ ਭਾਰਤੀ ਸੰਗੀਤ ਵਿਚ ਜ਼ਿਕਰ ਘੱਟ ਹੀ ਮਿਲਦਾ ਹੈ ਅਤੇ ਅਪ੍ਰਚਲਿਤ ਰਾਗਾਂ ਦੀ ਸ਼੍ਰੇਣੀ ਵਿਚ ਆਉਂਦਾ ਹੈ। ਪ੍ਰਸਿੱਧ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ 'ਮਹਾਨ ਕੋਸ਼' ਦੇ ਪੰਨਾ ਨੰਬਰ 222 'ਤੇ ਲਿਖਦੇ ਹਨ ਕਿ 'ਇਹ ਇਕ ਰਾਗਣੀ ਹੈ, ਜਿਸ ਨੂੰ 'ਸੂਹਾ' ਵੀ ਆਖਦੇ ਹਨ। ਇਹ ਕਾਫ਼ੀ ਥਾਟ ਦੀ ਸ਼ਾੜਵ ਰਾਗਣੀ ਹੈ, ਜਿਸ ਵਿਚ ਧੈਵਤ ਵਰਜਿਤ ਹੈ। ਸੂਹੀ 'ਚ ਗਾਂਧਾਰ ਅਤੇ ਨਿਸ਼ਾਦ ਕੋਮਲ, ਬਾਕੀ ਸ਼ੁੱਧ ਸੁਰ ਹਨ। ਵਾਦੀ ਮੱਧਮ ਅਤੇ ਸੜਜ਼ ਸੰਵਾਦੀ ਹੈ। ਗਾਉਣ ਦਾ ਵੇਲਾ ਦੋ ਘੜੀ ਦਿਨ ਚੜ੍ਹੇ ਦਾ ਹੈ।' •

98150-24920

# ਗੌਸ ਅਤੇ ਗੌਸ-ਏ-ਆਜ਼ਮ

ਸੂਫ਼ੀ ਦਰਵੇਸ਼ਾਂ ਨੂੰ ਉਨ੍ਹਾਂ ਦੀ ਰੂਹਾਨੀ ਰਸਾਈ ਅਤੇ ਅਧਿਆਤਮਿਕ ਪਹੁੰਚ ਮੁਤਾਬਿਕ ਅੱਲਾਹ ਤਾਅਲਾ ਵੱਲੋਂ ਦਰਜੇ, ਮਰਤਬੇ, ਪਦਵੀਆਂ, ਲਕਬ ਅਤੇ ਖ਼ਿਤਾਬ ਅਤਾ ਕੀਤੇ ਜਾਂਦੇ ਹਨ। ਇਨ੍ਹਾਂ ਦਰਜਿਆਂ, ਮਰਤਬਿਆਂ ਅਤੇ ਖ਼ਿਤਾਬਾਂ ਵਿੱਚੋਂ ਇਕ ਖ਼ਿਤਾਬ ਜਾਂ ਲਕਬ ਗੌਸ ਦਾ ਹੈ, ਜੋ ਵੱਡੇ ਮਰਤਬਿਆਂ ਵਿੱਚੋਂ ਇਕ ਹੈ। ਗੌਸ ਅਤੇ ਕੁਤਬ ਦੇ ਲਕਬ ਲਗਪਗ ਸਮਾਨਤਾ ਵਾਲੇ ਹਨ। ਬਾਕੀ ਲਕਬ ਅਬਦਾਲ, ਕੁਤਬ ਔਲੀਆ, ਕੁਤਬ ਅਕਤਾਬ ਅਤੇ ਵਲੀ ਵਗ਼ੈਰਾ ਗੌਸ ਲਕਬ ਤੋਂ ਹੇਠਾਂ ਹਨ।

ਗੌਸ-ਏ-ਆਜ਼ਮ ਸੂਫ਼ੀ ਸਰਵੇਸ਼ਾਂ ਦਾ ਸਭ ਤੋਂ ਵੱਡਾ ਲਕਬ ਹੈ ਜੋ ਪੀਰਾਨੇ-ਪੀਰ ਹਜ਼ਰਤ ਸ਼ੇਖ਼ ਅਬਦੁਲ ਕਾਦਿਲ ਜੀਲਾਨੀ ਦਾ ਹੈ। ਹਜ਼ਰਤ ਸ਼ੇਖ਼ ਅਬਦੁਲ ਕਾਦਿਰ ਜੀਲਾਨੀ ਦਾ ਲਕਬ ਗੌਸ-ਏ-ਆਜ਼ਮ ਦਾ ਹੈ ਅਤੇ ਆਪ ਨੂੰ ਸਭ ਸੂਫ਼ੀ ਸਿਲਸਿਲਿਆਂ ਵਿਚ ਮਾਣ-ਸਤਿਕਾਰ ਹਾਸਲ ਹੈ। ਸਭ ਸੂਫ਼ੀ ਸਿਲਸਿਲਿਆਂ ਦੇ ਬਜ਼ੁਰਗ ਆਪ ਨੂੰ ਵੱਡੇ ਪੀਰੀ ਦਸਤਗੀਰ ਦੇ ਨਾਂ ਨਾਲ ਜਾਣਦੇ ਹਨ ਅਤੇ ਇਹਤਰਾਮ ਦਿੰਦੇ ਹਨ। ਆਪ ਨੂੰ ਸੂਫ਼ੀ ਸਿਲਸਿਲਾ ਕਾਦਰੀਆਂ ਦਾ ਬਾਨੀ ਮੰਨਿਆ ਜਾਂਦਾ ਹੈ। ਗੌਸ-ਏ-ਆਜ਼ਮ ਹਜ਼ਰਤ ਸ਼ੇਖ਼ ਅਬਦੁਲ ਕਾਦਿਰ ਜੀਲਾਨੀ ਦਾ ਜੀਵਨ ਕਾਲ 1077 ਤੋਂ 1166 ਈਸਵੀ ਤਕ ਮੰਨਿਆ ਜਾਂਦਾ ਹੈ।

• ਪ੍ਰੋ. ਗੁਰਚਰਨ ਸਿੰਘ ਤਲਵਾੜਾ
94634-63193

ਸੁਖਪਾਲ ਸਿੰਘ ਗਿੱਲ




ਮਨ ਸ਼ੈਤਾਨ ਹੈ,ਸ਼ੁਰੂ ਤੋਂ ਹੀ ਮਨ-ਮਰਜ਼ੀ ਕਰ ਕੇ ਮਨੁੱਖ ਨੂੰ ਚਲਾਉਂਦਾ ਹੈ। ਤਨ ਅਤੇ ਮਨ ਦਾ ਸੁਮੇਲ ਧੰਨ ਪ੍ਰਾਪਤੀ ਦੀ ਦੌੜ ਲਗਾਉਂਦਾ ਹੈ।ਜਿਸ ਨਾਲ ਕਈ ਬੁਰਾਈਆਂ ਜਨਮ ਲੈਂਦੀਆ ਹਨ। ਭੁੱਲਿਆ, ਭਟਕਿਆ ਅਤੇ ਤਰੰਗਾਂ ਭਰਿਆ ਮਨ ਬੰਦੇ ਨੂੰ ਟਿਕਣ ਨਹੀਂ ਦਿੰਦਾ। ਇਕ ਕਹਾਵਤ ਹੈ ਕਿ 'ਖਾਈਏ ਮਨ ਭਾਉਂਦਾ', ਇਸ ਕਹਾਵਤ ਨੇ ਰੁਖ਼ ਮੋੜ ਲਿਆ ਹੈ ਕਿ।ਜੋ ਮਨ ਨੂੰ ਭਾਉਂਦਾ ਹੈ, ਉਸ ਨੂੰ ਖਾਣ ਲਈ ਸਿਹਤ ਆਗਿਆ ਨਹੀਂ ਦਿੰਦੀ।

ਖੋਟਾ ਅਤੇ ਮੈਲਾ ਮਨ ਸੁੱਧ-ਬੁੱਧ ਗੁਆ ਦਿੰਦਾ ਹੈ। ਮਨ ਦੇ ਆਖੇ ਲੱਗ ਕੇ ਖਾਧਾ, ਪੀਤਾ, ਪਹਿਨਿਆ ਅਤੇ ਸੁਣਿਆ ਹੋਇਆ ਝੰਜਟ ਪੈਦਾ ਕਰਦਾ ਹੈ। ਮਨ ਅਜਿਹੀ ਸ਼ੈਅ ਹੈ, ਜੋ ਜਾਣਦੀ ਹੋਈ ਵੀ ਅਣਜਾਣਤਾ ਵਾਲੀ ਸਥਿਤੀ ਪੈਦਾ ਕਰਦੀ ਹੈ। ਇਸੇ ਲਈ ਸ਼ੈਤਾਨ ਮਨ ਦੀ ਖੋਜ ਉਪਜੀ ਹੈ। ਜਦੋਂ ਮਨ ਨੂੰ ਕਾਬੂ ਵਿਚ ਰੱਖ ਕੇ ਕੁਝ ਕਰਨ ਦਾ ਯਤਨ ਕੀਤਾ ਜਾਂਦਾ ਹੈ ਤਾਂ ਆਮ ਹੀ ਕਹਿ ਦਿੱਤਾ ਜਾਂਦਾ ਹੈ ਕਿ 'ਮਨ ਮਾਰ ਕੇ ਹੀ ਕੰਮ ਕੀਤਾ ਜਾਂਦਾ ਹੈ।' ।ਇਸ ਸਾਰੇ ਘਟਨਾਕ੍ਰਮ ਵਿਚ ਮਨ ਕਮਜ਼ੋਰ ਹੋ ਕੇ ਰੋਗੀ ਬਣ ਜਾਂਦਾ ਹੈ। ਇਸ ਨਾਲ ਮਨੁੱਖੀ ਵਿਕਾਸ ਦੇ ਸਾਰੇ ਰਸਤੇ ਬੰਦ ਹੋ ਜਾਂਦੇ ਹੈ। ਰੋਗੀ ਤੇ ਸੋਗੀ ਮਨ ਕੰਧਾਂ 'ਚ ਟੱਕਰਾਂ ਮਾਰਨ ਵਾਂਗ ਹੁੰਦਾ ਹੈ।

ਗੁਰੂ ਨਾਨਕ ਦੇਵ ਜੀ ਨੇ ਧੁਰ ਕੀ ਬਾਣੀ ਉਚਾਰ ਕੇ ਬਹੁਤ ਪਹਿਲਾਂ ਹੀ ਮਨ ਨੂੰ ਜਿੱਤਣ ਦਾ ਸੰਦੇਸ਼ ਦੇ ਦਿੱਤਾ ਸੀ। ਇਹ ਸੰਦੇਸ਼ ਮਨੁੱਖਤਾ ਦੀ ਭਲਾਈ ਤੇ ਵਿਕਾਸ ਲਈ ਜ਼ਰੂਰੀ ਹੈ। ਗੁਰੂ ਸਾਹਿਬ ਦੇ ਫ਼ੁਰਮਾਨਾਂ ਨੂੰ ਜੀਵਨ 'ਚ ਢਾਲ ਕੇ ਹੀ ਮਨੁੱਖ ਦੇ ਲੋਕ-ਪਰਲੋਕ ਸ਼ਾਂਤਮਈ ਹੋ ਸਕਣਗੇ ਤੇ ਦੁਨਿਆਵੀ ਸਲੀਕਾ ਵੀ ਕਾਇਮ ਰਹਿ ਸਕੇਗਾ। ਸਾਰੀ ਦੁਨੀਆ ਵੀ ਜੇ ਮਨੁੱਖ ਜਿੱਤ ਲਵੇ ਪਰ ਆਪਣਾ ਮਨ ਨਾ ਜਿੱਤ ਸਕੇ ਤਾਂ ਇਹ ਪ੍ਰਾਪਤੀ ਨਿਰਾਰਥਕ ਹੈ। ਧੰਨ ਗੁਰੂ ਨਾਨਕ ਧੰਨ ਹੈ ਉਨ੍ਹਾਂ ਦਾ ਸੰਦੇਸ਼-'ਮਨ ਜੀਤੈ ਜਗੁ ਜੀਤੁ।' •

98781-11445

## ਯਹੀਆ ਖ਼ਾਨ ਤੇ ਲਖਪਤ ਰਾਏ ਨੇ ਭਾਰੀ ਲਸ਼ਕਰ ਤੇ ਗੋਲੇ-ਬਾਰੂਦ ਨਾਲ ਕਾਹਨੂੰਵਾਨ ਛੰਭ 'ਚ ਲੁਕੇ ਸਿੰਘਾਂ ਉੱਪਰ ਹਮਲਾ ਬੋਲ ਦਿੱਤਾ ਪਰ ਸਿੰਘਾਂ ਨੇ ਇਹ ਲੜਾਈ ਪੂਰੀ ਸਿਦਕਦਿਲੀ ਨਾਲ ਲੜੀ...

ਧਰਮਿੰਦਰ ਸਿੰਘ ਚੱਬਾ




ਸਿੱਖ ਇਤਿਹਾਸ ਵਿਚ ਛੋਟਾ ਘੱਲੂਘਾਰਾ ਨਾਂ ਦਾ ਦੁਖਾਂਤ 17 ਮਈ 1746 ਈਸਵੀ ਨੂੰ ਵਾਪਰਿਆ।।ਇਤਿਹਾਸ ਦੇ ਪੰਨੇ ਫਰੋਲਿਆਂ ਪਤਾ ਲੱਗਦਾ ਹੈ ਕਿ 1726 ਈਸਵੀ ਨੂੰ ਅਬਦੁਸ-ਸੰਮਦ ਖ਼ਾਂ ਦੀ ਥਾਂ ਤੇ ਉਸ ਦੇ ਪੁੱਤਰ ਜ਼ਕਰੀਆ ਖ਼ਾਨ ਨੂੰ ਲਾਹੌਰ ਦਾ ਗਵਰਨਰ ਨਿਯੁਕਤ ਕੀਤਾ ਗਿਆ। ਜ਼ਕਰੀਆ ਖ਼ਾਨ ਦਾ ਪੁੱਤਰ ਯਹੀਆ ਖ਼ਾਨ ਸੀ, ਜੋ ਆਪਣੇ ਬਾਪ ਜ਼ਕਰੀਆ ਖ਼ਾਨ ਵਾਂਗ ਹੀ ਜ਼ਾਲਮ ਤੇ ਨਿਰਦਈ ਸੀ।

ਯਹੀਆ ਖ਼ਾਨ ਨੇ ਲੱਖਪਤ ਰਾਏ ਤੇ ਉਸ ਦੇ ਭਰਾ ਜਸਪਤ ਰਾਏ ਨੂੰ ਏਮਨਾਬਾਦ ਦਾ ਫ਼ੌਜਦਾਰ ਨਿਯੁਕਤ ਕੀਤਾ ਸੀ।ਤੇ ਉਨ੍ਹਾਂ ਨੂੰ ਬਹੁਤ ਜ਼ਿਆਦਾ ਅਧਿਕਾਰ ਦਿੱਤੇ ਹੋਏ ਸਨ। 1746 ਵਿਚ ਜਸਪਤ ਰਾਏ ਨੇ ਆਮ ਜਨਤਾ 'ਤੇ ਹੱਦੋਂ ਵੱਧ ਸਖ਼ਤੀ ਕਰ ਕੇ ਜਜ਼ੀਆ ਵਸੂਲਣਾ ਸ਼ੁਰੂ ਕਰ ਦਿੱਤਾ ਤਾਂ ਬਹੁਤ ਸਾਰੇ ਲੋਕ ਤੰਗ ਆ ਕੇ ਖ਼ਾਲਸਾ ਫ਼ੌਜ ਵਿਚ ਸ਼ਾਮਲ ਹੋ ਗਏ। ਸਿੱਖਾਂ ਦਾ ਇਹ ਜਥਾ ਘੁੰਮਦਾ ਘੁੰਮਾਉਂਦਾ ਏਮਨਾਬਾਦ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਦੁਆਰਾ ਰੋੜੀ ਸਾਹਬ ਪਹੁੰਚ ਗਿਆ। ਫ਼ੌਜਦਾਰ ਜਸਪਤ ਰਾਏ ਨੂੰ ਜਦ ਇਹ ਇਤਲਾਹ ਮਿਲੀ ਕਿ ਸਿੱਖਾਂ ਦਾ ਇਕ ਜਥਾ ਗੁਰਦੁਆਰਾ ਰੋੜੀ ਸਾਹਬ ਵਿਖੇ ਆ ਕੇ ਠਹਿਰਿਆ ਹੋਇਆ ਹੈ।ਤਾਂ ਜਸਪਤ ਰਾਏ ਫ਼ੌਜ ਲੈ ਕੇ ਉੱਥੇ ਪਹੁੰਚ ਗਿਆ ਤੇ ਸਿੱਖਾਂ ਨੂੰ ਕਹਿਣ ਲੱਗਾ ਕਿ 'ਤੁਸੀ ਇੱਥੋਂ ਚਲੇ ਜਾਓ।'

ਸਿੱਖਾਂ ਨੇ ਕਿਹਾ ਕਿ 'ਸਾਡੇ ਪਾਸ ਰਸਦ-ਪਾਣੀ ਖ਼ਤਮ ਹੋ ਚੁੱਕਾ ਹੈ। ਅਸੀ ਇਕ ਰਾਤ ਇੱਥੇ ਠਹਿਰ ਕੇ ਰਸਦ-ਪਾਣੀ ਇਕੱਠਾ ਕਰ ਕੇ ਸਵੇਰ ਹੁੰਦਿਆਂ ਹੀ ਇੱਥੋਂ ਚਲੇ ਜਾਵਾਂਗੇ।' ਜਸਪਤ ਰਾਏ ਕਿੱਥੇ ਮੰਨਣ ਵਾਲਾ ਸੀ। ਉਹ ਤਾਂ ਮੌਕੇ ਦੀ ਭਾਲ ਵਿਚ ਸੀ। ਉਸ ਨੇ ਸਿੱਖਾਂ ਉੱਪਰ ਹਮਲਾ ਕਰ ਦਿੱਤਾ। ਸਿੱਖਾਂ ਨੂੰ ਨਾ ਚਾਹੁੰਦੇ ਹੋਏ ਵੀ ਇਹ ਲੜਾਈ ਲੜਨੀ ਪਈ। ਦੋਵਾਂ ਪਾਸਿਓਂ ਗਹਿਗੱਚ ਲੜਾਈ ਹੋਈ। ਇਸੇ ਲੜਾਈ ਦੌਰਾਨ ਨਿਰਭੈ ਸਿੰਘ ਨਾਂ ਦਾ ਇਕ ਸਿੱਖ ਬਿਜਲੀ ਦੀ ਤਰ੍ਹਾਂ ਫ਼ੁਰਤੀ ਵਿਖਾਉਂਦਿਆਂ ਫ਼ੌਜਦਾਰ ਜਸਪਤ ਰਾਏ ਦੇ ਹਾਥੀ ਦੀ ਪੂਛ ਫੜ ਕੇ ਹਾਥੀ ਉੱਪਰ ਚੜ੍ਹ ਗਿਆ ਤੇ ਹਾਥੀ 'ਤੇ ਸਵਾਰ ਜਸਪਤ ਰਾਏ ਦੀ ਗਰਦਨ ਉੜਾ ਦਿੱਤੀ।

ਜਸਪਤ ਰਾਏ ਦੀ ਮੌਤ ਨਾਲ ਮੁਗ਼ਲ ਫ਼ੌਜ ਵਿਚ ਭਗਦੜ ਮਚ ਗਈ ਤੇ ਫ਼ੌਜ ਮੈਦਾਨ ਛੱਡ ਕੇ ਤੱਜ ਗਈ। ਸਿੱਖਾਂ ਨੇ ਮੌਕਾ ਸੰਭਾਲਦਿਆਂ ਜਿੰਨਾ ਹੋ ਸਕਦਾ ਸੀ ਏਮਨਾਬਾਦ ਸ਼ਹਿਰ ਵਿੱਚੋਂ ਰਸਦ-ਪਾਣੀ ਇਕੱਠਾ ਕਰ ਲਿਆ। ਜਸਪਤ ਰਾਏ ਦੀ ਮੌਤ ਦੀ ਖ਼ਬਰ ਜਦ ਉਸ ਦੇ ਭਰਾ ਲਖਪਤ ਰਾਏ ਨੂੰ ਮਿਲੀ ਤਾਂ ਉਹ ਲਾਹੌਰ ਪਹੁੰਚ ਗਿਆ ਤੇ ਲਾਹੌਰ ਦਰਬਾਰ ਦੇ ਮਿਨਤਾਂ-ਤਰਲੇ ਕਰਨ ਲੱਗਾ। ਉਸ ਨੇ ਆਪਣੇ ਸਿਰ ਤੋਂ ਪਗੜੀ ਉਤਾਰ ਕੇ ਕਸਮ ਖਾਧੀ ਕਿ ਜਿੰਨਾ ਚਿਰ ਉਹ ਸਿੱਖਾਂ ਦਾ ਖੁਰਾ-ਖੋਜ ਨਹੀ ਮਿਟਾ ਲੈਂਦਾ, ਉਹ ਆਪਣੇ ਸਿਰ 'ਤੇ ਪੱਗ ਨਹੀ ਬੰਨ੍ਹੇਗਾ।

ਸਿੱਖ ਕਤਲੇਆਮ ਦੀ ਇਹ ਜ਼ਾਲਮਾਨਾ ਕਾਰਵਾਈ ਦੀ ਸ਼ੁਰੂਆਤ ਉਸ ਨੇ ਲਾਹੌਰ ਸ਼ਹਿਰ ਤੋਂ ਹੀ ਕਰ ਦਿੱਤੀ। ਜਿੱਥੇ ਵੀ ਸਿੱਖ ਦਿਖਾਈ ਦਿੰਦਾ ਸੀ, ਉਸ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਜਾਂਦਾ ਸੀ। ਲਖਪਤ ਰਾਏ ਨੇ ਐਲਾਨ ਕਰਵਾ ਦਿੱਤਾ ਕਿ ਕੋਈ ਵੀ ਸਿੱਖਾਂ ਨਾਲ ਵਾਹ-ਵਾਸਤਾ ਨਾ ਰੱਖੇ। ਇਨ੍ਹਾਂ ਦੀ ਬਾਣੀ ਨਾ ਪੜ੍ਹੇ। ਉਸ ਨੇ 'ਗੁੜ' ਸ਼ਬਦ 'ਤੇ ਵੀ ਪਾਬੰਦੀ ਲਗਾ ਦਿੱਤੀ ਕਿਉਂਕਿ 'ਗੁੜ' ਸ਼ਬਦ ਦਾ ਉਚਾਰਨ ਕਰਨ ਲੱਗਿਆਂ 'ਗੁਰ' ਜਾਂ 'ਗੁਰੂ' ਸ਼ਬਦ ਦਾ ਭੁਲੇਖਾ ਲੱਗਦਾ ਸੀ। ਉਸਨੇ 'ਗੁੜ' ਸ਼ਬਦ ਦੀ ਥਾਂ 'ਰੋੜੀ' ਸ਼ਬਦ ਬੋਲਣ ਲਈ ਕਿਹਾ। ਸ੍ਰੀ ਗੁਰੂ ਗ੍ਰੰਥ ਸ਼ਬਦ ਦੀ ਥਾਂ 'ਪੋਥੀ' ਸ਼ਬਦ ਵਰਤਣ ਲਈ ਕਿਹਾ।



ਉਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪਾਵਨ ਪਵਿੱਤਰ ਬੀੜਾਂ ਦੀ ਰੱਜ ਕੇ ਬੇਅਦਬੀ ਕੀਤੀ।


ਲਖਪਤ ਰਾਏ ਦੀ ਇਸ ਦਰਿੰਦਗੀ ਦੀ ਖ਼ਬਰ ਜਦ ਨਵਾਬ ਕਪੂਰ ਸਿੰਘ ਨੂੰ ਲੱਗੀ ਤਾਂ ਉਨ੍ਹਾਂ ਨੇ ਸਿਰਕੱਢ ਸਿੱਖ ਆਗੂਆਂ ਤੇ ਵੱਖ-ਵੱਖ ਸਿੱਖ ਜਥੇਬੰਦੀਆਂ ਨੂੰ ਸੁਨੇਹੇ ਭੇਜ ਕੇ ਗੁਰਦਾਸਪੁਰ ਜ਼ਿਲ੍ਹੇ ਦੀ ਕਾਹਨੂੰਵਾਨ ਛੰਭ, ਜੋ ਮੁਕੇਰੀਆਂ ਨੂੰ ਜਾਂਦੀ ਸੜਕ 'ਤੇ 8 ਕਿਲੋਮੀਟਰ ਦੂਰ ਫ਼ੌਜੀ ਛਾਉਣੀ ਤਿੱਬੜ ਤੋਂ ਸੱਜੇ ਪਾਸੇ 4 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ, ਵਿਖੇ ਇਕੱਠੇ ਹੋਣ ਦੇ ਸੰਦੇਸ਼ੇ ਭੇਜੇ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਵੀ ਇਸ ਲੜਾਈ ਵਿਚ ਅੱਗੇ ਹੋ ਕੇ ਲੜੇ। ਇਸ ਗੱਲ ਦੇ ਪ੍ਰਮਾਣ ਰਤਨ ਸਿੰਘ ਭੰਗੂ ਰਚਿਤ ਗ੍ਰੰਥ 'ਪੰਥ ਪ੍ਰਕਾਸ਼' ਵਿਚ ਮਿਲਦੇ ਹਨ।

ਇਸ ਛੰਭ ਵਿਚ ਕਰੀਬ 15,000 ਸਿੱਖ ਇਕੱਠੇ ਹੋ ਗਏ। ਕਈ ਇਤਿਹਾਸਕਾਰਾਂ ਨੇ ਇਹ ਗਿਣਤੀ 25,000 ਲਿਖੀ ਹੈ। ਸੂਹ ਮਿਲਣ 'ਤੇ ਜ਼ਕਰੀਆ ਖ਼ਾਨ ਦਾ ਪੁੱਤਰ ਯਹੀਆ ਖ਼ਾਨ ਤੇ ਲਖਪਤ ਰਾਏ ਭਾਰੀ ਭਰਕਮ ਲਸ਼ਕਰ ਤੇ ਗੋਲੇ-ਬਾਰੂਦ ਨਾਲ ਹਮਲਾ ਕਰਨ ਲਈ ਆਣ ਪਹੁੰਚੇ। ਤੋਪਾਂ ਬੀੜ ਕੇ ਸਿੱਖਾਂ ਉੱਪਰ ਅੱਗ ਦੇ ਗੋਲੇ ਵਰ੍ਹਾਏ ਗਏ। ਸਿੰਘ ਰਾਤ ਸਮੇਂ ਹਨੇਰੇ ਦਾ ਫ਼ਾਇਦਾ ਲੈ ਕੇ ਲਖਪਤ ਰਾਏ ਦੀਆਂ ਫ਼ੌਜਾਂ ਦਾ ਰਾਸ਼ਨ-ਪਾਣੀ ਲੁੱਟ ਕੇ ਫਿਰ ਛੰਭ 'ਚ ਜਾ ਵੜਦੇ ਤੇ ਅਗਲੇ ਦਿਨ ਦੇ ਹਮਲੇ ਲਈ ਤਿਆਰ ਹੋ ਜਾਂਦੇ। ਭੁੱਖਣ-ਭਾਣੇ ਰਹਿ ਕੇ ਸਿੰਘ ਕਈ ਮਹੀਨਿਆਂ ਤਕ ਇਸੇ ਤਰ੍ਹਾਂ ਲੜਦੇ ਰਹੇ। ਜਦੋਂ ਇਸ ਗੱਲ ਦਾ ਪਤਾ ਮੁਲਤਾਨ ਦੇ ਵਜ਼ੀਰ ਕੌੜਾ ਮੱਲ ਨੂੰ ਲੱਗਾ ਤਾਂ ਉਸ ਨੇ ਘੋੜਿਆਂ, ਖੱਚਰਾਂ 'ਤੇ ਰਾਸ਼ਨ ਲੱਦ ਕੇ ਜੰਮੂ-ਕਸ਼ਮੀਰ ਭੇਜਣ ਦੇ ਬਹਾਨੇ ਉਸ ਰਸਤੇ ਭੇਜ ਦਿੱਤਾ ਅਤੇ ਨਾਲ ਹੀ ਆਪਣੇ ਗੁਪਤਚਰ ਰਾਹੀਂ ਸਿੰਘਾਂ ਨੂੰ ਸੁਨੇਹਾ ਭੇਜ ਦਿੱਤਾ ਕਿ ਜਦੋਂ ਇਹ ਰਾਸ਼ਣ ਇਸ ਰਸਤਿਉਂ ਲੰਘੇ ਤਾਂ ਇਸ ਨੂੰ ਲੁੱਟ ਲਿਆ ਜਾਵੇ। ਸਿੰਘਾਂ ਨੇ ਇਸੇ ਤਰ੍ਹਾਂ ਕੀਤਾ। ਕੌੜਾ ਮੱਲ ਦੀ ਇਸ ਹਮਦਰਦੀ ਕਾਰਨ ਇਤਿਹਾਸ ਕੌੜਾ ਮੱਲ ਨੂੰ ਮਿੱਠਾ ਮੱਲ ਕਹਿ ਕੇ ਵੀ ਯਾਦ ਕਰਦੇ ਹਨ। ਇਹ ਲੜਾਈ ਤਿੰਨ ਮਹੀਨੇ ਤੋਂ ਜ਼ਿਆਦਾ ਚੱਲੀ। ਜਿਸ ਕਾਰਨ ਕੌੜਾ ਮੱਲ ਵੱਲੋਂ ਭੇਜਿਆ ਰਾਸ਼ਨ ਵੀ ਖ਼ਤਮ ਹੋ ਗਿਆ। ਗੋਲੀ-ਸਿੱਕਾ ਵੀ ਖ਼ਤਮ ਹੋ ਗਿਆ। ਲੜਦਿਆਂ ਹਥਿਆਰ ਵੀ ਖੁੰਢੇ ਹੋ ਗਏ।

ਲਖਪਤ ਰਾਏ ਦਾ ਮਾਮਾ ਅਤੇ ਪੁੱਤਰ ਇਸ ਜੰਗ ਵਿਚ ਸਿੰਘਾਂ ਹੱਥੋਂ ਮਾਰੇ ਗਏ। ਲਖਪਤ ਰਾਏ ਨੇ ਗੁੱਸੇ ਵਿਚ ਅੰਨ੍ਹੇ ਹੋਏ ਨੇ ਛੰਭ ਨੂੰ ਅੱਗ ਲਗਵਾ ਦਿੱਤੀ। ਮਜਬੂਰ ਹੋ ਕੇ ਭੁੱਖਣ ਭਾਣੇ ਸਿੰਘਾਂ ਨੂੰ ਛੰਭ ਵਿੱਚੋਂ ਨਿਕਲਣਾ ਪਿਆ। ਸਿੱਖ ਛੰਭ ਵਿੱਚੋਂ ਨਿਕਲ ਕੇ ਮੁਗ਼ਲ ਫ਼ੌਜ ਨਾਲ ਲੜਦੇ-ਲੜਦੇ ਬਿਆਸ ਦਰਿਆ ਵੱਲ ਨੂੰ ਹੋ ਤੁਰੇ ਪਰ ਅੱਗੇ ਬਿਆਸ ਦਰਿਆ ਵੀ ਠਾਠਾਂ ਮਾਰਦਾ ਚੜ੍ਹਿਆ ਹੋਇਆ ਸੀ। ਸਿੰਘਾਂ ਦੇ ਘੋੜੇ ਵੀ ਬੜੇ ਕਮਜ਼ੋਰ ਹੋ ਚੁੱਕੇ ਸਨ। ਅੱਗੇ ਟੋਇਆ ਤੇ ਪਿੱਛੇ ਖਾਈ ਵਾਲੀ ਗੱਲ ਹੋ ਗਈ। ਲੜਾਈ ਸ਼ੁਰੂ ਹੋ ਗਈ ਪਰ ਸਿੱਖਾਂ ਨੇ ਸਿਦਕ ਨਾ ਹਾਰਿਆ ਤੇ ਬਹੁਤ ਸਾਰੇ ਸਿੱਖ ਮੁਗ਼ਲਾਂ ਨਾਲ ਲੜਦੇ ਸ਼ਹੀਦ ਹੋ ਗਏ। ਇਨ੍ਹਾਂ ਵਿੱਚੋਂ ਇਕ ਜਥੇ ਦੇ ਮੋਢੀ ਸੁੱਖਾ ਸਿੰਘ ਵਰਗਿਆਂ ਨੇ ਮੁਗ਼ਲ ਫ਼ੌਜ ਦੇ ਚੰਗੇ ਆਹੂ ਲਾਹੇ ਤੇ ਆਪ ਵੀ ਜ਼ਖ਼ਮੀ ਹੋ ਗਿਆ। ਜਦੋ-ਜ਼ਹਿਦ ਕਰਦਿਆਂ ਸਿੱਖ ਦਰਿਆ ਵਿਚ ਠਿੱਲ ਪਏ। ਕਈ ਰੁੜ੍ਹ ਗਏ, ਕਈ ਬਚ ਕੇ ਪਹਾੜਾਂ ਵੱਲ ਚਲੇ ਗਏ ਤੇ ਕਈ ਕੀਰਤਪੁਰ ਸਾਹਿਬ ਵੱਲ ਨਿਕਲ ਗਏ। ਕਈਆਂ ਨੂੰ ਮੁਗ਼ਲਾਂ ਨੇ ਕੈਦ ਕਰ ਲਿਆ।

ਇਸ ਜੰਗ ਵਿਚ ਲਗਪਗ 7,000 (ਕਈ ਇਤਿਹਾਸਕਾਰਾਂ ਅਨੁਸਾਰ 11,000) ਦੇ ਕਰੀਬ ਸ਼ਹੀਦੀਆਂ ਹੋਈਆਂ ਤੇ 3,000 (ਕਈਆਂ ਅਨੁਸਾਰ 2,000) ਦੇ ਕਰੀਬ ਸਿੱਖਾਂ ਨੂੰ ਕੈਦ ਕਰ ਕੇ ਲਖਪਤ ਰਾਏ ਲਾਹੌਰ ਲੈ ਗਿਆ। ਲਾਹੌਰ ਦੇ ਨਾਖ਼ਾਸ ਚੌਕ ਵਿਚ ਬੜੇ ਜ਼ਾਲਮਾਨਾ ਤਰੀਕੇ ਨਾਲ ਤਸੀਹੇ ਦੇ ਕੇ ਸਿੱਖਾਂ ਦੇ ਸਿਰਾਂ ਦੇ ਢੇਰ ਲਗਾ ਦਿੱਤੇ ਗਏ। ਸਰੀਰਾਂ ਨੂੰ ਦੀਵਾਰਾਂ ਵਿਚ ਦੱਬ ਦਿੱਤਾ ਗਿਆ। ਇਸ ਮੰਦਭਾਗੀ ਘਟਨਾ ਨੂੰ ਛੋਟਾ ਘੱਲੂਘਾਰਾ ਜਾਂ ਪਹਿਲਾ ਘੱਲੂਘਾਰਾ ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ। ਪ੍ਰਣਾਮ ਸ਼ਹੀਦਾਂ ਨੂੰ। •


# ਸਾਰਿਕਾ ਸ਼ਾਮ ਸੁੰਦਰੀ



ਕਸ਼ਮੀਰੀ ਜ਼ੁਬਾਨ ਵਿਚ ਵੇਸਵਾ ਨੂੰ ਹਾਫ਼ਿਜ਼ਾ ਆਖਦੇ ਹਨ। ਇਕ ਵਾਰ ਇਕ ਹੁਸੀਨ ਹਾਫ਼ਿਜ਼ਾ ਦਾ ਔਖਾ ਵੇਲਾ ਆ ਗਿਆ। ਉਹ ਬੜੀ ਇਕੱਲੀ ਤੇ ਨਿਮਾਣੀ ਜਿਹੀ ਹੋ ਕੇ ਰਹਿ ਗਈ ਤਾਂ ਤਾਸ਼ਵਨ ਇਲਾਕੇ ਤੋਂ ਵਿਤਸਤਾ ਨਦੀ ਪਾਰ ਕਰ ਕੇ ਉਸ ਵੇਲੇ ਦੇ ਮੰਨੇ ਹੋਏ ਤ੍ਰਿਕ ਅਚਾਰੀਆ ਸ੍ਰੀ ਰਾਮ ਕੋਲੋਂ ਮੁਰਾਦ ਮੰਗਣ ਪਹੁੰਚੀ।

ਸ੍ਰੀ ਰਾਮ ਆਗੰਮ ਸ਼ਾਸਤਰਾਂ ਦੇ ਗਿਆਤਾ ਸਨ ਤੇ ਸਾਧਨਾ 'ਚ ਕਈ ਵਰ੍ਹੇ ਬੈਠੇ ਰਹਿਣ ਕਾਰਨ ਉਨ੍ਹਾਂ ਦੀਆਂ ਲੱਤਾਂ ਵਿੱਚ ਤੁਰਨ ਦੀ ਸ਼ਕਤੀ ਨਹੀਂ ਸੀ ਰਹੀ। ਉਹ ਆਸ਼ਰਮ ਵਿਚ ਆਪਣੇ ਆਸਣ ਉੱਪਰ ਹੀ ਬੈਠੇ ਰਹਿੰਦੇ ਸਨ ਤੇ ਤਲਬਗਾਰਾਂ ਨੂੰ ਸ਼ਾਸਤਰਾਂ ਦੀ ਸਿਖਲਾਈ ਦਿੰਦੇ ਰਹਿੰਦੇ ਸਨ।

"ਆਓ ਬੇਟੀ!" ਆਖ ਕੇ ਸ੍ਰੀ ਰਾਮ ਨੇ ਜਦੋਂ ਉਸ ਹਾਫ਼ਿਜ਼ਾ ਨੂੰ ਧੀਰਜ ਬੰਨ੍ਹਵਾਇਆ ਤਾਂ ਆਖਦੇ ਹਨ ਕਿ ਅਚਾਨਕ ਹਾਫ਼ਿਜ਼ ਦੇ ਦਿਨ ਫਿਰ ਗਏ। ਉਸ ਵੇਲੇ ਗਿਲਗਿਤ ਦਾ ਕੋਈ ਅਮੀਰ ਸ੍ਰੀ ਰਾਮ ਦੇ ਆਸ਼ਰਮ ਵਿੱਚ ਆਇਆ ਹੋਇਆ ਸੀ। ਉਸ ਨੇ ਹਾਫ਼ਿਜ਼ਾ ਦਾ ਸੂਫ਼ੀ ਕਲਾਮ ਸੁਣਿਆ ਤਾਂ ਆਪਣੇ ਖਜ਼ਾਨੇ ਦਾ ਇਕ ਵੱਡਾ ਹਿੱਸਾ ਉਸ ਦੀ ਨਜ਼ਰ ਕਰ ਦਿੱਤਾ।



ਸਾਰਿਕਾ ਸ਼ਾਮ ਸੁੰਦਰੀ ਸ੍ਰੀਯੰਤਰ ਦੀ ਪਰਾ ਸ਼ਕਤੀ ਦਾ ਨਾਂ ਹੈ। ਇਕ ਹਾਫ਼ਿਜ਼ਾ ਵੱਲੋਂ ਸ੍ਰੀ ਰਾਮ ਆਸ਼ਰਮ ਵਿਚ ਰੂਹਾਨੀ ਕਲਾਮ ਪੇਸ਼ ਕੀਤੇ ਜਾਣ ਦੀ ਯਾਦ 'ਚ ਫ਼ਤਹਿਕਦਲ ਵਿਖੇ ਆਸ਼ਰਮ ਸਥਾਪਿਤ ਹੈ...

ਹਾਫ਼ਿਜ਼ਾ ਸ਼ੁਕਰਾਨੇ ਨਾਲ ਭਰੀ ਹੋਈ ਸੁੱਕੇ ਮੇਵਿਆਂ ਦੇ ਥਾਲ ਲੈ ਕੇ ਸ੍ਰੀ ਰਾਮ ਦੇ ਆਸ਼ਰਮ ਗਈ ਤੇ ਉਨ੍ਹਾਂ ਦੇ ਪੈਰ ਛੋਹ ਲਏ। ਸ੍ਰੀ ਰਾਮ ਨੇ ਉਸ ਦੇ ਥਾਲ ਵਿੱਚੋਂ ਇਕ ਬਦਾਮ ਚੁੱਕ ਕੇ ਆਪਣੇ ਆਸਣ ਉੱਪਰ ਰੱਖ ਲਿਆ ਤੇ ਆਪਣੇ ਕੋਲੋਂ ਕੁਝ ਮੋਹਰਾਂ ਦਿੰਦੇ ਹੋਏ ਕਿਹਾ, "ਬੇਟੀ ਦੇ ਘਰ ਦੀ ਵਸਤ ਨਹੀਂ ਲੈ ਸਕਦਾ, ਬੇਟੀ ਚੱਲ ਕੇ ਆਈ ਹੈ, ਇਸ ਲਈ ਕੁਝ ਮੋਹਰਾਂ ਸ਼ਗਨ ਦੇ ਰਿਹਾ ਹਾਂ।"

ਉਸ ਵੇਲੇ ਹਾਫ਼ਿਜ਼ਾ ਦੀਆਂ ਅੱਖਾਂ ਵਿਚ ਹੰਝੂ ਉਤਰ ਆਏ ਤੇ ਉਹ ਭਰੀਆਂ ਅੱਖਾਂ ਨਾਲ ਕਹਿਣ ਲੱਗੀ, "ਮੇਰੀ ਇਕ ਚੀਜ਼ ਜ਼ਰੂਰ ਕਬੂਲ ਕਰ ਲਵੋ, ਮੇਰਾ ਸੂਫ਼ੀ ਕਲਾਮ ਜ਼ਰੂਰ ਸੁਣ ਲਵੋ।" ਸ੍ਰੀ ਰਾਮ ਨੇ ਇਸ ਦੇ ਲਈ ਅਗਲਾ ਦਿਨ ਮੁਕੱਰਰ ਕੀਤਾ। ਉਨ੍ਹਾਂ ਨੇ ਆਪਣੇ ਸਭ ਮੁਰੀਦਾਂ ਨੂੰ ਬੁਲਾ ਕੇ ਆਖਿਆ, "ਕੱਲ੍ਹ ਸ਼ਾਮ ਆਸ਼ਰਮ ਵਿੱਚ ਸਾਰਿਕਾ ਸ਼ਾਮ ਸੁੰਦਰੀ ਆ ਰਹੀ ਹੈ, ਤੁਸੀਂ ਪਾਕਿ ਨਿਗਾਹਾਂ ਨਾਲ ਉਸ ਪਾਸੋਂ ਜੋ ਮੰਗੋਗੇ, ਤੁਹਾਡੀ ਮੁਰਾਦ ਤੁਹਾਨੂੰ ਮਿਲੇਗੀ।" ਸਾਰਿਕਾ ਸ਼ਾਮ ਸੁੰਦਰੀ, ਸ੍ਰੀ-ਚੱਕਰ ਦੀ ਪਰਾ ਸ਼ਕਤੀ ਨੂੰ ਆਖਦੇ ਹਨ, ਇਸ ਲਈ ਮੁਰੀਦ ਹੈਰਾਨ ਹੋ ਗਏ।

ਦੂਜੇ ਦਿਨ ਹਾਫ਼ਿਜ਼ਾ ਨੇ ਜਦੋਂ ਰੂਹ ਵਿਚ ਉਤਰ ਜਾਣ ਵਾਲਾ ਕਲਾਮ ਗਾਇਆ ਤਾਂ ਮੁਰੀਦਾਂ ਨੂੰ ਜਾਪਿਆ ਕਿ ਸੱਚਮੁੱਚ ਹਾਫ਼ਿਜ਼ਾ ਦੇ ਰੂਪ ਵਿਚ ਉਨ੍ਹਾਂ ਨੂੰ ਸਾਰਿਕਾ ਸ਼ਾਮ ਸੁੰਦਰੀ ਦਾ ਦੀਦਾਰ ਹੋਇਆ ਹੈ। ਇਸ ਘਟਨਾ ਦੀ ਯਾਦ ਵਿੱਚ ਸ੍ਰੀ ਰਾਮ ਦਾ ਤ੍ਰਿਕ ਆਸ਼ਰਮ ਅੱਜ ਵੀ ਫ਼ਤਹਿਕਦਲ ਵਿਚ ਕਾਇਮ ਰੱਖਿਆ ਹੋਇਆ ਹੈ। ਭਾਵੇਂ, ਇਸ ਘਟਨਾ ਨੂੰ ਡੇਢ ਸੌ ਸਾਲ ਹੋ ਗਏ ਹਨ, ਤੇ ਕਿਹਾ ਜਾਂਦਾ ਕਿ ਉੱਥੇ ਇਕ ਦਿਨ ਸਾਰਿਕਾ ਸ਼ਾਮ ਸੁੰਦਰੀ ਖ਼ੁਦ ਹਾਜ਼ਰ ਹੋਈ ਸੀ।

• ਫੀਚਰ ਡੈਸਕ

# ਇਸਲਾਮ ਵਿਚ ਰੋਜ਼ੇ ਦੀ ਕਦਰੋ-ਕੀਮਤ

ਪ੍ਰਿੰਸੀਪਲ ਯਾਸੀਨ ਅਲੀ

ਫ਼ਾਕਾ ਕਰਨਾ ਚੰਗੀ ਗੱਲ ਹੈ। ਤਿੰਨ-ਚਾਰ ਦਿਨ ਛੱਡ ਕੇ ਇੱਕ ਵਕਤ ਭੁੱਖੇ ਰਹਿਣਾ ਮਿਹਦੇ ਨੂੰ ਠੀਕ ਰੱਖਦਾ ਹੈ। ਇਹ ਇਨਸਾਨ ਨੂੰ ਤੰਦਰੁਸਤ ਰਹਿਣ ਵਿਚ ਮਦਦ ਦਿੰਦਾ ਹੈ। ਜੇਕਰ ਫਾਕਾ ਜਾਂ ਭੁੱਖ ਬਰਦਾਸ਼ਤ ਕਰਨ ਦੀ ਆਦਤ ਹੈ ਤਾਂ ਅਸੀਂ ਕਿਸੇ ਵੀ ਸਫ਼ਰ ਵਿਚ ਪਰੇਸ਼ਾਨ ਨਹੀਂ ਹੋ ਸਕਦੇ।

ਇਸ ਤੋਂ ਇਲਾਵਾ ਭੁੱਖ ਬਰਦਾਸ਼ਤ ਕਰਨ ਨਾਲ ਸਾਡੇ ਅੰਦਰ ਉਨ੍ਹਾਂ ਗ਼ਰੀਬਾਂ ਪ੍ਰਤੀ ਹਮਦਰਦੀ ਪੈਦਾ ਹੁੰਦੀ ਹੈ ਜੋ ਭੁੱਖੇ ਰਹਿਣ ਲਈ ਮਜਬੂਰ ਹਨ।ਕਿਉਂਕਿ ਭੁੱਖ ਨਾਲ ਰੂਹਾਨੀ ਤਾਜ਼ਗੀ ਮਿਲਦੀ ਹੈ ਤੇ ਰੱਬ ਦੀ ਯਾਦ ਵਿਚ ਦਿਲ ਲਗਦਾ ਹੈ। ਇਸਲਾਮ ਵਿਚ ਇਸ ਆਦਤ ਦੀ ਬੜੀ ਤਾਰੀਫ਼ ਕੀਤੀ ਗਈ ਹੈ।ਪਰ ਇਹ ਜ਼ਰੂਰੀ ਹੈ ਇਹ ਸਭ ਕੁੱਝ ਕਰਨਾ, ਰੱਬ ਦੇ ਹੁਕਮ ਅਤੇ ਹਜ਼ਰਤ ਮੁਹੰਮਦ ਸਾਹਿਬ ਦੇ ਤਰੀਕੇ ਮੁਤਾਬਿਕ ਹੋਵੇ। ਇਸਲਾਮ ਅਨੁਸਾਰ ਆਖਰਤ ਦੀ ਜ਼ਿੰਦਗੀ ਦੁਨੀਆ ਦੀ ਜ਼ਿੰਦਗੀ ਦੇ ਮੁਕਾਬਲੇ ਬਹੁਤ ਵੱਡੀ ਹੈ। ਇਸ ਲਈ ਸਾਡਾ ਭੁੱਖਾ ਰਹਿਣਾ ਅਜਿਹਾ ਹੋਵੇ, ਜੋ ਆਖਰਤ ਵਿਚ ਕੰਮ ਆ ਸਕੇ।ਜਿਸ ਨਾਲ ਰੱਬ ਸੱਚਾ ਸਾਡੇ ਲਈ ਜੰਨਤ ਦੇ ਦਰਵਾਜ਼ੇ ਖੋਲ੍ਹ ਦੇਵੇ।

ਰੋਜ਼ਾ ਆਪਣੇ-ਆਪ ਨੂੰ ਸੱਚੇ ਰੱਬ ਲਈ ਹਰ ਚੀਜ਼ ਤੋਂ ਅਲੱਗ ਕਰ ਲੈਣ ਤੇ ਮੁਕੰਮਲ ਤੌਰ 'ਤੇ ਰੱਬ ਵੱਲ ਮੁੜਨ ਦਾ ਨਾਂ ਹੈ। ਇਸਲਾਮ ਵਿਚ ਨਮਾਜ਼ ਤੋਂ ਬਾਅਦ ਰੋਜ਼ੇ ਦਾ ਹੀ ਨੰਬਰ ਆਉਂਦਾ ਹੈ, ਜੋ ਅੱਲ੍ਹਾ ਨੇ ਮੁਸਲਮਾਨਾਂ ਲਈ ਜ਼ਰੂਰੀ (ਫਰਜ਼) ਕੀਤੇ ਹਨ।

ਨਮਾਜ਼ ਦੀ ਤਰ੍ਹਾਂ ਇਹ ਇਬਾਦਤ ਵੀ ਸ਼ੁਰੂ ਦਿਨ ਤੋਂ ਸਾਰੇ ਨਬੀਆਂ ਦੇ ਪੈਰੋਕਾਰਾਂ 'ਤੇ ਫਰਜ਼ ਰਹੀ ਹੈ। ਪਿਛਲੀਆਂ ਸਾਰੀਆਂ ਉੱਮਤਾਂ ਇਸੇ ਤਰ੍ਹਾਂ ਰੋਜ਼ੇ ਰੱਖਦੀਆਂ ਸਨ, ਜਿਸ ਤਰ੍ਹਾਂ 'ਉੱਮਤੇ ਮੁਹੰਮਦੀਆ' ਰੱਖਦੀ ਹੈ।।ਅੱਜ ਵੀ ਅਕਸਰ ਧਰਮਾਂ 'ਚ ਰੋਜ਼ਾ ਕਿਸੇ ਨਾ ਕਿਸੇ ਸ਼ਕਲ 'ਚ ਜ਼ਰੂਰ ਮੌਜੂਦ ਹੈ।

ਰੋਜ਼ਾ ਹਰ ਸਾਲ ਪੂਰੇ ਇਕ ਮਹੀਨੇ ਲਈ 'ਸ਼ਰੀਅਤ-ਏ-ਮੁਹੰਮਦੀਆ' ਅਨੁਸਾਰ ਆਪਣੀ ਜ਼ਿੰਦਗੀ ਨੂੰ ਗੁਜ਼ਾਰਨ ਦੇ ਮਕਸਦ ਨਾਲ ਟ੍ਰੇਨਿੰਗ ਪੀਰੀਅਡ ਲੈ ਕੇ ਆਉਂਦਾ ਹੈ। ਪੂਰਾ ਮਹੀਨਾ ਸਵੇਰੇ ਸਹਿਰੀ ਲਈ ਉੱਠੋ, ਤੈਅ ਸਮੇਂ 'ਤੇ ਖਾਣਾ-ਪੀਣਾ ਛੱਡ ਦਿਉ, ਦਿਨ ਭਰ ਇਹ ਕੰਮ ਕਰ ਸਕਦੇ ਹੋ। ਸ਼ਾਮ ਨੂੰ ਫਿਰ ਤੈਅ ਸਮੇਂ 'ਤੇ ਰੋਜ਼ਾ (ਖੋਲ੍ਹੋ) ਇਫਤਾਰ ਕਰੋ। ਫਿਰ ਤਰਾਵੀਹ ਲਈ ਮਸਜਿਦ 'ਚ ਜਾਓ ਆਦਿ। ਇਸੇ ਤਰ੍ਹਾਂ ਹਰ ਸਾਲ ਮੁਸਲਮਾਨਾਂ ਨੂੰ ਇਕ ਫ਼ੌਜੀ ਦੀ ਤਰ੍ਹਾਂ ਸਖ਼ਤ ਕਾਨੂੰਨਾਂ ਤਹਿਤ ਟ੍ਰੇਨਿੰਗ ਦਿੱਤੀ ਜਾਂਦੀ ਹੈ ਅਤੇ ਫਿਰ ਸਾਲ ਦੇ ਬਾਕੀ ਗਿਆਰਾਂ ਮਹੀਨਿਆਂ ਲਈ ਆਜ਼ਾਦ ਛੱਡ ਦਿੱਤਾ ਜਾਂਦਾ ਹੈ ਤਾਂ ਕਿ ਜੋ ਟ੍ਰੇਨਿੰਗ ਉਸ ਨੇ ਇਕ ਮਹੀਨੇ 'ਚ ਲਈ ਹੈ ਉਸ ਦਾ ਫ਼ਾਇਦਾ ਖ਼ੁਦ ਨੂੰ ਤੇ ਦੂਜੇ ਲੋਕਾਂ ਨੂੰ ਪਹੁੰਚ ਸਕੇ ਅਤੇ ਜੇ ਕੋਈ ਇਸ ਵਿਚ ਕਮੀ ਰਹਿ ਗਈ ਹੈ ਤਾਂ ਅਗਲੇ ਸਾਲ ਦੀ ਟ੍ਰੇਨਿੰਗ 'ਚ ਪੂਰੀ ਕੀਤੀ ਜਾਵੇ।

ਅੱਲਾਮਾ ਇਬਨੇ ਜਾਫ਼ਰੀ 'ਬਸਤਾਨ-ਉਲ-ਵਾਜ਼ੇਨ' ਵਿਚ ਲਿਖਦੇ ਹਨ ਕਿ ਸਾਲ ਦੇ ਬਾਰਾਂ ਮਹੀਨੇ ਹਜ਼ਰਤ ਯਾਕੂਬ (ਅਲੈਹ.) ਦੇ ਬਾਰਾਂ ਪੁੱਤਰਾਂ ਦੀ ਤਰ੍ਹਾਂ ਹਨ, ਉਨ੍ਹਾਂ 'ਚੋਂ ਜਿਵੇਂ ਹਜ਼ਰਤ ਯੂਸਫ਼ (ਅਲੈਹ.) ਉਨ੍ਹਾਂ ਨੂੰ ਸਭ ਤੋਂ ਵੱਧ ਪਿਆਰੇ ਸਨ, ਉਸੇ ਤਰ੍ਹਾਂ ਅੱਲ੍ਹਾ ਨੂੰ ਵੀ ਰਮਜ਼ਾਨ ਦਾ ਮਹੀਨਾ ਸਾਰੇ ਮਹੀਨਿਆਂ ਤੋਂ ਜ਼ਿਆਦਾ ਮਹਿਬੂਬ ਹੈ। ਯੂਸਫ਼ ਦੀ ਦੁਆ ਸਦਕਾ ਜਿਸ ਤਰ੍ਹਾਂ ਅੱਲ੍ਹਾ ਨੇ ਉਸ ਦੇ ਬਾਕੀ ਗਿਆਰਾਂ ਭਰਾਵਾਂ ਨੂੰ ਮਾਫ਼ ਕਰ ਦਿੱਤਾ ਸੀ, ਠੀਕ ਉਸੇ ਤਰ੍ਹਾਂ ਸੱਚਾ ਰੱਬ ਰਮਜ਼ਾਨ ਦੀ ਬਦੌਲਤ ਬਾਕੀ ਗਿਆਰਾਂ ਮਹੀਨਿਆਂ ਦੇ ਗੁਨਾਹ ਬਖ਼ਸ਼ ਦੇਵੇਗਾ।



ਹਜ਼ਰਤ ਮੁਹੰਮਦ ਸਲ. ਫ਼ਰਮਾਉਂਦੇ ਹਨ ਕਿ ਰਜਬ ਅੱਲ੍ਹਾ ਦਾ ਮਹੀਨਾ ਹੈ, ਸ਼ਬਾਨ ਮੇਰਾ ਮਹੀਨਾ ਹੈ ਅਤੇ ਰਮਜ਼ਾਨ ਮੇਰੀ ਉੱਮਤ ਦਾ ਮਹੀਨਾ ਹੈ। ਰਜਬ ਦਾ ਦਰਜਾ ਬਾਕੀ ਮਹੀਨਿਆਂ 'ਚ ਐਸਾ ਹੈ, ਜੈਸਾ ਕੁਰਆਨ ਸ਼ਰੀਫ ਦਾ ਬਾਕੀ ਕਿਤਾਬਾਂ 'ਚ ਸ਼ਬਾਨ ਦਾ ਦਰਜਾ ਬਾਕੀ ਮਹੀਨਿਆਂ 'ਚ ਐਸਾ ਹੈ, ਜੈਸਾ ਸਾਰਿਆਂ ਨਬੀਆਂ 'ਚ ਮੇਰਾ ਅਤੇ ਰਮਜ਼ਾਨ ਦਾ ਦਰਜਾ ਬਾਕੀ ਮਹੀਨਿਆਂ 'ਚ ਐਸਾ ਹੈ, ਜੈਸਾ ਅੱਲ੍ਹਾ ਦਾ ਪੂਰੀ ਇਨਸਾਨੀਅਤ 'ਚ। ਹਜ਼ੂਰ ਸਲ. ਨੇ ਹੋਰ ਫ਼ਰਮਾਇਆ ਕਿ ਜੇਕਰ ਮੇਰੀ ਉੱਮਤ ਨੂੰ ਪਤਾ ਚੱਲ ਜਾਵੇ ਕਿ ਰਮਜ਼ਾਨ ਕੀ ਚੀਜ਼ ਹੈ ਤਾਂ ਮੇਰੀ ਉੱਮਤ ਇਹ ਤਮੰਨਾ ਕਰੇਗੀ ਕਿ ਸਾਰਾ ਸਾਲ ਰਮਜ਼ਾਨ ਹੀ ਹੋ ਜਾਵੇ।

ਰੱਬ ਨੇ ਰਮਜ਼ਾਨ ਦੇ ਮਹੀਨੇ ਵਿਚ ਸਵੇਰੇ ਪਹੁ ਫੁੱਟਣ ਤੋਂ ਸੂਰਜ ਛਿਪਣ ਤਕ ਭੁੱਖੇ ਰਹਿਣ ਤੇ ਨਫ਼ਸਾਨੀ ਚਾਹਤਾਂ ਤੋਂ ਦੂਰ ਰਹਿਣ ਦਾ ਹੁਕਮ ਦਿੱਤਾ ਹੈ। ਇਸ ਦਾ ਨਾਂ ਹੀ ਰੋਜ਼ਾ ਹੈ। ਹੁਣ ਮਸਲਾ ਇਹ ਉੱਠਦਾ ਹੈ ਕਿ ਰੱਬ ਸਾਨੂੰ ਭੁੱਖਾ ਕਿਉਂ ਰੱਖਣਾ ਚਾਹੁੰਦਾ ਹੈ ਅਤੇ ਇਸ ਦੇ ਬਦਲੇ ਰੱਬ ਸਾਨੂੰ ਕੀ ਦੇਣਾ ਚਾਹੁੰਦਾ ਹੈ। ਰੱਬ ਫ਼ਰਮਾਉਂਦਾ ਹੈ ਮੈਂ ਇਨਸਾਨ ਨੂੰ ਨੇਕ ਅਤੇ ਪਰਹੇਜ਼ਗਾਰ ਬਣਾਉਣਾ ਚਾਹੁੰਦਾ ਹਾਂ, ਇਸੇ ਲਈ ਰੱਬ ਨੇ ਸਾਨੂੰ ਰੋਜ਼ੇ ਦਾ ਹੁਕਮ ਦਿੱਤਾ ਹੈ।


ਰੱਬ ਕਿਸੇ ਨੂੰ ਬਰਬਾਦ ਨਹੀਂ ਕਰਨਾ ਚਾਹੁੰਦਾ। ਰੱਬ ਨੇ ਇਨਸਾਨ ਨੂੰ ਰੋਜ਼ੇ ਦੇ ਬਦਲੇ ਵੱਡੇ-ਵੱਡੇ ਇਨਾਮ ਦੇਣ ਦਾ ਵਾਅਦਾ ਕੀਤਾ ਹੈ। ਰੱਬ ਕਹਿੰਦਾ ਹੈ ਕਿ ਹਰ ਨੇਕ ਕੰਮ ਦਾ ਸਵਾਬ (ਬਦਲਾ) ਦਸ ਗੁਣਾ ਹੁੰਦਾ ਹੈ ਅਤੇ ਇਸ ਤੋਂ ਵੱਧ ਸੱਤ ਸੌ ਗੁਣਾ ਤਕ ਹੋ ਸਕਦਾ ਹੈ।ਪਰ ਰੋਜ਼ਾ ਇਸ ਤੋਂ ਅਲੱਗ ਹੈ, ਇਸ ਦੇ ਸਵਾਬ ਦਾ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ। ਕੁੱਝ ਇਲਮ ਦੇ ਜਾਣਨ ਵਾਲੇ ਇਉਂ ਕਹਿੰਦੇ ਹਨ ਕਿ ਬੰਦਾ ਜਦੋਂ ਰੋਜ਼ਾ ਰੱਖਦਾ ਹੈ ਤਾਂ ਉਹ ਭੁੱਖਾ ਰਹਿਣ ਦੇ ਨਾਲ-ਨਾਲ ਕਈ ਤਰ੍ਹਾਂ ਦੀਆਂ ਨਫ਼ਸਾਨੀ ਚਾਹਤਾਂ ਤੋਂ ਵੀ ਦੂਰ ਰਹਿੰਦਾ ਹੈ। ਇਸ ਤੋਂ ਇਲਾਵਾ ਆਮ ਦਿਨਾਂ ਤੋਂ ਜ਼ਿਆਦਾ ਨਫ਼ਲ (ਨਮਾਜ਼ਾਂ) ਪੜ੍ਹਦਾ ਹੈ, ਰੱਬ ਦਾ ਜ਼ਿਕਰ ਕਰਦਾ ਹੈ, ਰਾਤ ਸਮੇਂ ਤਰਾਵੀਹ (ਰਮਜ਼ਾਨ ਦੇ ਮਹੀਨੇ ਦੀ ਖ਼ਾਸ ਨਮਾਜ਼) ਪੜ੍ਹਦਾ ਹੈ, ਭਾਵ ਇੰਨਾ ਸਵਾਬ ਕਮਾਉਂਦਾ ਹੈ ਕਿ ਜਿਸ ਨੂੰ ਫ਼ਰਿਸ਼ਤੇ ਲਿਖਣ ਤੋਂ ਕਾਸਿਰ (ਬੇਬੱਸ) ਹੋ ਜਾਂਦੇ ਹਨ। ਇਸ ਕਰਕੇ ਰੱਬ ਨੇ ਇਹ ਜ਼ਿੰਮੇਵਾਰੀ ਆਪ ਲਈ ਹੈ ਕਿ ਰੋਜ਼ਾਦਾਰ ਨੂੰ ਸਵਾਬ ਮੈਂ ਖ਼ੁਦ ਦੇਵਾਂਗਾ। ਇਸਲਾਮ ਦੇ ਆਖ਼ਰੀ ਨਬੀ ਹਜ਼ਰਤ ਮੁਹੰਮਦ (ਸਲ.) ਫ਼ਰਮਾਉਂਦੇ ਹਨ ਕਿ ਜੰਨਤ ਦੇ ਅੱਠ ਦਰਵਾਜ਼ਿਆਂ ਵਿੱਚੋਂ ਇਕ ਦਰਵਾਜ਼ਾ ਸਿਰਫ਼ ਰੋਜ਼ੇਦਾਰਾਂ ਲਈ ਹੈ ਤੇ ਜੋ ਬੰਦਾ ਇਕ ਵਾਰ ਇਸ ਦਰਵਾਜ਼ੇ ਵਿੱਚੋਂ ਲੰਘ ਗਿਆ ਤਾਂ ਉਸ ਨੂੰ ਕਦੇ ਵੀ ਭੁੱਖ ਜਾਂ ਪਿਆਸ ਮਹਿਸੂਸ ਨਹੀਂ ਹੋਵੇਗੀ।

ਇਸੇ ਤਰਾਂ ਹਜ਼ੂਰ (ਸਲ.) ਫ਼ਰਮਾਉਂਦੇ ਹਨ ਕਿ ਰੋਜ਼ੇਦਾਰ ਲਈ ਰੱਬ ਵੱਲੋਂ ਦੋ ਖ਼ਾਸ ਮਿਹਰਬਾਨੀਆਂ ਹਨ, ਜਿਨ੍ਹਾਂ ਵਿੱਚੋਂ ਇਕ ਰੋਜ਼ਾ ਖੁੱਲ੍ਹਣ ਸਮੇਂ ਤੇ ਦੂਜੀ ਮਿਹਰਬਾਨੀ ਉਦੋਂ ਹੋਵੇਗੀ ਜਦੋਂ ਮਰਨ ਉਪਰੰਤ ਰੱਬ ਨਾਲ ਮੁਲਾਕਾਤ ਹੋਵੇਗੀ ਜੋ ਕਿ ਆਖ਼ਰਤ ਦੀਆਂ ਮਿਹਰਬਾਨੀਆਂ 'ਚੋਂ ਸਭ ਤੋਂ ਵੱਡੀ ਮਿਹਰਬਾਨੀ ਹੈ। ਇਸ ਤੋਂ ਇਲਾਵਾ ਰੋਜ਼ਾ ਰੱਬ ਅੱਗੇ ਰੋਜ਼ੇਦਾਰ ਦੀ ਸਿਫ਼ਾਰਸ਼ ਕਰਦਾ ਹੋਇਆ ਕਹੇਗਾ ਕਿ ਮੈਂ ਇਸ ਨੂੰ ਭੁੱਖਾ ਰੱਖਿਆ ਅਤੇ ਹਰੇਕ ਨਫ਼ਸਾਨੀ ਚਾਹਤ ਤੋਂ ਦੂਰ ਰੱਖਿਆ, ਇਸ ਲਈ ਤੂੰ ਇਸ ਨੂੰ ਮਾਫ਼ ਕਰ ਦੇ।

ਸੱਚਾ ਰੱਬ ਸਾਨੂੰ ਇਸ ਮਹੀਨੇ ਦੀਆਂ ਬਰਕਤਾਂ ਤੋਂ ਮਾਲਾ-ਮਾਲ ਫ਼ਰਮਾਵੇ ਤੇ ਇਸ ਮਹੀਨੇ 'ਚ ਜ਼ਿਆਦਾ ਤੋਂ ਜ਼ਿਆਦਾ ਇਬਾਦਤ ਕਰਨ ਦਾ ਬਲ ਬਖ਼ਸ਼ੇ। ਆਮੀਨ॥ •

92565-57957

ਮੁਹੰਮਦ ਇਕਬਾਲ



## ਰਮਜ਼ਾਨ-ਉਲ-ਮੁਬਾਰਕ

ਇਸਲਾਮੀ ਇਤਿਹਾਸ ਅਨੁਸਾਰ ਹਿਜਰੀ ਸੰਨ ਦੇ 9ਵੇਂ ਮਹੀਨੇ ਰਮਜ਼ਾਨ ਨੂੰ ਵਿਸ਼ੇਸ਼ ਮਹੱਤਤਾ ਪ੍ਰਾਪਤ ਹੈ ਕਿਉਂਕਿ ਇਸ ਮਹੀਨੇ ਦੀ ਇਕ ਭਾਗਾਂ ਵਾਲੀ ਰਾਤ ਨੂੰ ਸੰਸਾਰ ਦੇ ਪਾਲਣਹਾਰ ਨੇ ਸਾਰੇ ਇਨਸਾਨਾਂ ਦੀ ਹਦਾਇਤ ਲਈ ਅੱਜ ਤੋਂ 1444 ਸਾਲ ਪਹਿਲਾਂ ਆਪਣੀ ਆਖ਼ਰੀ ਅਸਮਾਨੀ ਕਿਤਾਬ 'ਪਵਿੱਤਰ ਕੁਰਾਨ' ਦੇ ਕੁਝ ਅੰਸ ਦੇ ਕੇ ਆਪਣੇ ਵਿਸ਼ੇਸ਼ ਫਰਿਸ਼ਤੇ 'ਜਿਬਰਾਈਲ (ਅਲੈ.) ਨੂੰ ਅਰਬ ਦੇ ਪ੍ਰਸਿੱਧ ਮੱਕਾ ਦੇ ਵਸਨੀਕ ਹਜ਼ਰਤ ਮੁਹੰਮਦ ਸਾਹਿਬ ਦੇ ਦਿਲ 'ਤੇ ਨਾਜ਼ਲ ਕਰਨ ਲਈ ਭੇਜਿਆ ਅਤੇ ਆਪ ਨੂੰ ਆਪਣਾ ਆਖ਼ਰੀ ਪੈਗ਼ੰਬਰ ਹੋਣ ਦਾ ਵੀ ਮਾਣ ਬਖ਼ਸ਼ਿਆ।

ਇਸ ਪਵਿੱਤਰ ਕਿਤਾਬ ਨੂੰ ਰੱਬ ਵੱਲੋਂ ਥੋੜ੍ਹਾ-ਥੋੜ੍ਹਾ ਕਰ ਕੇ ਲੋੜ ਅਨੁਸਾਰ ਨਾਜ਼ਲ ਕੀਤਾ ਜਾਂਦਾ ਰਿਹਾ। ਇੰਝ ਕੁਰਾਨ ਮਜੀਦ ਨੂੰ ਮੁਕੰਮਲ ਹੋਣ 'ਚ ਲਗਪਗ 23 ਸਾਲ ਦਾ ਸਮਾਂ ਲੱਗਾ। ਆਪਣੇ ਵੱਲੋਂ ਕੀਤੇ ਗਏ ਅਹਿਸਾਨ ਤੇ ਇਨਾਮ ਨੂੰ ਇਸ ਕਿਤਾਬ ਉਪਰ ਈਮਾਨ ਰੱਖਣ ਵਾਲਿਆਂ ਦੇ ਦਿਲਾਂ ਵਿਚ ਇਸ ਦੀ ਯਾਦ ਨੂੰ ਤਾਜ਼ਾ ਰੱਖਣ ਲਈ ਅੱਜ ਤੋਂ 1429 ਸਾਲ ਪਹਿਲਾਂ ਅੱਲ੍ਹਾ ਤਾਅਲਾ ਵੱਲੋਂ ਰਮਜ਼ਾਨ ਮਹੀਨੇ ਦੇ ਰੋਜ਼ੇ ਰੱਖਣੇ ਫਰਜ਼ ਕੀਤੇ ਗਏ। ਇਹ ਰੋਜ਼ੇ ਕੇਵਲ ਅੱਜ ਦੇ ਮੁਸਲਮਾਨਾਂ ਤੇ ਫਰਜ਼ ਨਹੀ ਕੀਤੇ ਗਏ, ਸਗੋਂ ਕੁਰਆਨ ਪਾਕ ਅਨੁਸਾਰ ਪਹਿਲੀਆਂ ਕੌਮਾਂ 'ਤੇ ਵੀ ਰੱਬ ਨੇ ਰੋਜ਼ੇ ਰੱਖਣੇ ਫਰਜ਼ ਕੀਤੇ ਪਰ ਇਨ੍ਹਾਂ ਦੇ ਰੱਖਣ ਦਾ ਤਰੀਕਾ ਤੇ ਸਮਾਂ ਵੱਖ-ਵੱਖ ਸੀ। ਰੋਜ਼ੇ ਦੌਰਾਨ ਅਸਲ ਵਿਚ ਭੁੱਖ-ਪਿਆਸ ਕਾਰਨ ਵਿਅਕਤੀ ਨੂੰ ਇਸ ਗੱਲ ਦਾ ਅਹਿਸਾਸ ਰਹਿੰਦਾ ਹੈ ਕਿ ਉਹ ਰੋਜ਼ੇ ਦੀ ਹਾਲਤ ਵਿਚ ਹੈ ਭਾਵ ਭੁੱਖਾ-ਪਿਆਸਾ ਰਹਿ ਕੇ ਆਪਣੇ ਇਸ਼ਟ ਨੂੰ ਖ਼ੁਸ਼ ਕਰਨ ਦੀ ਪਰੰਪਰਾ ਸਾਰੇ ਹੀ ਪ੍ਰਮੁੱਖ ਧਰਮਾਂ ਵਿਚ ਹੈ। 'ਰੋਜ਼ੇ' ਨੂੰ ਅਰਬੀ ਭਾਸ਼ਾ ਵਿਚ 'ਸੋਮ' ਕਿਹਾ ਜਾਂਦਾ ਹੈ, ਜਿਸ ਦਾ ਅਰਥ ਹੈ-ਰੁਕਣਾ।

ਹਦੀਸ ਸ਼ਰੀਫ਼ ਵਿਚ ਹੈ ਕਿ ਰੋਜ਼ਾ ਢਾਲ ਤੇ ਮਜ਼ਬੂਤ ਕਿਲ੍ਹਾ ਹੈ-ਦੋਜ਼ਖ ਤੋਂ ਬਚਣ ਦਾ। ਰੋਜ਼ੇਦਾਰ ਦਾ ਸੌਣਾਂ ਇਬਾਦਤ ਅਤੇ ਚੁੱਪ ਰਹਿਣਾ ਤਸਬੀਹ ਹੈ। ਜਿਹੜਾ ਵਿਅਕਤੀ ਬਿਨਾਂ ਕਿਸੇ ਮਜਬੂਰੀ ਤੋਂ ਰਮਜ਼ਾਨ ਸ਼ਰੀਫ਼ ਦਾ ਇਕ ਰੋਜ਼ਾ ਛੱਡ ਦੇਵੇ ਤੇ ਫਿਰ ਜੇ ਉਹ ਇਸ ਦੇ ਬਦਲੇ ਉਮਰ ਭਰ ਰੋਜ਼ੇ ਰੱਖੇ ਤਾਂ ਵੀ ਰਮਜ਼ਾਨ ਸ਼ਰੀਫ਼ ਦੇ ਰੋਜ਼ੇ ਵਾਲਾ ਅਜਰ ਨਹੀ ਪਾ ਸਕਦਾ।

**ਰੋਜ਼ੇ ਦੀ ਨੀਯਤ** : ਨੀਯਤ ਤੋਂ ਭਾਵ ਹੈ ਰੋਜ਼ਾ ਰੱਖਣ ਦਾ ਦਿਲ ਵਿਚ ਇਰਾਦਾ ਕਰਨਾ।

**ਜਿਨ੍ਹਾਂ ਚੀਜ਼ਾਂ ਨਾਲ ਰੋਜ਼ਾ ਟੁੱਟ ਜਾਂਦਾ ਹੈ** : ਕੰਨ ਜਾਂ ਨੱਕ ਵਿਚ ਦਵਾ ਪਾਉਣ ਨਾਲ, ਜਾਣ ਬੁਝ ਕੇ ਉਲਟੀ ਕਰਨ ਨਾਲ, ਕੁਰਲੀ ਕਰਦੇ ਸਮੇਂ ਪਾਣੀ ਅੰਦਰ ਚਲੇ ਜਾਣ ਨਾਲ।

**ਜਿਨ੍ਹਾਂ ਚੀਜ਼ਾਂ ਨਾਲ ਰੋਜ਼ਾ ਨਹੀ ਟੁੱਟਦਾ** : ਭੁੱਲ ਕੇ ਖਾਣ-ਪੀਣ ਨਾਲ। ਕੰਨ ਵਿਚ ਪਾਣੀ ਚਲੇ ਜਾਣ ਨਾਲ। ਆਪਣੇ ਆਪ ਉਲਟੀ ਆ ਜਾਣ ਨਾਲ। ਉਲਟੀ ਆ ਕੇ ਪਿੱਛੇ ਮੁੜ ਜਾਣ ਨਾਲ। ਧੂੜ ਹਲਕ 'ਚ ਚਲੇ ਜਾਣ ਨਾਲ। ਅਜਿਹਾ ਟੀਕਾ, ਜਿਹੜਾ ਸਿੱਧੇ ਤੌਰ ਤੇ ਦਿਮਾਗ਼ ਜਾਂ ਮਿਹਦੇ ਵਿਚ ਨਾ ਲਗਾਇਆ ਜਾਵੇ।

**ਰੋਜ਼ਾ ਖੋਲ੍ਹਣ ਦੀ ਦੁਆ** : ਅੱਲਾਹੁੰਮਾ ਲਕਾ ਸੁਮਤ ਵ-ਅਲਾ ਰਿਜ਼ਕਿਕਾ ਅਫਤਰਤੁ। ਭਾਵ, ਹੇ ਅੱਲਾਹ! ਮੈਂ ਤੇਰੇ ਲਈ ਰੋਜ਼ਾ ਰੱਖਿਆ ਅਤੇ ਤੇਰੇ ਹੀ ਰਿਜ਼ਕ ਨਾਲ ਖੋਲ੍ਹਿਆ।

**ਸਰਘੀ ਤੇ ਅਫਤਾਰੀ** : ਸਰਘੀ ਖਾਣਾ ਸੁੰਨਤ ਹੈ। ਹਜ਼ਰਤ ਮੁਹੰਮਦ ਸਾਹਿਬ ਦਾ ਇਰਸ਼ਾਦ ਹੈ ਕਿ ਸਰਘੀ ਵੇਲੇ ਕੁਝ ਨਾ ਕੁਝ ਖਾਇਆ ਕਰੋ।

**ਜ਼ਕਾਤ ਦਾ ਵਾਜਿਬ ਹੋਣਾ** : ਜਿਸ ਅਦਮੀ ਕੋਲ ਸਾਢੇ ਬਵੰਜਾ ਤੋਲੇ ਚਾਂਦੀ ਜਾਂ ਫਿਰ ਸਾਢੇ ਸੱਤ ਤੋਲੇ ਸੋਨਾ ਜਾਂ ਸਾਢੇ ਬਵੰਜਾ ਤੋਲੇ ਚਾਂਦੀ ਦੀ ਕੀਮਤ ਦੇ ਬਰਾਬਰ ਪੈਸਾ ਹੋਵੇ ਤੇ ਇਕ ਸਾਲ ਤਕ ਬਾਕੀ ਰਹੇ, ਉਸ 'ਤੇ ਢਾਈ ਫ਼ੀਸਦੀ ਜ਼ਕਾਤ ਦੇਣੀ ਵਾਜਬ ਹੈ। •



'ਰੋਜ਼ੇ' ਨੂੰ ਅਰਬੀ ਭਾਸ਼ਾ ਵਿਚ 'ਸੌਮ' ਕਿਹਾ ਜਾਂਦਾ ਹੈ, ਜਿਸ ਦਾ ਅਰਥ ਹੈ-ਰੁਕਣਾ। ਰਮਜ਼ਾਨ ਦਾ ਦਰਜਾ ਬਾਕੀ ਮਹੀਨਿਆਂ 'ਚ ਐਸਾ ਹੈ, ਜੈਸਾ ਅੱਲ੍ਹਾ ਦਾ ਪੂਰੀ ਇਨਸਾਨੀਅਤ 'ਚ...

## ਸੰਪਾਦਕੀ

# ਨਿਆਂਪਾਲਿਕਾ ਸ਼ਾਸਨ ਨਹੀਂ ਕਰਦੀ ਅਤੇ ਕਾਰਜਪਾਲਿਕਾ ਸਾਲਸੀ

ਨਿਆਂਪਾਲਿਕਾ ਸ਼ਾਸਨ ਨਹੀਂ ਕਰਦੀ ਅਤੇ ਕਾਰਜਪਾਲਿਕਾ ਸਾਲਸੀ। ਇਹ ਸਿਧਾਂਤ ਹੈ। ਅਮਲ ਬਹੁਤ ਘੜਮੱਸ ਭਰਿਆ ਹੈ, ਜਿਵੇਂ ਇਸ ਵੇਲੇ ਅਸੀਂ ਭਾਰਤ ਅਤੇ ਅਮਰੀਕਾ ਵਿੱਚ ਦੇਖ ਰਹੇ ਹਾਂ। ਦੋ ਉਪ ਰਾਸ਼ਟਰਪਤੀ ਭਾਰਤ ਦੇ ਜਗਦੀਪ ਧਨਖੜ ਤੇ ਅਮਰੀਕਾ ਦੇ ਜੇਡੀ ਵੈਂਸ ਨੇ ਆਪੋ-ਆਪਣੀ ਨਿਆਂਪਾਲਿਕਾ ਖ਼ਿਲਾਫ਼ ਮੁਹਾਜ਼ ਵਿੱਢਿਆ ਹੋਇਆ ਹੈ ਜਿਸ ਵਿੱਚ ਕੋਈ ਸੂਖਮਤਾ ਨਹੀਂ ਸਗੋਂ ਪੂਰਾ ਸੁਰਾ ਜਨਤਕ ਹੱਲਾ ਹੈ। ਅਜਿਹਾ ਕਰਦਿਆਂ ਉਨ੍ਹਾਂ ਲੰਮੇ ਸਮੇਂ ਤੋਂ ਚੱਲ ਰਹੇ ਸੰਸਥਾਈ ਟਕਰਾਅ ਨੂੰ ਸਭ ਦੇ ਸਾਹਮਣੇ ਲੈ ਆਂਦਾ ਹੈ। ਇਹ ਸੱਤਾ ਦੀ ਖੇਡ ਦਾ ਮਹਿਜ਼ ਕੋਈ ਪੜਾਅ ਨਹੀਂ; ਇਹ ਚਿਤਾਵਨੀ ਹੈ। ਜਗਦੀਪ ਧਨਖੜ ਸੁਪਰੀਮ ਕੋਰਟ ਤੋਂ ਨਾਖੁਸ਼ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਰਾਸ਼ਟਰਪਤੀ ਨੂੰ ਸੂਬਾਈ ਬਿਲਾਂ ਬਾਰੇ ਫ਼ੈਸਲਾ ਕਰਨ ਲਈ ਸਮਾਂ ਸੀਮਾ ਜਾਰੀ ਕਰ ਕੇ 'ਸੁਪਰ ਪਾਰਲੀਮੈਂਟ' ਵਾਂਗ ਵਿਚਰ ਰਹੀ ਹੈ। ਉਨ੍ਹਾਂ ਦੇ ਖ਼ਿਆਲ ਵਿੱਚ ਜੱਜ ਆਪਣੇ ਫ਼ਤਵੇ ਨੂੰ ਉਲੰਘ ਰਹੇ ਹਨ। ਉਹ ਕਾਨੂੰਨ ਦੀ ਵਿਆਖਿਆ ਕਰ ਰਹੇ ਹਨ, ਉਹ ਕਾਰਜਪਾਲਿਕਾ ਨੂੰ ਡੈੱਡਲਾਈਨਾਂ ਜਾਰੀ ਨਹੀਂ ਕਰਦੇ। ਰਾਜ ਸਭਾ ਦੇ ਇਨਟਰਨਾਂ ਨੂੰ ਸੰਬੋਧਨ ਕਰਦਿਆਂ, ਧਨਖੜ ਨੇ ਦੁੱਖ ਜਤਾਇਆ ਕਿ ਸਿਰਫ ਰਾਸ਼ਟਰਪਤੀ ਵੱਲੋਂ ਹੀ ਸੰਵਿਧਾਨ ਦੀ 'ਰਾਖੀ' ਦੀ ਸਹੁੰ ਚੁੱਕੀ ਜਾਂਦੀ ਹੈ; ਬਾਕੀਆਂ ਜਿਨ੍ਹਾਂ ਵਿੱਚ ਜੱਜ ਵੀ ਸ਼ਾਮਿਲ ਹਨ, ਵੱਲੋਂ ਮਹਿਜ਼ ਇਸ ਦਾ ਪਾਲਣ ਕਰਨ ਦਾ ਵਾਅਦਾ ਕੀਤਾ ਜਾਂਦਾ ਹੈ। ਉਨ੍ਹਾਂ ਮੁਤਾਬਿਕ, ਇਹ ਫ਼ਰਕ ਅਹਿਮ ਹੈ। ਇਸ ਤੋਂ ਤੈਅ ਹੁੰਦਾ ਹੈ ਕਿ ਕੌਣ ਕਿਸ ਨੂੰ ਕੁਝ ਕਰਨ ਲਈ ਆਖਣਾ ਪਰ ਉਹ ਇੱਥੇ ਹੀ ਨਹੀਂ ਰੁਕੇ। ਉਨ੍ਹਾਂ ਨਿਆਂਪਾਲਿਕਾ 'ਤੇ ਜਵਾਬਦੇਹੀ ਤੋਂ ਬਿਨਾਂ ਕੰਮ ਕਰਨ ਦਾ ਦੋਸ਼ ਵੀ ਮੜ੍ਹ ਦਿੱਤਾ ਹੈ। ਜੱਜਾਂ ਨਾਲ ਜੁੜੇ ਭ੍ਰਿਸ਼ਟਾਚਾਰ ਦੇ ਕੇਸਾਂ ਵਿੱਚ ਐੱਫਆਈਆਰ ਦਰਜ ਨਹੀਂ ਕੀਤੀ ਜਾਂਦੀ, ਅਸਾਸਿਆਂ ਦਾ ਕੋਈ ਖ਼ੁਲਾਸਾ ਨਹੀਂ ਕੀਤਾ ਜਾਂਦਾ ਅਤੇ ਹੂੰਝਾ-ਫੇਰੂ ਨਿਰਦੇਸ਼ ਜਾਰੀ ਕਰਨ ਲਈ ਧਾਰਾ 142 ਦੀ ਵਰਤੋਂ ਕੀਤੀ ਜਾਂਦੀ ਹੈ। ਉਨ੍ਹਾਂ ਧਾਰਾ 142 ਨੂੰ 'ਜਮਹੂਰੀ ਸ਼ਕਤੀਆਂ ਵਿਰੁੱਧ ਪਰਮਾਣੂ ਮਿਜ਼ਾਈਲ' ਕਰਾਰ ਦਿੱਤਾ। ਉਨ੍ਹਾਂ ਦਾ ਸੰਦੇਸ਼ ਬਹੁਤ ਸਪੱਸ਼ਟ ਹੈ: ਅਦਾਲਤਾਂ ਬਹੁਤ ਅੱਗੇ ਲੰਘ ਚਲੀਆਂ ਗਈਆਂ ਹਨ, ਹੁਣ ਪਾਰਲੀਮੈਂਟ ਲਈ ਜਵਾਬੀ ਕਾਰਵਾਈ ਕਰਨ ਦਾ ਸਮਾਂ ਆ ਗਿਆ ਹੈ। ਧਨਖੜ ਦੀ ਹਤਾਸ਼ਾ ਵਡੇਰੇ ਬਿਰਤਾਂਤ 'ਚੋਂ ਆਉਂਦੀ ਹੈ- ਅਜਿਹਾ ਬਿਰਤਾਂਤ ਜਿੱਥੇ ਨਿਆਂਪਾਲਿਕਾ ਨੂੰ ਅਕਸਰ ਅੜਿੱਕਾਕਾਰੀ ਜਾਂ ਭਾਰੂ ਪਾਰਲੀਮੈਂਟ ਦੇ ਛੱਡੇ ਖਲਾਅ ਵਿੱਚ ਉਤਰਦਿਆਂ ਦੇਖਿਆ ਜਾਂਦਾ ਹੈ ਪਰ ਜਦੋਂ ਅਦਾਲਤਾਂ ਕਾਰਜਪਾਲਿਕਾ ਦੇ ਛੱਡੇ ਖੱਪੇ ਭਰਨੇ ਸ਼ੁਰੂ ਕਰਦੀਆਂ ਹਨ ਤਾਂ ਕਾਰਜਪਾਲਿਕਾ ਇਸ ਨੂੰ ਪਸੰਦ ਨਹੀਂ ਕਰਦੀ ਤੇ ਅਦਾਲਤ ਨਾਲ ਦੋ-ਦੋ ਹੱਥ ਕਰਨ ਦਾ ਜ਼ਿੰਮਾ ਵਕੀਲ ਤੋਂ ਕਾਨੂੰਨਸਾਜ਼ ਤੇ ਫਿਰ ਉਪ ਰਾਸ਼ਟਰਪਤੀ ਬਣੇ ਧਨਖੜ ਨੇ ਲੈ ਲਿਆ ਹੈ। ਦੂਜੇ ਪਾਸੇ ਅਮਰੀਕਾ ਦੇ ਉਪ ਰਾਸ਼ਟਰਪਤੀ ਜੇਡੀ ਵੈਂਸ ਨੇ ਅਦਾਲਤੀ ਹੁਕਮ 'ਤੇ ਜਨਤਕ ਰੂਪ ਵਿੱਚ ਨਾਰਾਜ਼ਗੀ ਜਤਾਈ ਤਾਂ ਟਰੰਪ ਪ੍ਰਸ਼ਾਸਨ ਨੂੰ ਸ਼ਰਮਿੰਦਗੀ ਝੱਲਣੀ ਪਈ ਸੀ। ਫੈਡਰਲ ਅਪੀਲੀ ਕੋਰਟ ਨੇ ਗ਼ਲਤੀ ਨਾਲ ਡਿਪੋਰਟ ਕੀਤੇ ਕਿਲਮਾਰ ਅਬਰੈਗੋ ਗਾਰਸ਼ੀਆ ਜੋ ਇਸ ਸਮੇਂ ਅਲ ਸਲਵਾਡੋਰ ਦੀ ਸੀਕੋਟ ਜੇਲ੍ਹ ਵਿੱਚ ਬੰਦ ਹੈ, ਨੂੰ ਵਾਪਸ ਲਿਆਉਣ ਵਿੱਚ ਨਾਕਾਮ ਰਹੀ ਸਰਕਾਰ ਦੀ ਝਾੜ-ਝੰਬ ਕੀਤੀ ਸੀ। ਅਦਾਲਤ ਦਾ ਇਹ ਫ਼ੈਸਲਾ ਜੱਜ ਜੇ. ਹਾਰਵੀ ਵਿਲਕਿੰਸਨ ਨੇ ਲਿਖਿਆ ਹੈ ਜੋ ਰਾਸ਼ਟਰਪਤੀ ਰੀਗਨ ਵੇਲੇ ਨਿਯੁਕਤ ਹੋਏ ਸਨ। ਉਨ੍ਹਾਂ ਟਰੰਪ ਪ੍ਰਸ਼ਾਸਨ 'ਤੇ ਢੁਕਵੀਂ ਪ੍ਰਕਿਰਿਆ ਦਾ ਪਾਲਣ ਕੀਤੇ ਬਿਨਾਂ ਕੰਮ ਕਰਨ, ਅਦਾਲਤੀ ਨਿਰਦੇਸ਼ਾਂ ਦੀ ਅਵੱਗਿਆ ਕਰਨ ਅਤੇ ਲਾਕਾਨੂੰਨੀਅਤ ਨਾਲ ਅੱਖ ਮਟੱਕਾ ਕਰਨ ਦਾ ਦੋਸ਼ ਲਾਇਆ ਹੈ। ਅਦਾਲਤਾਂ ਪ੍ਰਤੀ ਕਾਰਜਪਾਲਿਕਾ ਦੀ ਵਫ਼ਾਦਾਰੀ ਨੂੰ ਦਰਸਾਉਣ ਲਈ ਉਨ੍ਹਾਂ ਅਧੋਗਤੀ ਦੇ ਯੁੱਗ 'ਚੋਂ ਆਇਜ਼ਨਹਾਵਰ ਦੀ ਮਿਸਾਲ ਵੀ ਦੇ ਦਿੱਤੀ। ਵੈਂਸ ਨੂੰ ਇਹ ਗੱਲ ਹਜ਼ਮ ਨਾ ਹੋਈ। ਉਨ੍ਹਾਂ ਸੋਸ਼ਲ ਮੀਡੀਆ ਜ਼ਰੀਏ ਆਪਣੀ ਭੜਾਸ ਕੱਢਦਿਆਂ ਆਖਿਆ ਕਿ ਜਿਸ ਖ਼ਿਲਾਫ਼ 'ਵਾਜਿਬ ਡੀਪੋਰਟੇਸ਼ਨ ਆਦੇਸ਼' ਹੋਵੇ, ਉਸ ਨੂੰ ਅਮਰੀਕਾ ਵਿੱਚ ਨਹੀਂ ਹੋਣਾ ਚਾਹੀਦਾ, ਹਾਲਾਂਕਿ ਸਰਕਾਰ ਨੇ ਆਪ ਮੰਨਿਆ ਹੈ ਕਿ ਡੀਪੋਰਟੇਸ਼ਨ ਆਰਡਰ ਗ਼ਲਤੀ ਸੀ। ਵੈਂਸ ਦੀਆਂ ਟਿੱਪਣੀਆਂ ਇੱਕ ਪੈਟਰਨ ਵਿੱਚ ਫਿੱਟ ਬੈਠਦੀਆਂ ਹਨ- ਟਰੰਪ ਕਾਲ ਦੇ ਅਹਿਲਕਾਰ ਉਨ੍ਹਾਂ ਜੱਜਾਂ ਦਾ ਤਿਰਸਕਾਰ ਕਰਦੇ ਹਨ ਜੋ ਉਨ੍ਹਾਂ ਦੇ ਰਾਹ ਵਿੱਚ ਆਉਂਦੇ ਹਨ, ਉਹ ਉਨ੍ਹਾਂ ਦੇ ਫ਼ੈਸਲਿਆਂ ਦਾ ਮਜ਼ਾਕ ਉਡਾਉਂਦੇ ਹਨ ਅਤੇ 'ਸਰਗਰਮ' ਜੱਜਾਂ 'ਤੇ ਮਹਾਦੋਸ਼ ਚਲਾਉਣ ਦੀਆਂ ਗੱਲਾਂ ਕਰਦੇ ਹਨ। ਇਹ ਕੋਈ ਇੱਕਾ-ਦੁੱਕਾ ਘਟਨਾਵਾਂ ਦੀ ਗੱਲ ਨਹੀਂ। ਉਨ੍ਹਾਂ ਦੀ ਬਿਆਨਬਾਜ਼ੀ 'ਚੋਂ ਸੰਸਥਾਈ ਟਕਰਾਅ ਦਾ ਅਜਿਹਾ ਪੈਟਰਨ ਨਜ਼ਰ ਆਉਂਦਾ ਹੈ ਜੋ ਤਿੱਖਾ ਹੋ ਰਿਹਾ ਹੈ। ਜਿੱਥੋਂ ਤੱਕ ਧਨਖੜ ਦੀ ਅਦਾਲਤੀ ਨੁਕਤਾਚੀਨੀ ਦਾ ਤਾਅਲੁਕ ਹੈ, ਇਹ ਭਾਰਤ ਵਿੱਚ ਵਡੇਰੇ ਬਿਰਤਾਂਤ ਨਾਲ ਜੁੜਿ ?ਆ ਹੋਇਆ ਹੈ ਜੋ ਇਹ ਦੋਸ਼ ਲਾਉਂਦਾ ਹੈ ਕਿ ਜੱਜ ਲੋਕਾਂ ਦੁਆਰੇ ਚੁਣੇ ਨਹੀਂ ਜਾਂਦੇ ਤੇ ਜਵਾਬਦੇਹ ਨਾ ਹੋਣ ਦੇ ਬਾਵਜੂਦ ਉਨ੍ਹਾਂ ਕੋਲ ਬਹੁਤ ਸਾਰੇ ਅਧਿਕਾਰ ਹੁੰਦੇ ਹਨ। ਕਾਰਜਪਾਲਿਕਾ ਅਦਾਲਤਾਂ ਵੱਲੋਂ ਚੋਣ ਸੁਧਾਰਾਂ ਤੋਂ ਲੈ ਕੇ ਰਾਜਪਾਲਾਂ ਦੇ ਕਾਰਵਿਹਾਰ ਤੱਕ ਵਿਧਾਨਕ ਅਤੇ ਪ੍ਰਸ਼ਾਸਨਿਕ ਮਾਮਲਿਆਂ ਵਿੱਚ ਦਖ਼ਲ ਦੇਣ ਦਾ ਬੁਰਾ ਮਨਾਉਂਦੀ ਹੈ। ਅਮਰੀਕਾ ਵਿੱਚ ਨਿਆਂਪਾਲਿਕਾ ਦੀ ਸਿੱਧੀ ਨਾਫ਼ਰਮਾਨੀ ਕੀਤੀ ਜਾ ਰਹੀ ਹੈ। ਅਦਾਲਤਾਂ ਸਰਕਾਰ ਨੂੰ ਕਾਰਵਾਈ ਕਰਨ ਦੇ ਆਦੇਸ਼ ਦਿੰਦੀਆਂ ਹਨ। ਸਰਕਾਰ ਮੋਢੇ ਝਾੜ ਕੇ ਸਾਰ ਦਿੰਦੀ ਹੈ। ਸੁਪਰੀਮ ਕੋਰਟ ਦੇ ਫ਼ੈਸਲੇ ਦੇ ਬਾਵਜੂਦ ਅਬਰੈਗੋ ਗਾਰਸ਼ੀਆ ਅਲ ਸਲਵਾਡੋਰ ਦੀ ਜੇਲ੍ਹ ਵਿੱਚ ਬੰਦ ਹੈ। ਅਦਾਲਤੀ ਹੁਕਮ ਦੀ ਪਾਲਣ ਦੀ ਬਜਾਏ ਸਾਨੂੰ ਅਪਮਾਨ ਸੁਣਨ ਨੂੰ ਮਿਲਦਾ ਹੈ ਜਿਸ ਤਹਿਤ ਜੱਜਾਂ ਨੂੰ 'ਸਨਕੀ ਰੈਡੀਕਲ' ਤੇ ਅਦਾਲਤੀ ਨਿਰਦੇਸ਼ਾਂ ਨੂੰ ਸਿਆਸੀ ਖੇਡਾਂ ਕਹਿ ਕੇ ਨਜ਼ਰਅੰਦਾਜ਼ ਕਰਨ ਦੀਆਂ ਗੱਲਾਂ ਕੀਤੀਆਂ ਜਾ ਰਹੀਆਂ ਹਨ। ਦੋਵਾਂ ਹਾਲਾਤ ਦਾ ਅਸਹਿਜ ਸੱਚ ਇਹ ਹੈ ਕਿ ਕਾਰਜਪਾਲਿਕਾ ਕਿਸੇ ਤੋਂ, ਖ਼ਾਸਕਰ ਅਣਚੁਣੇ ਜੱਜਾਂ ਤੋਂ, ਇਹ ਸੁਣਨਾ ਪਸੰਦ ਨਹੀਂ ਕਰਦੀ ਕਿ ਉਸ ਨੂੰ ਕੀ ਕਰਨਾ ਚਾਹੀਦਾ ਹੈ। ਦੋਹਾਂ ਦੇਸ਼ਾਂ ਵਿੱਚ ਅਦਾਲਤਾਂ ਮੂਕ ਦਰਸ਼ਕ ਨਹੀਂ ਹਨ। ਭਾਰਤ ਦੀ ਸੁਪਰੀਮ ਕੋਰਟ ਨੇ ਵਾਹ ਲਗਦੀ ਤਰਕਪੂਰਨ ਸੰਜਮ ਦਾ ਰਾਹ ਅਪਣਾਇਆ ਹੈ। ਇਹ ਆਪਣੇ ਫ਼ੈਸਲਿਆਂ ਜੋ ਕਦੇ ਕਦਾਈਂ ਤਿੱਖੇ ਪਰ ਅਕਸਰ ਸਾਵੇਂ ਹੁੰਦੇ ਹਨ, ਰਾਹੀਂ ਬੋਲਦੀ ਹੈ। ਇਹ ਸੰਦੇਸ਼ ਦਿੰਦੀ ਹੈ ਕਿ ਜਿੱਥੇ ਪਾਰਲੀਮੈਂਟ ਨਾਕਾਮ ਹੁੰਦੀ ਹੈ, ਉਹ ਦਖ਼ਲ ਦੇਵੇਗੀ; ਇਸ ਲਈ ਨਹੀਂ ਕਿ ਇਹ ਸ਼ਾਸਨ ਕਰਨਾ ਚਾਹੁੰਦੀ ਹੈ ਸਗੋਂ ਇਸ ਲਈ ਕਿ ਕਿਸੇ ਨੂੰ ਤਾਂ ਸੰਵਿਧਾਨ ਨੂੰ ਬੁਲੰਦ ਕਰਨ ਲਈ ਅੱਗੇ ਆਉਣਾ ਪਵੇਗਾ। ਅਮਰੀਕਾ 'ਚ ਨਿਆਂਪਾਲਿਕਾ ਵੱਧ ਸਪੱਸ਼ਟ ਹੈ। ਜੱਜ ਵਿਲਕਿੰਸਨ ਦੀ ਰਾਇ ਜੱਜਮੈਂਟ ਵਰਗੀ ਘੱਟ ਤੇ ਸੰਵਿਧਾਨਕ ਸ਼ਾਸਨ ਦੇ ਦਾਰਸ਼ਨਿਕ ਬਚਾਅ ਵਰਗੀ ਵੱਧ ਲੱਗਦੀ ਹੈ। ਉਹ ਚਿਤਾਵਨੀ ਦਿੰਦੇ ਹਨ ਕਿ ਜੇ ਕਾਰਜਪਾਲਿਕਾ ਅਦਾਲਤੀ ਹੁਕਮਾਂ ਨੂੰ ਨਜ਼ਰਅੰਦਾਜ਼ ਕਰਦੀ ਰਹੀ ਤਾਂ 'ਅਰਾਜਕਤਾ' ਫੈਲੇਗੀ। ਉਹ ਪਾਠਕਾਂ ਨੂੰ ਚੇਤੇ ਕਰਾਉਂਦੇ ਹਨ ਕਿ ਬਣਦੀ ਪ੍ਰਕਿਰਿਆ ਦਾ ਕੋਈ ਬਦਲ ਨਹੀਂ ਹੈ। ਜਦੋਂ ਚੋਣਾਂ ਕਾਰਜਪਾਲਿਕਾ ਨੂੰ ਮਜ਼ਬੂਤ ਫ਼ਤਵਾ ਵੀ ਦੇਣ ਤਾਂ ਇਸ ਦਾ ਮਤਲਬ ਇਹ ਨਹੀਂ ਹੁੰਦਾ ਕਿ ਸੰਵਿਧਾਨ ਨੇ ਛੁੱਟੀ ਲੈ ਲਈ ਹੈ। ਜੱਜ ਵਿਲਕਿੰਸਨ ਨੇ ਫ਼ੈਸਲਾ ਸੁਣਾਇਆ, ਇਹ ਸਾਰੇ ਪਾਸਿਓਂ ਹਾਰਦਾ ਹੋਇਆ ਸਵਾਲ ਹੈ। ਆਪਣੀ ਗੈਰ-ਵਾਜਬੀਅਤ ਦੇ ਲਗਾਤਾਰ ਮਿਲਦੇ ਸੰਕੇਤਾਂ ਕਰ ਕੇ ਨਿਆਂਪਾਲਿਕਾ ਬਹੁਤ ਕੁਝ ਗੁਆ ਲਏਗੀ; ਕਾਰਜਪਾਲਿਕਾ ਆਪਣੀ ਅਰਾਜਕਤਾ ਤੇ ਇਸ ਦੇ ਸਾਰੇ ਸਹਾਇਕ ਲੱਛਣਾਂ ਬਾਰੇ ਬਣੀ ਲੋਕ ਧਾਰਨਾ ਕਰ ਕੇ ਬਹੁਤ ਕੁਝ ਗੁਆ ਲਏਗੀ। ਕਾਰਜਪਾਲਿਕਾ ਇੱਕ ਸਮੇਂ ਲਈ ਤਾਂ ਸ਼ਾਇਦ ਅਦਾਲਤਾਂ ਨੂੰ ਕਮਜ਼ੋਰ ਕਰਨ ਵਿੱਚ ਸਫ਼ਲ ਹੋ ਸਕਦੀ ਹੈ, ਪਰ ਸਮੇਂ ਨਾਲ ਇਤਿਹਾਸ 'ਉਦੋਂ ਕੀ ਸੀ ਤੇ ਕੀ ਹੋ ਸਕਦਾ ਸੀ, ਵਾਲੇ ਤਰਾਸਦਿਕ ਖੱਪੇ ਬਾਰੇ ਜ਼ਰੂਰ ਲਿਖੇਗਾ। ਇਉਂ ਅਦਾਲਤਾਂ ਦਰੁਸਤ ਹੋਣ ਦਾ ਦਾਅਵਾ ਨਹੀਂ ਕਰ ਰਹੀਆਂ ਪਰ ਉਹ ਆਪਣੀ ਭੂਮਿਕਾ ਦਾ ਦਮ ਸਿਆਸੀ ਸਹੂਲਤ ਦੇ ਦਾਸਾਂ ਵਜੋਂ ਨਹੀਂ ਸਗੋਂ ਕਾਨੂੰਨ ਦੇ ਰਖਵਾਲਿਆਂ ਵਜੋਂ ਭਰ ਰਹੀਆਂ ਹਨ।

# ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਸਰਕਾਰੀ ਹਾਈ ਸਕੂਲ ਗਹਿਲ ਵਿਖੇ ਜਾਗਰੂਕਤਾ ਪ੍ਰੋਗਰਾਮ



**ਬਰਨਾਲਾ, 27 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਬਰਨਾਲਾ ਵੱਲੋਂ ਸਰਕਾਰੀ ਹਾਈ ਸਕੂਲ ਗਹਿਲ (ਮਹਿਲ ਕਲਾਂ) ਵਿਖੇ ਲਿਖਣ, ਕਵੀਤਾਵਾਂ ਦੇ ਮੁਕਾਬਲੇ ਅਤੇ ਨਸ਼ਿਆਂ ਖਿਲਾਫ਼ ਜਾਗਰੂਕਤਾ ਪ੍ਰੋਗਰਾਮ ਕਰਵਾਏ ਗਏ।

ਇਸ ਸਬੰਧੀ ਜ਼ਿਲ੍ਹਾ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਤੇ ਸਿਖਲਾਈ ਅਫ਼ਸਰ, ਬਰਨਾਲਾ ਸ੍ਰੀਮਤੀ ਨਵਜੋਤ ਕੌਰ ਨੇ ਦੱਸਿਆ ਕਿ ਪੰਜਾਬ ਸਰਕਾਰ ਦੀ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਤਹਿਤ ਪ੍ਰਾਰਥੀਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਜਾਗਰੂਕ ਕੀਤਾ ਗਿਆ।ਇਸ ਪ੍ਰੋਗਰਾਮ ਵਿਚ ਕਰੀਅਰ ਕਾਊਂਸਲਿੰਗ ਸੈਸ਼ਨ ਵਿਚ ਕਰੀਅਰ ਕਾਊਂਸਲਰ ਮਿਸ ਸੁਮਿੰਦਰ ਕੌਰ ਵੱਲੋਂ ਸ਼ਮੂਲੀਅਤ ਕੀਤੀ ਗਈ। ਇਸ ਕਰੀਅਰ ਕਾਊਂਸਲਿੰਗ ਸੈਸ਼ਨ ਵਿਚ ਉਪਰੋਕਤ ਸਕੂਲ ਦੇ ਲਗਭਗ 60 ਵਿਦਿਆਰਥੀਆਂ ਨੇ ਹਿੱਸਾ ਲਿਆ। ਇਸ ਸ਼ੈਸ਼ਨ ਵਿੱਚ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵ ਤੋਂ ਬਚਣ ਲਈ ਕਾਊਂਸਲਿੰਗ ਕੀਤੀ ਗਈ ਅਤੇ ਜ਼ਿਲ੍ਹਾ ਰੋਜ਼ਗਾਰ ਦਫ਼ਤਰ ਬਰਨਾਲਾ ਵੱਲੋਂ ਦਿੱਤੀਆਂ ਜਾ ਰਹੀਆਂ ਸਹੂਲਤਾਂ ਜਿਵੇਂ ਕਿ ਦਸਵੀਂ ਤੋਂ ਬਾਅਦ ਕਰੀਅਰ ਆਪਸ਼ਨ, ਸਕਿੱਲ ਕੋਰਸ, ਸਵੈ ਰੋਜ਼ਗਾਰ ਟ੍ਰੇਨਿੰਗ ਕੋਰਸ, ਲੋਨ ਦੀ ਜਾਣਕਾਰੀ, ਫ਼ਰੀ ਇੰਟਰਨੈਟ ਸਰਵਿਸ, ਲਾਇਬ੍ਰੇਰੀ, ਸਰਕਾਰੀ ਨੌਕਰੀਆਂ ਦੀ ਤਿਆਰੀ ਲਈ ਗਾਇਡੈਂਸ, ਪ੍ਰਾਈਵੇਟ ਕੰਪਨੀਆਂ ਦੁਆਰਾ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਵਿਖੇ ਲਗਾਏ ਜਾਂਦੇ ਪਲੇਸਮੈਂਟ ਕੈਂਪਾਂ ਬਾਰੇ ਜਾਣਕਾਰੀ ਦਿੱਤੀ ਗਈ।

ਇਸ ਦੇ ਨਾਲ ਹੀ ਗ੍ਰੈਜੂਏਸ਼ਨ ਤੋਂ ਬਾਅਦ ਪ੍ਰਾਰਥੀਆਂ ਲਈ ਰੋਜ਼ਗਾਰ ਦੇ ਮੌਕਿਆਂ ਤੋਂ ਜਾਣੂ ਕਰਵਾਇਆ ਗਿਆ। ਪ੍ਰਾਰਥੀਆਂ ਨੂੰ ਸੁਰੱਖਿਆ ਸੈਨਾ ਦੀ ਅਗਨੀਵੀਰ ਸਕੀਮ ਬਾਰੇ ਵਿਸਥਾਰਪੂਰਵਕ ਦੱਸਿਆ ਗਿਆ। ਇਸ ਤੋਂ ਇਲਾਵਾ ਪ੍ਰਾਰਥੀਆਂ ਨੂੰ ਯੂ.ਪੀ.ਐਸ.ਸੀ ਅਤੇ ਪੀ.ਸੀ.ਐਸ. ਦੇ ਇਮਤਿਹਾਨ ਅਤੇ ਹੋਰ ਮੁਕਾਬਲੇ ਦੀਆਂ ਪ੍ਰੀਖਿਆਵਾਂ, ਮਾਈ ਭਾਗੋ ਆਰਮਡ ਪ੍ਰੈਪਰੇਟਰੀ ਇੰਸਟੀਟਿਊਟ ਮੋਹਾਲੀ ਅਤੇ ਮਹਾਰਾਜਾ ਰਣਜੀਤ ਸਿੰਘ ਆਰਮਡ ਪ੍ਰੈਪਰੇਟਰੀ ਇੰਸਟੀਟਿਊਟ ਮੋਹਾਲੀ ਦੇ ਦਾਖਲੇ ਸਬੰਧੀ ਜਾਣਕਾਰੀ ਵੀ ਦਿੱਤੀ ਗਈ।

# ਟਰਾਈਡੈਂਟ ਗਰੁੱਪ ਦਾ ਕੈਂਸਰ ਜਾਗਰੂਕਤਾ ਕੈਂਪ ਜਾਰੀ, ਚੌਥੇ ਦਿਨ ਵੀ ਸੈਂਕੜਿਆਂ ਨੇ ਲਿਆ ਲਾਭ



**ਬਰਨਾਲਾ, 27 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਅਰੁਣ ਮੈਮੋਰੀਅਲ ਹਾਲ ਬਰਨਾਲਾ ਵਿਖੇ ਟਰਾਈਡੈਂਟ ਗਰੁੱਪ ਵੱਲੋਂ ਵਰਲਡ ਕੈਂਸਰ ਕੇਅਰ ਸੁਸਾਇਟੀ ਦੇ ਸਹਿਯੋਗ ਨਾਲ ਲਗਾਏ ਗਏ ਕੈਂਸਰ ਜਾਗਰੂਕਤਾ ਅਤੇ ਜਾਂਚ ਕੈਂਪ ਦਾ ਚੌਥਾ ਦਿਨ ਵੀ ਸਫਲ ਰਿਹਾ। ਅੱਜ ਵੀ ਸੈਂਕੜਿਆਂ ਦੀ ਗਿਣਤੀ ਵਿੱਚ ਮਰੀਜ਼ਾਂ ਨੇ ਇਸ ਕੈਂਪ ਦਾ ਲਾਭ ਲਿਆ ਅਤੇ ਆਪਣੀ ਸਿਹਤ ਦੀ ਜਾਂਚ ਕਰਵਾਈ। ਟਰਾਈਡੈਂਟ ਗਰੁੱਪ ਵੱਲੋਂ ਕੈਂਪ ਵਿੱਚ ਆਉਣ ਵਾਲੇ ਮਰੀਜ਼ਾਂ ਦੀ ਹਰ ਸਹੂਲਤ ਦਾ ਵਿਸ਼ੇਸ਼ ਤੌਰ 'ਤੇ ਧਿਆਨ ਰੱਖਿਆ ਜਾ ਰਿਹਾ ਹੈ। ਗਰੁੱਪ ਦੇ ਅਧਿਕਾਰੀ ਰੁਪਿੰਦਰ ਗੁਪਤਾ ਦੀ ਅਗਵਾਈ ਹੇਠ ਵਲੰਟੀਅਰ ਮਰੀਜ਼ਾਂ ਲਈ ਵਧੀਆ ਪ੍ਰਬੰਧ ਕਰ ਰਹੇ ਹਨ ?। ਇਸ ਤੋਂ ਇਲਾਵਾ, ਦੀਪਕ ਗਰਗ, ਪਵਨ ਸਿੰਘਲਾ ਅਤੇ ਨਗਰ ਕੌਂਸਲਰ ਜਗਰਾਜ ਪੰਡੋਰੀ ਆਪਣੀਆਂ ਟੀਮਾਂ ਸਮੇਤ ਮਰੀਜ਼ਾਂ ਦੀ ਸੇਵਾ ਲਈ ਹਰ ਸਮੇਂ ਹਾਜ਼ਰ ਹਨ ਅਤੇ ਉਨ੍ਹਾਂ ਨੂੰ ਲੋੜੀਂਦੀ ਸਹਾਇਤਾ ਪ੍ਰਦਾਨ ਕਰ ਰਹੇ ਹਨ।

ਵਰਲਡ ਕੇਅਰ ਕੈਂਸਰ ਸੋਸਾਇਟੀ ਦੇ ਸੀਨੀਅਰ ਡਾਕਟਰ ਧਰਮਿੰਦਰ ਨੇ 'ਜੱਗਬਾਣੀ' ਨਾਲ ਵਿਸ਼ੇਸ਼ ਗੱਲਬਾਤ ਕਰਦਿਆਂ ਕੈਂਸਰ ਦੇ ਮੁੱਖ ਕਾਰਨਾਂ ਅਤੇ ਇਸ ਤੋਂ ਬਚਾਅ ਦੇ ਤਰੀਕਿਆਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਕੈਂਸਰ ਅੱਜ ਦੇ ਸਮੇਂ ਵਿੱਚ ਇੱਕ ਗੰਭੀਰ ਸਿਹਤ ਸਮੱਸਿਆ ਬਣ ਚੁੱਕਾ ਹੈ, ਜਿਸਦੇ ਕਈ ਕਾਰਨ ਹਨ।

**ਕੈਂਸਰ ਦੇ ਮੁੱਖ ਕਾਰਨ:**

* ਤੰਬਾਕੂ ਅਤੇ ਸ਼ਰਾਬ: ਡਾ. ਧਰਮਿੰਦਰ ਨੇ ਦੱਸਿਆ ਕਿ ਤੰਬਾਕੂ ਅਤੇ ਸ਼ਰਾਬ ਦਾ ਸੇਵਨ ਕਈ ਤਰ੍ਹਾਂ ਦੇ ਕੈਂਸਰਾਂ ਦਾ ਮੁੱਖ ਕਾਰਨ ਹੈ, ਜਿਵੇਂ ਕਿ ਫੇਫੜਿਆਂ, ਮੂੰਹ, ਗਲੇ ਅਤੇ ਜਿਗਰ ਦਾ ਕੈਂਸਰ।

* ਗਲਤ ਖਾਣ-ਪੀਣ ਦੀਆਂ ਆਦਤਾਂ: ਉਨ੍ਹਾਂ ਅੱਗੇ ਦੱਸਿਆ ਕਿ ਜ਼ਿਆਦਾ ਚਰਬੀ ਵਾਲਾ ਭੋਜਨ, ਪ੍ਰੋਸੈਸਡ ਫੂਡ, ਅਤੇ ਫਲਾਂ ਅਤੇ ਸਬਜ਼ੀਆਂ ਦੀ ਘੱਟ ਖਪਤ ਵੀ ਕੈਂਸਰ ਦੇ ਖ਼ਤਰੇ ਨੂੰ ਵਧਾ ਸਕਦੇ ਹਨ।

* ਪ੍ਰਦੂਸ਼ਣ: ਡਾ. ਧਰਮਿੰਦਰ ਨੇ ਹਵਾ, ਪਾਣੀ ਅਤੇ ਮਿੱਟੀ ਵਿੱਚ ਮੌਜੂਦ ਰਸਾਇਣਕ ਪਦਾਰਥਾਂ ਅਤੇ ਹੋਰ ਪ੍ਰਦੂਸ਼ਕਾਂ ਨੂੰ ਵੀ ਕੈਂਸਰ ਦਾ ਇੱਕ ਮਹੱਤਵਪੂਰਨ ਕਾਰਨ ਦੱਸਿਆ।

* ਜੈਨੇਟਿਕ ਕਾਰਨ: ਉਨ੍ਹਾਂ ਦੱਸਿਆ ਕਿ ਕੁਝ ਲੋਕਾਂ ਵਿੱਚ ਜੈਨੇਟਿਕ ਤੌਰ 'ਤੇ ਕੈਂਸਰ ਹੋਣ ਦਾ ਖ਼ਤਰਾ ਜ਼ਿਆਦਾ ਹੁੰਦਾ ਹੈ।

* ਰੇਡੀਏਸ਼ਨ: ਐਕਸ-ਰੇ ਅਤੇ ਅਲਟਰਾਵਾਇਲਟ ਕਿਰਨਾਂ ਵਰਗੇ ਰੇਡੀਏਸ਼ਨ ਦੇ ਸੰਪਰਕ ਵਿੱਚ ਆਉਣਾ ਵੀ ਕੈਂਸਰ ਦਾ ਕਾਰਨ ਬਣ ਸਕਦਾ ਹੈ।

* ਸਰੀਰਕ ਗਤੀਵਿਧੀ ਦੀ ਘਾਟ: ਡਾ. ਧਰਮਿੰਦਰ ਨੇ ਨਿਯਮਤ ਕਸਰਤ ਦੀ ਘਾਟ ਨੂੰ ਵੀ ਕੈਂਸਰ ਦੇ ਖ਼ਤਰੇ ਨੂੰ ਵਧਾਉਣ ਵਾਲਾ ਕਾਰਨ ਦੱਸਿਆ।

**ਕੈਂਸਰ ਤੋਂ ਬਚਾਅ ਦੇ ਉਪਾਅ:**

ਡਾ. ਧਰਮਿੰਦਰ ਨੇ ਕੈਂਸਰ ਤੋਂ ਬਚਣ ਲਈ ਕੁਝ ਮਹੱਤਵਪੂਰਨ ਉਪਾਅ ਵੀ ਦੱਸੇ:

* ਤੰਬਾਕੂ ਅਤੇ ਸ਼ਰਾਬ ਤੋਂ ਦੂਰ ਰਹੋ: ਉਨ੍ਹਾਂ ਸਭ ਤੋਂ ਪਹਿਲਾਂ ਤੰਬਾਕੂ ਅਤੇ ਸ਼ਰਾਬ ਦਾ ਸੇਵਨ ਪੂਰੀ ਤਰ੍ਹਾਂ ਬੰਦ ਕਰਨ ਦੀ ਸਲਾਹ ਦਿੱਤੀ।

* ਸਿਹਤਮੰਦ ਖੁਰਾਕ: ਉਨ੍ਹਾਂ ਫਲਾਂ, ਸਬਜ਼ੀਆਂ ਅਤੇ ਪੂਰੇ ਅਨਾਜ ਨਾਲ ਭਰਪੂਰ ਖੁਰਾਕ ਲੈਣ 'ਤੇ ਜ਼ੋਰ ਦਿੱਤਾ।

* ਨਿਯਮਤ ਕਸਰਤ: ਹਰ ਰੋਜ਼ ਘੱਟੋ-ਘੱਟ 30 ਮਿੰਟ ਕਸਰਤ ਕਰਨ ਦੀ ਸਲਾਹ ਦਿੱਤੀ ਗਈ। * ਸਰੀਰਕ ਭਾਰ ਨੂੰ ਕੰਟਰੋਲ ਕਰੋ: ਸਿਹਤਮੰਦ ਭਾਰ ਬਣਾਈ ਰੱਖਣ ਨਾਲ ਕੈਂਸਰ ਦਾ ਖ਼ਤਰਾ ਘੱਟ ਹੋ ਸਕਦਾ ਹੈ। * ਸੂਰਜ ਦੀਆਂ ਤੇਜ਼ ਕਿਰਨਾਂ ਤੋਂ ਬਚੋ: ਸੂਰਜ ਦੀਆਂ ਤੇਜ਼ ਕਿਰਨਾਂ ਦੇ ਸੰਪਰਕ ਤੋਂ ਬਚਣ ਲਈ ਸਨਸਕ੍ਰੀਨ ਦੀ ਵਰਤੋਂ ਕਰਨ ਦੀ ਸਲਾਹ ਦਿੱਤੀ ਗਈ।

* ਨਿਯਮਤ ਜਾਂਚ: ਨਿਯਮਤ ਰੂਪ ਨਾਲ ਡਾਕਟਰ ਤੋਂ ਆਪਣੀ ਜਾਂਚ ਕਰਵਾਉਣ ਦੀ ਸਲਾਹ ਦਿੱਤੀ ਗਈ।

* ਟੀਕਾਕਰਨ: ਕੁਝ ਕੈਂਸਰਾਂ ਤੋਂ ਬਚਣ ਲਈ ਉਪਲਬਧ ਟੀਕੇ ਲਗਵਾਉਣ ਦੀ ਸਲਾਹ ਦਿੱਤੀ ਗਈ।

ਡਾ. ਧਰਮਿੰਦਰ ਨੇ ਜ਼ੋਰ ਦੇ ਕੇ ਕਿਹਾ ਕਿ ਕੈਂਸਰ ਤੋਂ ਬਚਣ ਲਈ ਜਾਗਰੂਕਤਾ ਅਤੇ ਸਿਹਤਮੰਦ ਜੀਵਨ ਸ਼ੈਲੀ ਅਪਣਾਉਣੀ ਬਹੁਤ ਜ਼ਰੂਰੀ ਹੈ। ਪ੍ਰੈਜੀਡੈਂਟ ਗਰੁੱਪ ਅਤੇ ਵਰਲਡ ਕੈਂਸਰ ਕੇਅਰ ਸੁਸਾਇਟੀ ਵੱਲੋਂ ਲਗਾਇਆ ਗਿਆ ਇਹ ਕੈਂਪ ਇਸ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਹੈ।

# ਸਰਕਾਰੀ ਸਕੂਲਾਂ ਦੀ ਹਰ ਲੋੜ ਨੂੰ ਕੀਤਾ ਜਾ ਰਿਹਾ ਪੂਰਾ : ਰਾਕੇਸ਼ ਪੁਰੀ

**ਬਠਿੰਡਾ, 27 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਸ਼ੁਰੂ ਕੀਤੀ ਸਿੱਖਿਆ ਕ੍ਰਾਂਤੀ ਮੁਹਿੰਮ ਤਹਿਤ ਸਰਕਾਰੀ ਸਕੂਲਾਂ ਦੀ ਹਰ ਇੱਕ ਜ਼ਰੂਰਤ ਨੂੰ ਪੂਰਾ ਕੀਤਾ ਜਾ ਰਿਹਾ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾਂ ਚੇਅਰਮੈਨ, ਪੰਜਾਬ ਜੰਗਲਾਤ ਵਿਭਾਗ ਸ੍ਰੀ ਰਾਕੇਸ਼ ਪੁਰੀ ਨੇ ਸਰਕਾਰੀ ਪ੍ਰਾਇਮਰੀ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੁਲਤਾਨੀਆ, ਸਰਕਾਰੀ ਹਾਈ ਸਕੂਲ ਤਿਉਣਾ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਝੁੰਬਾ ਦੇ ਮੁਕੰਮਲ ਹੋਏ ਵੱਖ-ਵੱਖ ਵਿਕਾਸ ਕਾਰਜਾਂ ਦਾ ਉਦਘਾਟਨ ਉਪਰੰਤ ਕੀਤਾ। ਇਸ ਮੌਕੇ ਚੇਅਰਮੈਨ, ਪੰਜਾਬ ਜੰਗਲਾਤ ਵਿਭਾਗ ਸ੍ਰੀ ਰਾਕੇਸ਼ ਪੁਰੀ ਨੇ ਕਿਹਾ ਕਿ ਸਰਕਾਰੀ ਸਕੂਲ ਹੁਣ ਕਿਸੇ ਵੀ ਪੱਖ ਤੋਂ ਘੱਟ ਨਹੀਂ ਹਨ। ਲੋਕਾਂ ਦਾ ਸਰਕਾਰੀ ਸਕੂਲਾਂ ਵਿਚ ਵਿਸਵਾਸ਼ ਪੈਦਾ ਹੋ ਰਿਹਾ ਹੈ ਅਤੇ ਸਰਕਾਰੀ ਸਕੂਲਾਂ ਵਿਚ ਦਾਖ਼ਲਿਆਂ ਦੀ ਗਿਣਤੀ ਵਧੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਸਕੂਲਾਂ ਦੀ ਨੁਹਾਰ ਬਦਲਣ 'ਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ ਅਤੇ ਬੱਚਿਆਂ ਨੂੰ ਗੁਣਵੱਤਾ ਭਰਪੂਰ ਸਿੱਖਿਆ ਮੁਹੱਈਆ ਕਰਵਾਉਣਾ ਪੰਜਾਬ ਸਰਕਾਰ ਦਾ ਮੁੱਖ ਮੰਤਵ ਹੈ। ਇਸ ਮੌਕੇ ਸ਼੍ਰੀ ਰਾਕੇਸ਼ ਪੁਰੀ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਸਮੇਂ ਦਾ ਹਾਣੀ ਬਣਾਉਣ ਲਈ ਆਧੁਨਿਕ ਸਿੱਖਿਆ ਨੂੰ ਤਰਜੀਹ ਦਿੱਤੀ ਜਾ ਰਹੀ ਹੈ। ਇਸ ਤੋਂ ਇਲਾਵਾ ਸਕੂਲਾਂ ਵਿੱਚ ਸਮਾਰਟ ਕਲਾਸ ਰੂਮ, ਆਧੁਨਿਕ ਲਾਇਬ੍ਰੇਰੀਆਂ ਅਤੇ ਸਾਇੰਸ ਲੈਬਜ਼ ਇਸੇ ਉਦੇਸ਼ ਦੀ ਉਪਜ ਹਨ। ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਨੂੰ ਸਹੂਲਤ ਪੱਖੋਂ ਉੱਤਮ ਬਣਾਇਆ ਜਾਵੇਗਾ ਤਾਂ ਜੋ ਮਾਪੇ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿਚ ਦਾਖ਼ਲ ਕਰਵਾਉਣ।

# ਪਟਿਆਲਾ ਜ਼ਿਲ੍ਹੇ ਦੇ ਵਿਧਾਇਕਾਂ ਤੇ ਆਮ ਆਦਮੀ ਪਾਰਟੀ ਦੇ ਆਗੂਆਂ ਨੇ ਪਹਿਲਗਾਮ ਅੱਤਵਾਦੀ ਹਮਲੇ ਦੀ ਨਿੰਦਾ ਕਰਦਿਆਂ ਕੈਂਡਲ ਮਾਰਚ ਕੀਤਾ

**ਪਟਿਆਲਾ, 27 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪਹਿਲਗਾਮ ਅੱਤਵਾਦੀ ਹਮਲੇ ਦੇ ਪੀੜਤਾਂ ਨਾਲ ਇਕਮੁੱਠਤਾ ਪ੍ਰਗਟ ਕਰਨ ਅਤੇ ਇਸ ਦੀ ਸਖ਼ਤ ਨਿੰਦਾ ਕਰਨ ਲਈ, ਪਟਿਆਲਾ ਜ਼ਿਲ੍ਹੇ ਦੇ ਵਿਧਾਇਕਾਂ ਅਤੇ ਆਮ ਆਦਮੀ ਪਾਰਟੀ (ਆਪ) ਦੇ ਪ੍ਰਮੁੱਖ ਆਗੂਆਂ ਨੇ ਅੱਜ ਸ਼ਾਮ ਇੱਥੇ ਕੈਂਡਲ ਮਾਰਚ ਕੀਤਾ। 22 ਅਪ੍ਰੈਲ 2025 ਨੂੰ ਜੰਮੂ-ਕਸ਼ਮੀਰ ਦੇ ਪਹਿਲਗਾਮ ਵਿੱਚ ਅੱਤਵਾਦੀਆਂ ਵੱਲੋਂ ਕੀਤੇ ਗਏ ਇਸ ਭਿਆਨਕ ਹਮਲੇ ਵਿੱਚ 26 ਨਿਰਦੋਸ਼ ਲੋਕਾਂ, ਜਿਨ੍ਹਾਂ ਵਿੱਚ ਜ਼ਿਆਦਾਤਰ ਸੈਲਾਨੀ ਸਨ, ਦੀ ਮੌਤ ਹੋ ਗਈ ਅਤੇ ਕਈ ਹੋਰ ਜ਼ਖ਼ਮੀ ਹੋ ਗਏ ਸਨ। ਅੱਤਵਾਦ ਵਿਰੁੱਧ ਸਾਂਝੇ ਸੰਘਰਸ਼ ਦੇ ਪ੍ਰਤੀਕ ਵਜੋਂ ਇਹ ਕੈਂਡਲ ਮਾਰਚ ਇੱਥੇ ਮਾਲ ਰੋਡ ਵਿਖੇ ਸਥਿਤ ਮਹਾਤਮਾ ਗਾਂਧੀ ਸਮਾਰਕ ਤੋਂ ਸ਼ੁਰੂ ਹੋਇਆ ਅਤੇ ਸ਼ਰਧਾ ਨਾਲ ਸ੍ਰੀ ਕਾਲੀ ਦੇਵੀ ਮੰਦਿਰ ਤੱਕ ਪਹੁੰਚਿਆ।

ਇਹ ਮੋਮਬੱਤੀ ਮਾਰਚ ਦੀ ਅਗਵਾਈ ਕਰਦਿਆਂ ਰਾਜਪੁਰਾ ਦੇ ਵਿਧਾਇਕ ਨੀਨਾ ਮਿੱਤਲ ਸਮੇਤ ਪਟਿਆਲਾ ਦੇ ਵਿਧਾਇਕ ਅਜੀਤ ਪਾਲ ਸਿੰਘ ਕੋਹਲੀ, ਚੇਤਨ ਸਿੰਘ ਜੌੜਾਮਾਜਰਾ ਸਮੇਤ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ, ਪੀ.ਆਰ.ਟੀ.ਸੀ. ਦੇ ਚੇਅਰਮੈਨ ਰਣਜੋਧ ਸਿੰਘ ਹਡਾਣਾ, ਨਗਰ ਨਿਗਮ ਦੇ ਮੇਅਰ ਕੁੰਦਨ ਗੋਗੀਆ, ਆਪ ਦੇ ਸ਼ਹਿਰੀ ਜ਼ਿਲ੍ਹਾ




ਪ੍ਰਧਾਨ ਤੇਜਿੰਦਰ ਮਹਿਤਾ, ਆਪ ਦੇ ਦਿਹਾਤੀ ਜ਼ਿਲ੍ਹਾ ਪ੍ਰਧਾਨ ਤੇ ਚੇਅਰਮੈਨ ਇੰਪਰੂਵਮੈਂਟ ਟਰੱਸਟ ਮੇਘ ਚੰਦ ਸ਼ੇਰਮਾਜਰਾ, ਇੰਦਰਜੀਤ ਸਿੰਘ ਸੰਧੂ, ਜ਼ਿਲ੍ਹਾ ਯੋਜਨਾ ਕਮੇਟੀ ਚੇਅਰਮੈਨ ਜੱਸੀ ਸੋਹੀਆਂ ਵਾਲਾ, ਸੀਨੀਅਰ ਡਿਪਟੀ ਮੇਅਰ ਹਰਿੰਦਰ ਕੋਹਲੀ ਅਤੇ ਡਿਪਟੀ ਮੇਅਰ ਜਗਦੀਪ ਸਿੰਘ ਜੱਗਾ, ਚੇਅਰਮੈਨ ਜਰਨੈਲ ਮੰਨੂ, ਪ੍ਰਦੀਪ ਜੋਸ਼ਨ, ਸੁਰਜੀਤ ਸਿੰਘ ਅਬਲੋਵਾਲ ਸਮੇਤ ਆਪ ਕੌਂਸਲਰਾਂ ਤੇ ਹੋਰ ਆਗੂਆਂ ਨੇ ਅੱਤਵਾਦੀ ਹਮਲੇ ਦੇ ਪੀੜਤਾਂ ਨਾਲ ਇਕਜੁੱਟਤਾ ਦਾ ਪ੍ਰਗਟਾਵਾ ਕੀਤਾ।

ਇਸ ਮੌਕੇ ਪਹਿਲਗਾਮ ਹਮਲੇ ਉਪਰ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਵਿਧਾਇਕ ਅਜੀਤ ਪਾਲ ਸਿੰਘ ਕੋਹਲੀ ਅਤੇ ਚੇਤਨ ਸਿੰਘ ਜੌੜਾਮਾਜਰਾ ਨੇ ਕਿਹਾ, ਪਹਿਲਗਾਮ ਹਮਲਾ ਇੱਕ ਕਾਇਰਤਾਪੂਰਨ ਹਿੰਸਕ ਕਾਰਵਾਈ ਹੈ, ਜਿਸ ਨੇ ਪੂਰੇ ਦੇਸ਼ ਦੀ ਚੇਤਨਾ ਨੂੰ ਹਿਲਾ ਕੇ ਰੱਖ ਦਿੱਤਾ ਹੈ। ਅਸੀਂ ਪੀੜਤ ਪਰਿਵਾਰਾਂ ਅਤੇ ਜ਼ਖ਼ਮੀਆਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜੇ ਹਾਂ। ਇਹ ਮਾਰਚ ਸ਼ਾਂਤੀ ਅਤੇ ਨਿਆਂ ਪ੍ਰਤੀ ਸਾਡੀ ਵਚਨਬੱਧਤਾ ਦਾ ਸਬੂਤ ਹੈ, ਅਤੇ ਅਸੀਂ ਅਧਿਕਾਰੀਆਂ ਨੂੰ ਜ਼ਿੰਮੇਵਾਰ ਲੋਕਾਂ ਵਿਰੁੱਧ ਸਖ਼ਤ ਕਾਰਵਾਈ ਕਰਨ ਦੀ ਅਪੀਲ ਕਰਦੇ ਹਾਂ। ਚੇਅਰਮੈਨ ਹਰਚੰਦ ਸਿੰਘ ਬਰਸਟ, ਵਿਧਾਇਕ ਨੀਨਾ ਮਿੱਤਲ, ਚੇਅਰਮੈਨ ਰਣਜੋਧ ਸਿੰਘ ਹਡਾਣਾ ਅਤੇ ਮੇਅਰ ਕੁੰਦਨ ਗੋਗੀਆ ਨੇ ਦੁਖਮਈ ਭਾਵਨਾਵਾਂ ਨੂੰ ਦੁਹਰਾਉਂਦਿਆਂ ਕਿਹਾ, ਪਹਿਲਗਾਮ ਵਿੱਚ ਨਿਰਦੋਸ਼ ਜਾਨਾਂ ਦਾ ਜਾਨੀ ਨੁਕਸਾਨ ਦਿਲ ਦਹਿਲਾਉਣ ਵਾਲਾ ਹੈ। ਲੋਕਾਂ ਦੇ ਨੁਮਾਇੰਦਿਆਂ ਵਜੋਂ, ਅਸੀਂ ਇਸ ਵਹਿਸ਼ੀ ਕਾਰਵਾਈ ਦੀ ਸਖ਼ਤ ਨਿੰਦਾ ਕਰਦੇ ਹਾਂ ਅਤੇ ਪੀੜਤ ਪਰਿਵਾਰਾਂ ਨੂੰ ਸਹਿਯੋਗ ਦੇਣ ਦਾ ਵਾਅਦਾ ਕਰਦੇ ਹਾਂ। ਅਸੀਂ ਸੋਗੀ ਪਰਿਵਾਰਾਂ ਲਈ ਤਾਕਤ ਅਤੇ ਜ਼ਖ਼ਮੀਆਂ ਦੀ ਜਲਦੀ ਸਿਹਤਯਾਬੀ ਲਈ ਅਰਦਾਸ ਕਰਦੇ ਹਾਂ।

ਆਮ ਆਦਮੀ ਪਾਰਟੀ ਦੇ ਦਿਹਾਤੀ ਜ਼ਿਲ੍ਹਾ ਪ੍ਰਧਾਨ ਮੇਘ ਚੰਦ ਸ਼ੇਰਮਾਜਰਾ ਅਤੇ ਸ਼ਹਿਰੀ ਜ਼ਿਲ੍ਹਾ ਪ੍ਰਧਾਨ ਤੇਜਿੰਦਰ ਮਹਿਤਾ ਨੇ ਜ਼ੋਰ ਦੇ ਕੇ ਕਿਹਾ, ਇਹ ਮੋਮਬੱਤੀ ਮਾਰਚ ਸਿਰਫ਼ ਸੋਗ ਦਾ ਪ੍ਰਤੀਕ ਨਹੀਂ, ਸਗੋਂ ਨਿਆਂ ਦੀ ਮੰਗ ਵੀ ਹੈ। ਅਸੀਂ ਜੰਮੂ-ਕਸ਼ਮੀਰ ਦੇ ਲੋਕਾਂ ਨਾਲ ਇਕਮੁੱਠ ਹਾਂ ਅਤੇ ਮੰਗ ਕਰਦੇ ਹਾਂ ਕਿ ਦੋਸ਼ੀਆਂ ਅਤੇ ਉਹਨਾਂ ਦੇ ਸਮਰਥਕਾਂ ਨੂੰ ਕਾਨੂੰਨ ਦੀ ਪੂਰੀ ਸਖਤੀ ਨਾਲ ਸਜ਼ਾ ਦਿੱਤੀ ਜਾਵੇ।

ਆਪ ਆਗੂਆਂ ਨੇ ਅੱਗੇ ਕਿਹਾ ਕਿ ਇਹ ਮਾਰਚ ਅੱਤਵਾਦ ਦੇ ਮੁਕਾਬਲੇ ਵਿੱਚ ਏਕਤਾ ਦੀ ਜ਼ਰੂਰਤ ਦੀ ਇੱਕ ਸੰਜੀਦਾ ਕੜੀ ਹੈ ਅਤੇ ਇਹ ਆਮ ਆਦਮੀ ਪਾਰਟੀ ਦੇ ਹਿੰਸਾ ਅਤੇ ਕੱਟੜਵਾਦ ਵਿਰੁੱਧ ਸਟੈਂਡ ਦੀ ਪੁਸ਼ਟੀ ਕਰਦਾ ਹੈ। ਇਸ ਕੈਂਡਲ ਮਾਰਚ ਵਿੱਚ ਸ਼ਾਮਲ ਹੋਣ ਵਾਲਿਆਂ ਨੇ ਮੋਮਬੱਤੀਆਂ ਜਗਾਈਆਂ ਅਤੇ ਸ਼ਹੀਦਾਂ ਅਤੇ ਪੀੜਤਾਂ ਦੇ ਸਤਿਕਾਰ ਵਿੱਚ ਇੱਕ ਮਿੰਟ ਦਾ ਮੌਨ ਵੀ ਧਾਰਿਆ।

# ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵੱਲੋਂ ਕਰਵਾਏ ਪਰਿਵਾਰਿਕ ਖੇਡ ਮੇਲੇ ਵਿੱਚ ਜਪਜੋਤ ਸਿੰਘ ਨੇ ਦੂਜਾ ਸਥਾਨ ਹਾਸਲ ਕੀਤਾ

**ਸ੍ਰੀ ਆਨੰਦਪੁਰ ਸਾਹਿਬ, 27 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਰੂਪਨਗਰ -ਐਸ ਬੀ ਐਸ ਨਗਰ ਜ਼ੋਨ ਦੇ ਸ੍ਰੀ ਅਨੰਦਪੁਰ ਸਾਹਿਬ ਖੇਤਰ ਵੱਲੋਂ ਸਥਾਨਕ ਚਰਨ ਗੰਗਾ ਸਟੇਡੀਅਮ ਵਿਖੇ ਪਰਿਵਾਰਕ ਖੇਡ ਮੇਲੇ ਦਾ ਆਯੋਜਨ ਕੀਤਾ ਗਿਆ।

ਇਸ ਖੇਡ ਮੇਲੇ ਵਿੱਚ ਬੋਰੀ ਦੌੜ, ਨਿੰਬੂ ਚਮਚ ਦੌੜ, ਸਿੱਧੀ ਦੌੜ ,ਪੁੱਠੀ ਦੌੜ, ਇੱਕ ਟੰਗੀ ਦੌੜ, ਮਟਕੀ ਦੌੜ, ਡੱਬੇ ਵਿਚ ਗੇਂਦ ਪਾਉਣਾ ਆਦਿ ਖੇਡਾਂ ਵਿਸ਼ੇਸ਼ ਖਿੱਚ ਦਾ ਕੇਂਦਰ ਸਨ। ਇਹਨਾਂ ਖੇਡਾਂ ਵਿੱਚ ਚੀਫ ਖਾਲਸਾ ਦੀਵਾਨ ਚੈਰੀਟੇਬਲ ਸੁਸਾਇਟੀ ਸ਼੍ਰੀ ਅੰਮ੍ਰਿਤਸਰ ਦੇ ਪ੍ਰਬੰਧ ਅਧੀਨ ਚੱਲ ਰਹੇ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਸ੍ਰੀ ਅਨੰਦਪੁਰ ਸਾਹਿਬ ਦੇ ਪੰਜਵੀਂ ਜਮਾਤ ਦੇ ਵਿਦਿਆਰਥੀ



ਜਪਜੋਤ ਸਿੰਘ ਨੇ ਬੋਰੀ ਦੌੜ ਵਿੱਚ ਦੂਜਾ ਸਥਾਨ ਹਾਸਲ ਕੀਤਾ।

ਸਕੂਲ ਦੇ ਡਾਇਰੈਕਟਰ ਐਜੂਕੇਸ਼ਨ ਸ. ਗੁਰਮਿੰਦਰ ਸਿੰਘ ਭੁੱਲਰ ਅਤੇ ਸਕੂਲ ਮੁਖੀ ਪ੍ਰਿੰਸੀਪਲ ਗੁਰਿੰਦਰ ਕੌਰ ਨੇ ਜਪਜੋਤ ਸਿੰਘ ਨੂੰ ਮੁਮੈਂਟੋ ਦੇ ਕੇ ਸਨਮਾਨਿਤ ਕੀਤਾ ਅਤੇ ਅੱਗੇ ਤੋਂ ਹੋਰ ਖੇਡਾਂ ਵਿੱਚ ਵੀ ਮਿਹਨਤ ਕਰਨ ਲਈ ਪ੍ਰੇਰਿਆ।

ਇਸ ਮੌਕੇ ਰਿਟਾਇਰਡ ਅਧਿਆਪਿਕਾ ਬਲਬੀਰ ਕੌਰ ਭੁੱਲਰ, ਜਪਜੋਤ ਸਿੰਘ ਦੀ ਮਾਤਾ ਅਮਰਜੀਤ ਕੌਰ, ਸੇਵਾ ਸਿੰਘ, ਸਪਨਾ ਰਾਣੀ, ਰਣਜੋਧ ਸਿੰਘ ਆਦਿ ਹਾਜਰ ਸਨ।

# ਬਲੌਸਮ ਕਾਨਵੈਂਟ ਸਕੂਲ, ਨਯਾਗਾਓਂ ਵਿਖੇ ਇੱਕ ਮੁਫ਼ਤ ਦੰਦਾਂ ਦੀ ਜਾਂਚ ਕੈਂਪ ਲਗਾਇਆ ਗਿਆ



**ਚੰਡੀਗੜ੍ਹ, 27 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਬਲੌਸਮ ਕਾਨਵੈਂਟ ਸਕੂਲ, ਨਯਾਗਾਓਂ ਵਿਖੇ ਦੰਦਾਂ ਦੀ ਜਾਂਚ ਲਈ ਇੱਕ ਮੁਫ਼ਤ ਕੈਂਪ ਲਗਾਇਆ ਗਿਆ। ਸਕੂਲ ਦੇ ਸਾਰੇ ਵਿਦਿਆਰਥੀਆਂ ਦੇ ਦੰਦਾਂ ਦੀ ਜਾਂਚ ਡਾ. ਜਸਲੀਨ ਸੰਧੂ ਦੁਆਰਾ ਕੀਤੀ ਗਈ। ਉਨ੍ਹਾਂ ਵਿਦਿਆਰਥੀਆਂ ਨੂੰ ਦੰਦਾਂ ਦੇ ਦਰਦ ਦੀ ਸਮੱਸਿਆ ਤੋਂ ਛੁਟਕਾਰਾ ਪਾਉਣ ਦੇ ਤਰੀਕੇ ਦੱਸੇ। ਉਨ੍ਹਾਂ ਕਿਹਾ ਕਿ ਦੰਦਾਂ ਦੀਆਂ ਸਮੱਸਿਆਵਾਂ ਦਾ ਪਤਾ ਸਿਰਫ਼ ਦੰਦਾਂ ਦੀ ਜਾਂਚ ਰਾਹੀਂ ਹੀ ਲਗਾਇਆ ਜਾ ਸਕਦਾ ਹੈ।

ਦੰਦਾਂ ਦੇ ਸੜਨ ਅਤੇ ਦਰਦ ਨੂੰ ਰੋਕਣ ਲਈ, ਹਰ 6 ਮਹੀਨਿਆਂ ਵਿੱਚ ਨਿਯਮਤ ਦੰਦਾਂ ਦੀ ਜਾਂਚ, ਦੰਦਾਂ ਦੀ ਸਫਾਈ ਅਤੇ ਜ਼ਰੂਰੀ ਇਲਾਜ ਦੀ ਸਲਾਹ ਦਿੱਤੀ ਗਈ।ਦੰਦਾਂ ਦੀ ਸਿਹਤ ਲਈ ਸੁਝਾਵਾਂ ਵਿੱਚ ਬੁਰਸ਼ ਕਰਨਾ, ਫਲਾਸ ਕਰਨਾ ਅਤੇ ਮਿੱਠੇ ਅਤੇ ਤੇਜ਼ਾਬੀ ਭੋਜਨ ਤੋਂ ਪਰਹੇਜ਼ ਕਰਨਾ ਸ਼ਾਮਲ ਹੈ।ਡਾ. ਜਸਲੀਨ ਸੰਧੂ ਜੀ ਨੇ ਨਰਸਰੀ ਤੋਂ ਲੈ ਕੇ ਪੰਜਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਦੇ ਦੰਦਾਂ ਦੀ ਜਾਂਚ ਕੀਤੀ। ਡਾਕਟਰ ਬੱਚਿਆਂ ਨੂੰ ਸਲਾਹ ਦਿੰਦੇ ਹਨ ਕਿ ਉਹ ਚਾਕਲੇਟ, ਮਿਠਾਈਆਂ ਅਤੇ ਆਈਸ ਕਰੀਮ ਖਾਣ ਤੋਂ ਬਾਅਦ ਆਪਣੇ ਦੰਦ ਬੁਰਸ਼ ਕਰਨਾ ਯਾਦ ਰੱਖਣ। ਇਸ ਤੋਂ ਇਲਾਵਾ, ਉਨ੍ਹਾਂ ਨੂੰ ਦੱਸਿਆ ਗਿਆ ਕਿ ਆਪਣੇ ਦੰਦਾਂ ਨੂੰ ਕਿਵੇਂ ਸਾਫ਼ ਰੱਖਣਾ ਹੈ ਅਤੇ ਮ

ਇਸ ਦੇ ਨਾਲ ਹੀ, ਬੱਚਿਆਂ ਨੂੰ ਦੰਦਾਂ ਦੀ ਦੇਖਭਾਲ ਲਈ ਨਿਯਮਿਤ ਤੌਰ 'ਤੇ ਡਾਕਟਰ ਕੋਲ ਜਾਣ ਦੀ ਸਲਾਹ ਦਿੱਤੀ ਜਾਂਦੀ ਹੈ। ਸਕੂਲ ਪ੍ਰਿੰਸੀਪਲ ਸ਼੍ਰੀਮਤੀ ਗੀਤਾ ਸੰਧੂ, ਵਾਈਸ ਪ੍ਰਿੰਸੀਪਲ ਸ਼੍ਰੀਮਤੀ ਮੁਕੇਸ਼ ਚੌਧਰੀ ਨੇ ਕਿਹਾ ਕਿ ਬੱਚਿਆਂ ਦੀ ਸਿਹਤ ਦੀ ਜ਼ਿੰਮੇਵਾਰੀ ਵੀ ਸਕੂਲ ਦਾ ਨੈਤਿਕ ਫਰਜ਼ ਹੈ, ਜਿਸਦਾ ਸਕੂਲ ਵੱਲੋਂ ਪੂਰਾ ਧਿਆਨ ਰੱਖਿਆ ਜਾਂਦਾ ਹੈ। ਇਸ ਸਮੇਂ ਦੌਰਾਨ, ਸਕੂਲ ਦੇ ਪ੍ਰਬੰਧ ਨਿਰਦੇਸ਼ਕ ਕਰਨਲ ਬੀ.ਐਸ. ਸੰਧੂ, ਪ੍ਰਿੰਸੀਪਲ ਸ਼੍ਰੀਮਤੀ ਗੀਤਾ ਸੰਧੂ, ਵਾਈਸ ਪ੍ਰਿੰਸੀਪਲ ਸ਼੍ਰੀਮਤੀ ਮੁਕੇਸ਼ ਚੌਧਰੀ ਵੀ ਮੌਜੂਦ ਸਨ।

# ਵਿਧਾਇਕ ਦੇਵ ਮਾਨ ਨੇ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਤਕਰੀਬਨ 48 ਲੱਖ ਰੁਪਏ ਦੀ ਲਾਗਤ ਨਾਲ ਕੰਮਾਂ ਦੇ ਉਦਘਾਟਨ ਕੀਤੇ



**ਨਾਭਾ, 27 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਹਲਕਾ ਵਿਧਾਨ ਸਭਾ ਨਾਭਾ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਜੀ ਨੇ ਆਪਣੇ ਕਰ ਕਮਲਾਂ ਨਾਲ ਹੇਠ ਲਿਖੇ ਸਕੂਲਾਂ ਦੇ ਵਿੱਚ ਮੁਕੰਮਲ ਹੋ ਚੁੱਕੇ ਕੰਮਾਂ ਦੇ ਉਦਘਾਟਨ ਕੀਤੇ।

ਜਿਸ ਵਿੱਚ ਸੀਨੀਅਰ ਸੈਕੰਡਰੀ ਸਕੂਲ ਮੱਲੇਵਾਲ ਵਿਖੇ 26 ਲੱਖ 40 ਹਜਾਰ , ਸਰਕਾਰੀ ਮਿਡਲ ਸਕੂਲ ਪੂਣੀਵਾਲ ਵਿਖੇ 7 ਲੱਖ 51ਹਜਾਰ ਰੁਪਏ ਅਤੇ ਸਰਕਾਰੀ ਮਿਡਲ ਸਕੂਲ ਸੁਧੇਵਾਲ 13 ਲੱਖ 48 ਹਜ਼ਾਰ ਰੁਪਏ ਦੇ ਕੰਮਾਂ ਦਾ ਉਦਘਾਟਨ ਕਰਨ ਉਪਰੰਤ ਹਲਕਾ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਕਿਹਾ ਕਿ ਅੱਜ ਦੀ ਕੁੱਲ ਰਾਸ਼ੀ ਤਕਰੀਬਨ 48 ਲੱਖ ਰੁਪਏ ਦੇ ਕਾਰਜਾਂ ਦਾ ਉਦਘਾਟਨ ਕੀਤਾ ਗਿਆ ਹੈ।


ਦੇਵ ਮਾਨ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਸਾਲ 2022 ਵਿੱਚ ਸਿੱਖਿਆ ਦੇ ਖੇਤਰ ਵਿੱਚ ਕ੍ਰਾਂਤੀਕਾਰੀ ਤਬਦੀਲੀਆਂ ਲਿਆਉਣ ਦੇ ਕੀਤੇ ਗਏ ਵਾਅਦੇ ਨੂੰ ਪੂਰਾ ਕਰਨ ਵਿੱਚ ਸਰਕਾਰ ਪੂਰੀ ਤਰ੍ਹਾਂ ਕਾਮਯਾਬ ਹੋਈ ਹੈ ਅਤੇ ਪੰਜਾਬ ਸਿੱਖਿਆ ਕ੍ਰਾਂਤੀ ਮੁਹਿੰਮ ਤਹਿਤ ਵਿਧਾਨ ਸਭਾ ਹਲਕਾ ਨਾਭਾ ਅਧੀਨ ਆਉਂਦੇ ਸਾਰੇ ਸਕੂਲਾਂ ਵਿੱਚ ਬੁਨਿਆਦੀ ਸੁਵਿਧਾਵਾਂ ਨੂੰ ਯਕੀਨੀ ਬਣਾਉਣ ਲਈ ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਸਿੱਖਿਆ ਜਿਹੇ ਮਹੱਤਵਪੂਰਨ ਖੇਤਰਾਂ ਨੂੰ ਅਣਗੌਲੀ ਰੱਖਿਆ ਜਿਸ ਨਾਲ ਸਰਕਾਰੀ ਸਕੂਲਾਂ ਦੀ ਦਸਾ ਸੁਧਰਨ ਦੀ ਥਾਂ 'ਤੇ ਲਗਾਤਾਰ ਵਿਗੜਦੀ ਰਹੀ। ਉਹਨਾਂ ਨੇ ਕਿਹਾ ਕਿ ਜਿਹੜੇ ਸਿਆਸਤਦਾਨਾਂ ਨੇ ਖੁਦ ਕਦੇ ਕੁਝ ਨਹੀਂ ਸਵਾਰਿਆ ਉਹ ਗੁੰਮਰਾਹਕੁੰਨ ਬਿਆਨਾਂ ਤੋਂ ਬਾਜ ਆਉਣ। ਉਹਨਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਦੇ ਆਗੂਆਂ ਦੀ ਅਣਦੇਖੀ ਦਾ ਖਮਿਆਜਾ ਪੰਜਾਬ ਦੇ ਲੋਕਾਂ ਨੂੰ ਭੁਗਤਣਾ ਪਿਆ ਹੈ ਅਤੇ ਹੁਣ ਉਹੀ ਲੋਕ ਆਪਣੀਆਂ ਗਲਤੀਆਂ ਨੂੰ ਛਪਾਉਣ ਲਈ ਫੋਕੀ ਬਿਆਨਬਾਜੀ ਕਰ ਰਹੇ ਹਨ।

ਦੇਵ ਮਾਨ ਨੇ ਕਿਹਾ ਕਿ ਸਰਕਾਰੀ ਸਕੂਲ ਪ੍ਰਾਈਵੇਟ ਸਕੂਲਾਂ ਨੂੰ ਵੀ ਹਰ ਪੱਖੋਂ ਮਾਤ ਦੇ ਰਹੇ ਹਨ। ਉਹਨਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਦੌਰਾਨ ਮੁਢਲੀਆਂ ਸਹੂਲਤਾਂ ਨੂੰ ਤਰਸਦੇ ਰਹੇ ਸਰਕਾਰੀ ਸਕੂਲਾਂ ਨੂੰ ਅੱਜ ਹਰ ਪੱਖੋਂ ਸਰਵੋਤਮ ਬਣਾਉਣ ਵਿੱਚ ਕੋਈ ਕਮੀ ਬਾਕੀ ਨਹੀਂ ਛੱਡੀ ਜਾ ਰਹੀ। ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਪਹਿਲਾਂ ਹੀ ਲੋਕਾਂ ਨਾਲ ਇਹ ਵਾਅਦਾ ਕੀਤਾ ਗਿਆ ਸੀ, ਉਸ ਨੂੰ ਪੂਰਾ ਕਰਨ ਵਿੱਚ ਪੰਜਾਬ ਸਰਕਾਰ ਵੱਲੋਂ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ। ਦੇਵ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਸਾਰਥਕ ਯਤਨਾ ਸਦਕਾ ਵਿਦਿਆਰਥੀ ਪ੍ਰਾਈਵੇਟ ਸਕੂਲਾਂ ਨੂੰ ਛੱਡ ਕੇ ਸਰਕਾਰੀ ਸਕੂਲਾਂ ਵਿੱਚ ਪੜ੍ਹਨ ਨੂੰ ਤਰਜੀਹੀ ਦੇਣ ਲੱਗ ਪਏ ਹਨ ਜਿਸ ਤੋਂ ਸਾਬਤ ਹੁੰਦਾ ਹੈ ਕਿ ਪੰਜਾਬ ਸਰਕਾਰ ਦਾ ਸਿੱਖਿਆ ਮਾਡਲ ਕਾਫੀ ਪਸੰਦ ਕੀਤਾ ਜਾ ਰਿਹਾ ਹੈ ਇਸ ਮੌਕੇ ਉਨਾਂ ਦੇ ਨਾਲ ਸੁਰਿੰਦਰਪਾਲ ਸ਼ਰਮਾਂ ਚੇਅਰਮੈਨ , ਮਨਦੀਪ ਕੌਰ ਡੀ ਐਸ ਪੀ ਨਾਭਾ , ਜਸਵਿੰਦਰ ਸਿੰਘ ਐਸ ਐਚ ਓ ਭਾਦਸੋਂ, ਇੰਸਪੈਕਟਰ ਪ੍ਰਿੰਸਪ੍ਰੀਤ ਸਿੰਘ ਭੱਟੀ ਐਸ ਐਚ ਓ ਕੋਤਵਾਲੀ ਨਾਭਾ, ਜਗਜੀਤ ਸਿੰਘ ਨੋਹਰਾ ਬੀਪੀਈਓ , ਜਤਿੰਦਰ ਕੌਰ ਇੰਚਾਰਜ ਮੱਲੇਵਾਲ ਸਕੂਲ , ਪ੍ਰਿੰਸੀਪਲ ਸਤਵਿੰਦਰ ਸਿੰਘ ਬਾਬਰ ਪੁਰ , ਗੁਰਪ੍ਰੀਤ ਸਿੰਘ ਮੱਲੇਵਾਲ , ਮਾਸਟਰ ਅਮਰੀਕ ਸਿੰਘ, ਤੇਜਿੰਦਰ ਸਿੰਘ ਖਹਿਰਾ , ਮਾਸਟਰ ਰਾਮ ਕ੍ਰਿਸ਼ਨ ਬਲਾਕ ਕੋਆਰਡੀਨੇਟਰ ਸਿੱਖਿਆ ਕ੍ਰਾਂਤੀ , ਭੁਪਿੰਦਰ ਸਿੰਘ ਕੱਲਰ ਮਾਜਰੀ, ਜਸਵੀਰ ਸਿੰਘ ਵਜੀਦਪੁਰ, ਨਵਜੋਤ ਸਿੰਘ ਪੂਨੀਆ, ਮਾਸਟਰ ਸਤਨਾਮ ਸਿੰਘ ਪਾਲੀਆ ਅਤੇ ਵੱਡੀ ਗਿਣਤੀ ਵਿੱਚ ਅਧਿਆਪਕ ਅਤੇ ਵਿਦਿਆਰਥੀ ਮੌਜੂਦ ਸਨ ।

# ਨਸ਼ਿਆਂ ਵਿਰੁੱਧ ਪਰਮਿੰਦਰ ਭਲਵਾਨ ਅਤੇ ਜਤਵਿੰਦਰ ਗਰੇਵਾਲ ਵਲੋਂ ਛੇੜੀ ਜਾਗਰੂਕਤਾ ਮੁਹਿੰਮ ਸ਼ਲਾਘਾਯੋਗ

**ਪਟਿਆਲਾ, 27 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਜ਼ਿਲ੍ਹੇ ਦੀਆਂ ਨਾਮਵਰ ਸਮਾਜ ਸੇਵੀ ਸੰਸਥਾਵਾਂ ਪਾਵਰ ਹਾਊਸ ਯੂਥ ਕਲੱਬ, ਯੂਥ ਫੈਡਰੇਸ਼ਨ ਆਫ ਇੰਡੀਆ,ਯੂਵਕ ਸੇਵਾਵਾਂ ਪਾਵਰ ਹਾਊਸ ਯੂਥ ਕਲੱਬ ਰਣਜੀਤ ਨਗਰ, ਯੂਵਕ ਸੇਵਾਵਾਂ ਕਲੱਬ ਦੀਪ ਨਗਰ ਜੋ ਕਿ ਪਿਛਲੇ ਬਾਰਾਂ ਸਾਲਾਂ ਤੋਂ ਨਸ਼ਿਆਂ ਵਿਰੁੱਧ ਜਾਗਰੂਕਤਾ ਮੁਹਿੰਮ ਵੱਖ ਵੱਖ ਪਿੰਡਾਂ, ਸ਼ਹਿਰਾਂ, ਕਸਬਿਆਂ, ਸਕੂਲਾਂ , ਕਾਲਜਾਂ, ਯੂਨੀਵਰਸਿਟੀਆ ਵਿੱਚ ਚਲਾ ਰਹੀ ਹੈ ਦੀ ਟੀਮ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਵਿਜੇਤਾ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਨੇ ਏ ਡੀ ਜੀ ਪੀ ਟ੍ਰੈਫਿਕ ਅਤੇ ਸੜਕ ਸੁਰੱਖਿਆ ਫੋਰਸ ਏ ਐਸ ਰਾਏ ਜੀ ਨਾਲ ਮੁਲਾਕਾਤ ਕੀਤੀ । ਇਸ ਮੌਕੇ ਏ ਡੀ ਜੀ ਪੀ ਟ੍ਰੈਫਿਕ ਅਤੇ ਸੜਕ ਸੁਰੱਖਿਆ ਫੋਰਸ ਪੰਜਾਬ ਏ ਐਸ ਰਾਏ ਨੂੰ ਡਰੱਗ ਫਰੀ ਵਰਲਡ ਕੈਲੀਫੋਰਨੀਆ ਅਮਰੀਕਾ ਦੀ ਪੰਜਾਬ ਟੀਮ ਅਤੇ ਯੂਨਾਇਟੇਡ ਨੇਸ਼ਨਜ਼ ਸਸਟੈਨਾਬਲ ਡਿਵੈਲਪਮੈਂਟ ਗੋਲਸ 2030 ਨਾਲ ਕੰਮ ਕਰ ਰਹੇ ਪਾਵਰ ਹਾਊਸ ਯੂਥ ਕਲੱਬ ਅਤੇ ਯੂਥ ਫੈਡਰੇਸ਼ਨ ਆਫ ਇੰਡੀਆ ਵਲੋਂ ਨਸ਼ਿਆਂ ਵਿਰੁੱਧ ਪਬਲਿਕ ਨੂੰ ਜਾਗਰੂਕ ਕਰਨ ਲਈ ਵੰਡੀਆਂ ਜਾ ਰਹੀਆਂ



ਕਿਤਾਬਾਂ ਦਿੱਤੀਆਂ ਗਈਆਂ ਅਤੇ ਉਹਨਾਂ ਦੀ ਟੀਮ ਵਲੋਂ ਪੰਜਾਬ ਦੇ ਵੱਖ ਸ਼ਹਿਰਾਂ ਵਿੱਚ ਨਸ਼ਿਆਂ ਵਿਰੁੱਧ ਕੀਤੇ ਜਾ ਰਹੇ ਕੰਮਾਂ ਦੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ, ਇਸ ਮੌਕੇ ਸੰਬੋਧਨ ਕਰਦਿਆ ਏ ਡੀ ਜੀ ਪੀ ਟ੍ਰੈਫਿਕ ਅਤੇ ਸੜਕ ਸੁਰੱਖਿਆ ਫੋਰਸ ਪੰਜਾਬ ਏ ਐਸ ਰਾਏ ਜੀ ਨੇ ਕਿਹਾ ਕਿ ਨਸ਼ੇ ਸਾਡੇ ਸਮਾਜ ਨੂੰ ਘੁਣ ਵਾਂਗ ਖੋਖਲਾ ਕਰਦੇ ਜਾ ਰਹੇ ਹਨ, ਨਸ਼ਿਆਂ ਕਾਰਨ ਕਈ ਨੌਜਵਾਨਾ ਆਪਣੀ ਅਤੇ ਪਰਿਵਾਰ ਦੀ ਜ਼ਿੰਦਗੀ ਬਰਬਾਦ ਕਰ ਰਹੇ ਹਨ, ਉਹਨਾਂ ਪਬਲਿਕ ਨੂੰ ਅਪੀਲ ਕੀਤੀ ਕਿ ਉਹੋ ਨਸ਼ਿਆਂ ਵਿਰੁੱਧ ਲਾਮਬੰਦ ਹੋ ਕੇ ਪੁਲਿਸ ਦੀ ਸਹਾਇਤਾ ਲਈ ਅੱਗੇ ਆਏ ਤਾਂ ਜੋ ਅਸੀਂ ਸਾਰੇ ਰਲਕੇ ਪੰਜਾਬ ਨੂੰ ਨਸ਼ਾ ਮੁਕਤ ਬਣਾ ਸਕੀਏ, ਉਹਨਾਂ ਨਸ਼ਿਆਂ ਵਿਰੁੱਧ ਕੰਮ ਕਰ ਰਹੀਆਂ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ ਅਤੇ ਪਾਵਰ ਹਾਊਸ ਯੂਥ ਕਲੱਬ ਦੀ ਸਮੁੱਚੀ ਟੀਮ ਦੀ ਸ਼ਲਾਘਾ ਕੀਤੀ।

## ਤੁਹਾਡੀ ਸਿਹਤ

# ਕੁਦਰਤ ਦਾ ਵਰਦਾਨ ਮੇਥੀ



- ਡਾ. ਹਰਸ਼ਿੰਦਰ ਕੌਰ

ਇੱਕ ਮੈਡੀਕਲ ਕਾਨਫਰੰਸ ਵਿੱਚ ਇੱਕ ਨਵੀਂ ਦਵਾਈ ਬਾਰੇ ਦੱਸਿਆ ਗਿਆ ਕਿ ਇਹ ਸ਼ੱਕਰ ਰੋਗੀਆਂ ਲਈ ਬਹੁਤ ਫ਼ਾਇਦੇਮੰਦ ਸਾਬਤ ਹੋ ਰਹੀ ਹੈ। ਉਸ ਦਵਾਈ ਦਾ ਨਾਂ ਸੀ 'ਫੈਨਫਿਊਰੋ'। ਕਾਨਫਰੰਸ ਦੇ ਅੰਤ ਵਿੱਚ ਦੱਸਿਆ ਗਿਆ ਕਿ ਇਹ ਦਵਾਈ ਮੇਥੀ ਤੋਂ ਬਣਾਈ ਗਈ ਹੈ, ਜਿਸਨੂੰ ਸੁਣ ਕੇ ਸਾਰੇ ਜਣੇ ਹੈਰਾਨ ਰਹਿ ਗਏ ਕਿ ਇਹ ਨਿੱਕੀਆਂ ਜਿਹੀਆਂ ਹਰੀਆਂ ਪੱਤੀਆਂ ਏਨੀਆਂ ਲਾਹੇਵੰਦ ਕਿਵੇਂ ਹੋ ਸਕਦੀਆਂ ਹਨ ? ਉਸ ਕਾਨਫਰੰਸ ਤੋਂ ਬਾਅਦ ਅਮਰੀਕਾ ਵਿੱਚ ਵਰਤੇ ਜਾ ਰਹੇ 'ਫੇਸ ਪੈਕ' ਵਿਖਾਏ ਗਏ, ਜੋ ਮੂੰਹ ਉੱਤੇ ਬਣ ਰਹੇ ਬਲੈਕ ਹੈੱਡਜ਼, ਫਿੰਸੀਆਂ, ਕਿਲ, ਝੁਰੜੀਆਂ ਆਦਿ ਲਈ ਕਮਾਲ ਦਾ ਅਸਰ ਵਿਖਾ ਰਹੇ ਸਨ ਤੇ ਅਮਰੀਕੀ ਔਰਤਾਂ ਦੀ ਪਹਿਲੀ ਪਸੰਦ ਬਣ ਚੁੱਕੇ ਸਨ। ਉਨ੍ਹਾਂ ਵਿੱਚ ਅਸਲ ਚੀਜ਼ 'ਮੇਥੀ' ਸੀ! ਉੱਥੋਂ ਦੇ ਕਈ ਬਿਊਟੀ ਕਲੀਨਿਕ ਮੇਥੀ ਦੇ ਬੀਜ (ਮੇਥਰੇ) ਪਾਣੀ ਵਿੱਚ ਉਬਾਲ ਕੇ ਉਸ ਨਾਲ ਆਪਣੀਆਂ ਗਾਹਕ ਔਰਤਾਂ ਦਾ ਮੂੰਹ ਚੰਗੀ ਤਰ੍ਹਾਂ ਧੋ ਕੇ, ਤਾਜ਼ੀ ਮੇਥੀ ਦਾ ਲੇਪ ਵੀਹ ਮਿੰਟ ਲਈ ਮੂੰਹ ਉੱਤੇ ਲਾ ਦਿੰਦੇ ਹਨ। ਇਹ ਝੁਰੜੀਆਂ ਅਤੇ ਮੁਹਾਸਿਆਂ ਵਾਸਤੇ ਕਮਾਲ ਦਾ ਅਸਰ ਵਿਖਾਉਂਦੀ ਹੈ।

ਵਾਲਾਂ ਲਈ ਵੀ ਮੇਥੀ ਤੋਂ ਬਣੇ ਸ਼ੈਂਪੂ ਸਭ ਤੋਂ ਮਹਿੰਗੇ ਵਿਕਦੇ ਹਨ। ਸਿਕਰੀ ਅਤੇ ਵਾਲ ਝੜਨ ਤੋਂ ਰੋਕਣ ਲਈ ਮੇਥੀ ਦੀ ਵਰਤੋਂ ਜ਼ੋਰਾਂ ਉੱਤੇ ਹੈ। ਭਾਵੇਂ ਰੋਜ਼ ਖਾਧੀ ਜਾਵੇ ਅਤੇ ਭਾਵੇਂ ਵਾਲਾਂ ਉੱਤੇ ਪੇਸਟ ਬਣਾ ਕੇ ਲਾ ਲਈ ਜਾਵੇ, ਇਸ ਨਾਲ ਹੌਲੀ-ਹੌਲੀ ਵਾਲ ਲਿਸ਼ਕਵੇਂ ਤੇ ਕਾਲੇ ਹੋਣ ਲੱਗ ਪੈਂਦੇ ਹਨ। ਵਾਲਾਂ ਅਤੇ ਚਮੜੀ ਵਿੱਚ ਮੇਥੀ ਦੀ ਏਨੀ ਜ਼ਿਆਦਾ ਵਰਤੋਂ ਕਈ ਵਾਰ ਤਾਂ ਸ਼ੱਕ ਹੀ ਪਾ ਦਿੰਦੀ ਹੈ ਕਿ ਇਹ ਖਾਣ ਦੀ ਚੀਜ਼ ਹੈ ਵੀ ਕਿ ਸਿਰਫ਼ ਲਾਉਣ ਵਾਲੀ ਹੀ ਹੈ। ਮੇਥੀ ਦੇ ਲਾਭ ਇੰਜ ਹਨ:

➢ ਮੇਥੀ ਦੇ ਬੀਜ ਪਾਣੀ ਵਿੱਚ ਉਬਾਲ ਕੇ ਅਤੇ ਰਾਤ ਭਰ ਖੋਪੇ ਦੇ ਤੇਲ ਵਿੱਚ ਭਿਉਂ ਕੇ ਰੱਖ ਕੇ ਉਸ ਨਾਲ ਰੋਜ਼ ਹਲਕੀ ਹਲਕੀ ਸਿਰ ਦੀ ਮਾਲਿਸ਼ ਕਰਨ ਨਾਲ ਵਾਲ ਝੜਨੇ ਵੀ ਰੁਕਦੇ ਹਨ ਤੇ ਸਿਕਰੀ ਵੀ ਠੀਕ ਹੋ ਜਾਂਦੀ ਹੈ।

➢ ਜਿਹੜੇ ਜਣੇ ਭਾਰ ਘਟਾਉਣ ਬਾਰੇ ਸੋਚ ਰਹੇ ਹੋਣ, ਉਹ ਤਾਂ ਅੱਜ ਤੋਂ ਹੀ ਮੇਥੀ ਖਾਣੀ ਸ਼ੁਰੂ ਕਰ ਦੇਣ ਕਿਉਂਕਿ ਇਸ ਤੋਂ ਵਧੀਆ ਕੁਦਰਤੀ ਦਵਾਈ ਮਿਲਣੀ ਔਖੀ ਹੀ ਹੈ। ਜੇ ਕਿਸੇ ਦੀ ਚਮੜੀ ਉੱਤੇ ਦਾਗ਼ ਹਨ ਜਾਂ ਸੜਨ ਦੇ ਤਾਜ਼ੇ ਦਾਗ਼, ਛਾਲੇ, ਐਗਜ਼ੀਮਾ ਆਦਿ ਹਨ ਤਾਂ ਵੀ ਮੇਥੀ ਦੇ ਬੀਜਾਂ ਨੂੰ ਰਗੜ ਕੇ ਪਤਲਾ ਪੇਸਟ ਬਣਾ ਕੇ ਚਮੜੀ ਉੱਤੇ ਲੇਪ ਵਾਂਗ ਲਾ ਕੇ ਉੱਤੇ ਸਾਫ਼ ਕੱਪੜੇ ਨਾਲ ਢਕ ਕੇ ਰੱਖਣ ਨਾਲ ਹੌਲੀ-ਹੌਲੀ ਕੁਝ ਆਰਾਮ ਪੈ ਜਾਂਦਾ ਹੈ। ਅੰਤੜੀਆਂ ਦੇ ਕੈਂਸਰ (ਕੋਲਨ ਕੈਂਸਰ) ਵਿੱਚ ਵੀ ਮੇਥੀ ਵਿਚਲੇ ਭਰਵੇਂ ਫਾਈਬਰ ਦੇ ਸਦਕਾ ਫ਼ਾਇਦਾ ਲਿਆ ਜਾ ਸਕਦਾ ਹੈ ਕਿਉਂਕਿ ਇਹ ਖਾਣੇ ਵਿਚਲੇ ਮਾੜੇ ਤੱਤਾਂ ਨੂੰ ਅੰਤੜੀਆਂ ਦੀ ਨਰਮ ਪਰਤ ਉੱਤੇ ਵਾਰ ਨਹੀਂ ਕਰਨ ਦਿੰਦੀ ਤੇ ਕੈਂਸਰ ਹੋਣ ਤੋਂ ਬਚਾਅ ਕਰ ਸਕਦੀ ਹੈ।

➢ ਮੇਥੀ ਸਿਰਫ਼ ਫਾਈਬਰ ਸਦਕਾ ਹੀ ਗੁਣਕਾਰੀ ਨਹੀਂ ਬਲਕਿ ਇਸ ਵਿਚਲੇ ਪ੍ਰੋਟੀਨ, ਵਿਟਾਮਿਨ- ਸੀ, ਨਾਇਆਸਿਨ, ਪੋਟਾਸ਼ੀਅਮ, ਲੋਹ ਕਣ, ਐਲਕਾਲੌਇਡ ਤੇ ਡਾਇਓਸਜੈਨਿਨ ਵੀ ਰਲ ਕੇ ਸਰੀਰ ਵਿੱਚ ਕਮਾਲ ਦਾ ਅਸਰ ਵਿਖਾਉਂਦੇ ਹਨ।

# ਕੁਪੋਸ਼ਣ ਤੋਂ ਬਚਣ ਲਈ ਪ੍ਰੋਟੀਨ ਜ਼ਰੂਰੀ



**ਇਹ ਜ਼ਿਆਦਾਤਰ ਵਿਕਾਸਸ਼ੀਲ ਅਤੇ ਅਵਿਕਸਿਤ ਦੇਸ਼ਾਂ ਵਿੱਚ ਪਾਈ ਜਾਂਦੀ ਹੈ। ਸਾਡੇ ਦੇਸ਼ ਵਿਚ ਖ਼ੁਰਾਕ ਵਿੱਚ ਪ੍ਰੋਟੀਨ ਦੀ ਕਮੀ ਦੇ ਮੁੱਖ ਕਾਰਨ ਗ਼ਰੀਬੀ, ਅਨਪੜ੍ਹਤਾ, ਲਿੰਗ ਭੇਦਭਾਵ, ਕੁਦਰਤੀ ਸੰਕਟ ਜਿਵੇਂ ਭੁੱਖਮਰੀ, ਸੋਕਾ ਆਦਿ ਹਨ।**

ਇੱਕ ਸਿਹਤਮੰਦ ਸਰੀਰ ਲਈ ਮੁੱਖ ਤੌਰ 'ਤੇ ਛੇ ਤੱਤਾਂ ਦੀ ਲੋੜ ਹੁੰਦੀ ਹੈ ਜਿਵੇਂ ਪ੍ਰੋਟੀਨ, ਕਾਰਬੋਹਾਈਡ੍ਰੇਟਸ, ਚਰਬੀ, ਵਿਟਾਮਿਨ, ਖਣਿਜ ਪਦਾਰਥ ਅਤੇ ਪਾਣੀ। ਇਨ੍ਹਾਂ ਸਾਰਿਆਂ ਨੂੰ ਮਿਲਾ ਕੇ ਹੀ ਸੰਤੁਲਿਤ ਖ਼ੁਰਾਕ ਬਣਦੀ ਹੈ। ਪਾਣੀ ਤੋਂ ਬਾਅਦ ਸਾਡੇ ਸਰੀਰ ਵਿੱਚ ਪ੍ਰੋਟੀਨ ਹੀ ਸਭ ਤੋਂ ਵੱਧ ਮਾਤਰਾ ਵਿੱਚ ਪਾਇਆ ਜਾਂਦਾ ਹੈ। ਸਾਡਾ ਸਰੀਰ ਸੈੱਲਾਂ ਦਾ ਬਣਿਆ ਹੋਇਆ ਹੈ। ਕਈ ਸੈੱਲ ਮਿਲ ਕੇ ਟਿਸ਼ੂ ਅਤੇ ਕਈ ਟਿਸ਼ੂ ਮਿਲ ਕੇ ਇੱਕ ਅੰਗ ਬਣਾਉਂਦੇ ਹਨ। ਵੱਖ-ਵੱਖ ਸੈੱਲ ਮਿਲ ਕੇ ਹੱਡੀਆਂ, ਮਾਸਪੇਸ਼ੀਆਂ, ਨਾੜਾਂ ਅਤੇ ਚਮੜੀ ਦੇ ਖ਼ਾਸ ਕੰਮ ਕਰਨ ਵਿੱਚ ਯਤਨਸ਼ੀਲ ਰਹਿੰਦੇ ਹਨ। ਇਨ੍ਹਾਂ ਸੈੱਲਾਂ ਦੀ ਜ਼ਿੰਦਗੀ ਸਾਡੀ ਖ਼ੁਰਾਕ ਉੱਤੇ ਨਿਰਭਰ ਕਰਦੀ ਹੈ। ਪ੍ਰੋਟੀਨ ਇਨ੍ਹਾਂ ਸੈੱਲਾਂ ਲਈ ਸਭ ਤੋਂ ਜ਼ਰੂਰੀ ਤੱਤ ਹੈ। ਸਾਡੀ ਖ਼ੁਰਾਕ ਵਿੱਚ ਪ੍ਰੋਟੀਨ ਦੀ ਕਮੀ ਕਾਰਨ ਇਹ ਸੈੱਲ ਕੰਮ ਕਰਨਾ ਬੰਦ ਕਰ ਦਿੰਦੇ ਹਨ ਅਤੇ ਨਤੀਜੇ ਵਜੋਂ ਸਰੀਰ ਵਿੱਚ ਚੱਲਦੇ ਵੱਖ-ਵੱਖ ਅੰਗਾਂ ਦੇ ਕੰਮਾਂ ਵਿੱਚ ਵਿਘਨ ਪੈ ਜਾਂਦਾ ਹੈ।

### ਕੀ ਹਨ ਪ੍ਰੋਟੀਨ ਦੇ ਲਾਭ

➢ ਸਰੀਰ ਵਿਚਲੇ ਹਰੇਕ ਸੈੱਲ ਲਈ ਪ੍ਰੋਟੀਨ ਜ਼ਰੂਰੀ ਤੱਤ ਹੈ। ਪ੍ਰੋਟੀਨ ਜਿੱਥੇ ਨਵੇਂ ਸੈੱਲ ਬਣਾਉਣ ਵਿੱਚ ਮਦਦ ਕਰਦੇ ਹਨ, ਉੱਥੇ ਪੁਰਾਣੇ ਟੁੱਟੇ-ਭੱਜੇ ਸੈੱਲਾਂ ਦੀ ਮੁਰੰਮਤ ਕਰਦੇ ਹਨ।

➢ ਪ੍ਰੋਟੀਨ ਹੱਡੀਆਂ ਅਤੇ ਦੰਦਾਂ ਨੂੰ ਮਜ਼ਬੂਤੀ ਪ੍ਰਦਾਨ ਕਰਦੇ ਹਨ।

➢ ਪ੍ਰੋਟੀਨ ਮਾਸਪੇਸ਼ੀਆਂ ਦੇ ਵਿਕਾਸ ਲਈ ਬੇਹੱਦ ਲਾਹੇਵੰਦ ਤੱਤ ਹੈ।

➢ ਪ੍ਰੋਟੀਨ ਸਾਡੇ ਸਰੀਰ ਵਿਚ ਹਾਰਮੋਨ, ਐੱਨਜ਼ਾਇਮ ਅਤੇ ਐਂਟੀ-ਬਾਡੀ ਬਣਾਉਣ ਵਿਚ ਮਦਦ ਕਰਕੇ ਸਰੀਰ ਦਾ ਸੁਰੱਖਿਆ ਅਤੇ ਪਾਚਨ ਤੰਤਰ ਮਜ਼ਬੂਤ ਬਣਾਉਂਦਾ ਹੈ।

➢ ਪ੍ਰੋਟੀਨ ਖ਼ੂਨ ਦੇ ਸੈੱਲ ਬਣਾਉਣ ਵਿੱਚ ਵੀ ਮਦਦ ਕਰਦੇ ਹਨ।

➢ ਪ੍ਰੋਟੀਨ ਚਮੜੀ, ਨਹੁੰਆਂ ਅਤੇ ਵਾਲਾਂ ਦੀ ਸਿਹਤ ਲਈ ਵੀ ਜ਼ਿੰਮੇਵਾਰ ਹਨ।

➢ ਪ੍ਰੋਟੀਨ ਜ਼ਖ਼ਮ ਭਰਨ ਵਿੱਚ ਵੀ ਮਦਦ ਕਰਦੇ ਹਨ।

### ਪ੍ਰੋਟੀਨ ਦੀ ਕਮੀ

ਪ੍ਰੋਟੀਨ ਦੀ ਕਮੀ ਨਾਲ ਹੋਣ ਵਾਲੀ ਸਭ ਤੋਂ ਵੱਡੀ ਬੀਮਾਰੀ ਦਾ ਨਾਂ 'ਕਵੇਸ਼ਰਕਰ' ਹੈ। ਪ੍ਰੋਟੀਨ ਦੀ ਕਮੀ ਤੋਂ ਇਲਾਵਾ ਕੈਲਰੀ ਦੀ ਕਮੀ ਵੀ ਹੋ ਜਾਣ ਨਾਲ 'ਮੈਰਸਮਸ' ਨਾਂ ਦੀ ਬੀਮਾਰੀ ਹੋ ਜਾਂਦੀ ਹੈ। ਕਵੇਸ਼ਰਕਰ 'ਕੁਪੋਸ਼ਣ' ਦਾ ਹੀ ਇੱਕ ਰੂਪ ਹੈ।

ਭਾਰਤ ਵਿੱਚ 50 ਫ਼ੀਸਦੀ ਬੱਚਿਆਂ ਦੀ ਮੌਤ ਕੁਪੋਸ਼ਣ ਕਾਰਨ ਹੋ ਜਾਂਦੀ ਹੈ। ਸੰਸਾਰ ਭਰ ਵਿੱਚ ਹਰੇਕ ਤਿੰਨ ਕੁਪੋਸ਼ਣ ਦੇ ਸ਼ਿਕਾਰ ਬੱਚਿਆਂ ਵਿੱਚੋਂ ਇੱਕ ਬੱਚਾ ਸਾਡੇ ਦੇਸ਼ ਦਾ ਹੈ। ਇਹ ਗੰਭੀਰ ਬੀਮਾਰੀ ਆਮ ਕਰਕੇ 1-4 ਸਾਲ ਦੀ ਉਮਰ ਤਕ ਦੇ ਬੱਚਿਆਂ ਵਿੱਚ ਵੇਖਣ ਨੂੰ ਮਿਲਦੀ ਹੈ। ਇਹ ਜ਼ਿਆਦਾਤਰ ਵਿਕਾਸਸ਼ੀਲ ਅਤੇ ਅਵਿਕਸਿਤ ਦੇਸ਼ਾਂ ਵਿੱਚ ਪਾਈ ਜਾਂਦੀ ਹੈ। ਸਾਡੇ ਦੇਸ਼ ਵਿਚ ਖ਼ੁਰਾਕ ਵਿੱਚ ਪ੍ਰੋਟੀਨ ਦੀ ਕਮੀ ਦੇ ਮੁੱਖ ਕਾਰਨ ਗ਼ਰੀਬੀ, ਅਨਪੜ੍ਹਤਾ, ਲਿੰਗ ਭੇਦਭਾਵ, ਕੁਦਰਤੀ ਸੰਕਟ ਜਿਵੇਂ ਭੁੱਖਮਰੀ, ਸੋਕਾ ਆਦਿ ਹਨ। ਇਨ੍ਹਾਂ ਤੋਂ ਇਲਾਵਾ ਗੁਰਦਿਆਂ ਦੀ ਬੀਮਾਰੀ, ਸ਼ਰਾਬ ਦੀ ਲਤ, ਆਂਦਰਾਂ ਵਿੱਚ ਭੋਜਨ ਜਜ਼ਬ ਹੋਣ ਦੀ ਕਿਰਿਆ ਵਿੱਚ ਖ਼ਰਾਬੀ ਕਾਰਨ ਵੀ ਹੋ ਸਕਦੇ ਹਨ। ਜਾਗਰੂਕਤਾ ਦੀ ਘਾਟ ਹੋਣ ਕਰਕੇ ਮਾਵਾਂ ਬੱਚੇ ਨੂੰ ਆਪਣਾ ਪ੍ਰੋਟੀਨ ਭਰਪੂਰ ਦੁੱਧ ਦੇਣਾ ਛੇਤੀ ਹੀ ਛੁਡਾ ਦਿੰਦੀਆਂ ਹਨ, ਜਿਸ ਕਰਕੇ ਬੱਚੇ ਵਿੱਚ ਪ੍ਰੋਟੀਨ ਦੀ ਕਮੀ ਪੈਦਾ ਹੋ ਜਾਂਦੀ ਹੈ।

### ਲੱਛਣ

➢ ਜਲੋਧਰ ਰੋਗ (ਅਡੀਮਾ)

ਪ੍ਰੋਟੀਨ ਸਾਡੇ ਸਰੀਰ ਵਿੱਚ ਪਾਣੀ ਦਾ ਸੰਤੁਲਨ ਬਣਾਉਣ ਲਈ ਜ਼ਿੰਮੇਵਾਰ ਹੁੰਦੇ ਹਨ। ਇਨ੍ਹਾਂ ਦੀ ਕਮੀ ਕਾਰਨ ਪਾਣੀ ਖ਼ਾਸ ਕਰਕੇ ਲੱਤਾਂ, ਗਿੱਟਿਆਂ ਅਤੇ ਪੈਰਾਂ ਵਿੱਚ ਜਮ੍ਹਾਂ ਹੋਣ ਲੱਗ ਪੈਂਦਾ ਹੈ ਤੇ ਸਰੀਰ ਵਿੱਚ ਸੋਜ ਆਉਣ ਲੱਗ ਪੈਂਦੀ ਹੈ। ਕਵੇਸ਼ਰਕਰ ਦੇ ਮਰੀਜ਼ ਵਿੱਚ ਅਕਸਰ ਪੇਟ ਫੁੱਲਿਆ ਨਜ਼ਰ ਆਉਂਦਾ ਹੈ।

➢ ਮਾਸਪੇਸ਼ੀਆਂ ਵਿੱਚ ਕਮਜ਼ੋਰੀ



ਖ਼ੁਰਾਕ ਵਿੱਚ ਪ੍ਰੋਟੀਨ ਦੀ ਕਮੀ ਕਾਰਨ ਸਰੀਰ ਮਾਸਪੇਸ਼ੀਆਂ ਵਿੱਚੋਂ ਪ੍ਰੋਟੀਨ ਲੈਣ ਲੱਗ ਪੈਂਦਾ ਹੈ, ਜਿਸ ਕਰਕੇ ਮਰੀਜ਼ ਦਾ ਭਾਰ ਖਾਸਾ ਘੱਟ ਜਾਂਦਾ ਹੈ।

➢ ਹੱਡੀਆਂ ਅਤੇ ਜੋੜਾਂ ਦਾ ਦਰਦ

ਸਾਡਾ ਸਰੀਰ ਪ੍ਰੋਟੀਨ ਨੂੰ ਜੋੜਾਂ ਵਿੱਚ ਮੌਜੂਦ ਤਰਲ ਪਦਾਰਥਾਂ ਵਿੱਚ ਜਮ੍ਹਾਂ ਕਰਕੇ ਰੱਖਦਾ ਹੈ। ਸਰੀਰ ਵਿੱਚ ਪ੍ਰੋਟੀਨ ਦੀ ਕਮੀ ਹੋਣ 'ਤੇ ਜੋੜਾਂ ਵਿਚਲੇ ਪ੍ਰੋਟੀਨ ਭੰਡਾਰ ਖ਼ਤਮ ਹੋਣ ਲੱਗਦੇ ਹਨ ਤੇ ਇਸ ਕਰਕੇ ਜੋੜ ਜਾਮ ਹੋਣ ਮਗਰੋਂ ਦੁਖਣ ਲੱਗ ਪੈਂਦੇ ਹਨ। ਲੱਤਾਂ ਅਤੇ ਬਾਹਾਂ ਪਤਲੀਆਂ ਹੋ ਜਾਂਦੀਆਂ ਹਨ।

➢ ਅਨੀਮੀਆ

ਖ਼ੁਰਾਕ ਵਿੱਚ ਪ੍ਰੋਟੀਨ ਦੀ ਕਮੀ ਨਾਲ ਖ਼ੂਨ ਵਿੱਚ ਪਾਏ ਜਾਣ ਵਾਲ ਪ੍ਰੋਟੀਨ 'ਹੀਮੋਗਲੋਬਿਨ' ਦੀ ਕਮੀ ਹੋ ਜਾਂਦੀ ਹੈ, ਜਿਸ ਕਰਕੇ ਖ਼ੂਨ ਦੇ ਸੈੱਲ ਬਣਨੇ ਬੰਦ ਹੋ ਜਾਂਦੇ ਹਨ।

➢ ਵਾਲ ਝੜਨਾ

ਵਾਲਾਂ ਵਿਚਲਾ ਪ੍ਰੋਟੀਨ 'ਕੈਰੇਟਿਨ' ਭੋਜਨ ਵਿੱਚ ਪ੍ਰੋਟੀਨ ਦੀ ਕਮੀ ਕਾਰਨ ਨਹੀਂ ਬਣਦਾ ਜਿਸ ਕਰਕੇ ਵਾਲ ਬੇਹੱਦ ਪਤਲੇ, ਕਮਜ਼ੋਰ ਤੇ ਦੋ-ਮੂੰਹੇ ਹੋ ਜਾਂਦੇ ਹਨ।

➢ ਸੁਰੱਖਿਆ ਅਤੇ ਪਾਚਨ-ਤੰਤਰ ਵਿੱਚ ਕਮਜ਼ੋਰੀ

ਪ੍ਰੋਟੀਨ ਦੀ ਕਮੀ ਕਾਰਨ ਸਰੀਰ ਦੀ ਸੁਰੱਖਿਆ ਪ੍ਰਣਾਲੀ ਕਮਜ਼ੋਰ ਹੋ ਜਾਣ ਕਾਰਨ ਇਨਫੈਕਸ਼ਨ ਹੋਣ ਦਾ ਖ਼ਤਰਾ ਵਧ ਜਾਂਦਾ ਹੈ।

➢ ਦਸਤ

ਕਾਫ਼ੀ ਸਮੇਂ ਤਕ ਦਸਤ ਹੋਣ ਕਰਕੇ ਸਰੀਰ ਦਾ ਵਾਧਾ ਰੁਕ ਜਾਂਦਾ ਹੈ ਅਤੇ ਮਰੀਜ਼ ਹੱਡੀਆਂ ਦੀ ਮੁੱਠ ਬਣ ਕੇ ਰਹਿ ਜਾਂਦਾ ਹੈ।

➢ ਪ੍ਰੋਟੀਨ ਦੀ ਕਮੀ ਕਾਰਨ ਜ਼ਖ਼ਮ ਭਰਨ ਦੀ ਕਿਰਿਆ ਹੌਲੀ ਹੋ ਜਾਂਦੀ ਹੈ। ਕਵੇਸ਼ਰਕਰ ਦੇ ਮਰੀਜ਼ ਵਿੱਚ ਮਿਹਦੇ ਦਾ ਆਕਾਰ ਵੱਡਾ ਹੋ ਜਾਂਦਾ ਹੈ, ਜਿਸਨੂੰ 'ਫੈਟੀ ਲਿਵਰ' ਕਿਹਾ ਜਾਂਦਾ ਹੈ।

### ਪ੍ਰੋਟੀਨ ਦੀ ਘਾਟ ਦੇ ਲੱਛਣ

➢ ਚਮੜੀ ਦੇ ਰੰਗ ਵਿੱਚ ਕਈ ਤਰ੍ਹਾਂ ਦੇ ਬਦਲਾਅ ਆਉਂਦੇ ਹਨ। ਗੱਲਾਂ ਉੱਤੇ ਚਿੱਟੇ ਰੰਗ ਦੇ ਦਾਗ਼ ਪੈ ਜਾਂਦੇ ਹਨ। ਪੈਰਾਂ ਅਤੇ ਹੱਥਾਂ ਦੇ ਨਹੁੰਆਂ ਉੱਤੇ ਚਿੱਟੇ ਰੰਗ ਦੀਆਂ ਲਾਈਨਾਂ ਪ੍ਰੋਟੀਨ ਦੀ ਕਮੀ ਦੇ ਲੱਛਣ ਦਰਸਾਉਂਦੀਆਂ ਹਨ।

➢ ਪ੍ਰੋਟੀਨ ਦੀ ਕਮੀ ਕਾਰਨ ਦੰਦਾਂ ਨੂੰ ਕੀੜਾ ਲੱਗਣ ਦਾ ਖ਼ਤਰਾ ਵਧ ਜਾਂਦਾ ਹੈ ਅਤੇ ਥੁੱਕ ਬਣਾਉਣ ਵਾਲੀਆਂ ਗ੍ਰੰਥੀਆਂ 'ਤੇ ਵੀ ਬੁਰਾ ਪ੍ਰਭਾਵ ਪੈਂਦਾ ਹੈ। ਮਰੀਜ਼ ਵਿੱਚ ਪ੍ਰੋਟੀਨਾਂ ਦੀ ਕਮੀ ਕਾਰਨ ਚਿੰਤਾ, ਘਬਰਾਹਟ, ਤਣਾਅ, ਇੱਛਾ-ਸ਼ਕਤੀ ਦਾ ਖ਼ਤਮ ਹੋਣਾ, ਸਿਰਦਰਦ, ਬੇਹੋਸ਼ ਹੋ ਕੇ ਡਿੱਗਣਾ, ਨੀਂਦ ਨਾ ਆਉਣਾ ਆਦਿ ਲੱਛਣ ਵੀ ਪੈਦਾ ਹੋ ਜਾਂਦੇ ਹਨ।

### ਕਿੰਜ ਕਰੀਏ ਪ੍ਰੋਟੀਨ ਦੀ ਕਮੀ ਨੂੰ ਪੂਰਾ ?

ਪ੍ਰੋਟੀਨ ਦੀ ਕਮੀ ਨੂੰ ਸੰਤੁਲਿਤ ਖ਼ੁਰਾਕ ਲੈ ਕੇ ਪੂਰਾ ਕੀਤਾ ਜਾ ਸਕਦਾ ਹੈ। ਬੱਚਿਆਂ ਅਤੇ ਨੌਜਵਾਨਾਂ ਦੁਆਰਾ 'ਫਾਸਟ ਫੂਡ' ਦੀ ਵਾਧੂ ਵਰਤੋਂ ਮੋਟਾਪੇ ਦਾ ਕਾਰਨ ਬਣਨ ਤੋਂ ਇਲਾਵਾ ਕਈ ਹੋਰ ਬੀਮਾਰੀਆਂ ਨੂੰ ਵੀ ਸੱਦਾ ਦਿੰਦੀ ਹੈ। ਔਰਤਾਂ ਨੂੰ ਖ਼ਾਸ ਤੌਰ 'ਤੇ ਸਿਹਤ ਸਬੰਧੀ ਜਾਗਰੂਕ ਹੋਣ ਦੀ ਲੋੜ ਹੈ। ਅੱਜਕੱਲ੍ਹ ਪਤਲੇ ਹੋਣ ਦੀਆਂ ਚਾਹਵਾਨ ਔਰਤਾਂ ਰੋਟੀ-ਪਾਣੀ ਛੱਡ ਦਿੰਦੀਆਂ ਹਨ ਤੇ ਕੁਪੋਸ਼ਣ ਦਾ ਸ਼ਿਕਾਰ ਹੋ ਜਾਂਦੀਆਂ ਹਨ। ਸਾਨੂੰ ਰੋਜ਼ਾਨਾ ਖ਼ੁਰਾਕ ਵਿੱਚ ਪ੍ਰੋਟੀਨ ਨੂੰ ਸਹੀ ਮਾਤਰਾ ਵਿੱਚ ਸ਼ਾਮਲ ਕਰਨਾ ਚਾਹੀਦਾ ਹੈ ਜਿਵੇਂ ਅਨਾਜ, ਦਾਲਾਂ, ਮੂੰਗਫਲੀ, ਲੋਬੀਆ, ਸੋਇਆਬੀਨ, ਮਸਰ ਦੀ ਦਾਲ, ਦੁੱਧ, ਅੰਡੇ, ਪਨੀਰ, ਮੀਟ ਅਤੇ ਮੱਛੀ ਆਦਿ। ਦੁੱਧ ਅਤੇ ਦੁੱਧ ਤੋਂ ਬਣੇ ਪਦਾਰਥ ਜਿਵੇਂ ਪਨੀਰ ਪ੍ਰੋਟੀਨ ਭਰਪੂਰ ਹੁੰਦੇ ਹਨ ਅਤੇ ਸਰੀਰ ਦੁਆਰਾ ਆਸਾਨੀ ਨਾਲ ਹਜ਼ਮ ਹੋ ਜਾਂਦੇ ਹਨ। ਬੀਮਾਰੀ ਵਾਲੇ ਮਰੀਜ਼ਾਂ ਨੂੰ ਖ਼ਾਸ ਤੌਰ 'ਤੇ ਮਾਸਾਹਾਰੀ ਖ਼ੁਰਾਕ ਤੋਂ ਪਰਹੇਜ਼ ਕਰਨਾ ਚਾਹੀਦਾ ਹੈ। ਦਾਲਾਂ ਵਿੱਚੋਂ 'ਸੋਇਆਬੀਨ' ਪ੍ਰੋਟੀਨ ਦਾ ਸਭ ਤੋਂ ਵਧੀਆ ਸਰੋਤ ਹੈ।

ਸੋਇਆਬੀਨ ਵਿੱਚ ਮੀਟ ਨਾਲੋਂ ਦੁੱਗਣਾ ਤੇ ਅੰਡਿਆਂ ਨਾਲੋਂ ਚਾਰ ਗੁਣਾਂ ਵੱਧ ਪ੍ਰੋਟੀਨ ਹੁੰਦਾ ਹੈ। ਇਸ ਵਿੱਚ ਸਾਰੇ ਜ਼ਰੂਰੀ ਵਿਟਾਮਿਨ ਹੋਣ ਦੇ ਨਾਲ ਹੀ ਕਲੈਸਟਰੋਲ ਤੇ ਕਾਰਬੋਹਾਈਡ੍ਰੇਟਸ ਬਹੁਤ ਘੱਟ ਮਾਤਰਾ ਵਿੱਚ ਹੁੰਦੇ ਹਨ ਜਿਸ ਕਰਕੇ ਸੋਇਆਬੀਨ ਦੀ ਵਰਤੋਂ ਸ਼ੂਗਰ ਦੇ ਰੋਗੀ ਵੀ ਕਰ ਸਕਦੇ ਹਨ। ਜਿਹੜੇ ਬੱਚਿਆਂ ਨੂੰ ਗਾਂ ਜਾਂ ਮੱਝ ਦੇ ਦੁੱਧ ਤੋਂ ਐਲਰਜੀ ਹੋਵੇ, ਉਹ ਸੋਇਆਬੀਨ ਦੇ ਦੁੱਧ ਦਾ ਸੇਵਨ ਕਰ ਸਕਦੇ ਹਨ।

- ਡਾ. ਗੁਰਜੀਤਪਾਲ ਕੌਰ

## ਹੱਡੀ ਹੰਢਾਇਆ ਸੱਚ

# ਰੱਬ ਦਾ ਰੂਪ ਨਹੀਂ, ਕਸਾਈ ਬਣਦਾ ਜਾ ਰਿਹਾ ਡਾਕਟਰ

ਅਕਸਰ ਹੀ ਸਿਆਣਿਆਂ ਨੂੰ ਕਹਿੰਦੇ ਸੁਣਿਆ ਹੈ ਕਿ ਡਾਕਟਰ ਰੱਬ ਦਾ ਰੂਪ ਹੁੰਦੇ ਨੇ , ਡਾਕਟਰ ਤਾਂ ਮਰੇ ਬੰਦੇ ਵਿਚ ਜਾਨ ਪਾ ਦਿੰਦੇ ਹਨ, ਸ਼ਾਇਦ ਇਹ ਸੱਚ ਹੁੰਦਾ ਹੋਵੇਗਾ। ਪਿਛਲੇ ਸਮਿਆਂ 'ਚ ਜਦੋਂ ਡਾਕਟਰ ਪੈਸੇ ਦੇ ਲਾਲਚ ਤਿਆਗਕੇ ਮਰੀਜ਼ ਦਾ ਇਲਾਜ ਆਪਣਾ ਫਰਜ਼ ਸਮਝਕੇ ਕਰਦੇ ਹੋਣਗੇ। ਪਰ ਅੱਜ ਚਾਰੇ ਪਾਸੇ ਪੈਸੇ ਦੀ ਅੰਨ੍ਹੀ ਦੌੜ ਲੱਗੀ ਹੋਈ ਹੈ। ਅੱਜ ਦਾ ਡਾਕਟਰ ਰੱਬ ਦਾ ਰੂਪ ਨਹੀਂ ਬਲਕਿ ਚੰਦ ਛਿੱਲੜਾਂ ਬਦਲੇ ਕਸਾਈ ਦਾ ਰੂਪ ਧਾਰਨ ਕਰੀ ਬੈਠਾ ਹੈ। ਕਸਾਈ ਸ਼ਬਦ ਮੈਂ ਸਿਰਫ਼ ਉਨ੍ਹਾਂ ਡਾਕਟਰਾਂ ਲਈ ਵਰਤਿਆ ਜੋ ਸਿਰਫ਼ ਮਰੀਜ਼ ਦੇ ਇਲਾਜ ਦੇ ਨਾਂਅ 'ਤੇ ਸਿਰਫ਼ ਪੈਸਾ ਹੀ ਮੁੱਖ ਰੱਖਦੇ ਹਨ ਨਾ ਕਿ ਮਰੀਜ਼ ਦੀ ਤੰਦਰੁਸਤੀ। ਪਰ ਉਨ੍ਹਾਂ ਡਾਕਟਰਾਂ ਨੂੰ ਮੇਰੀ ਕਲਮ ਸਲਾਮ ਕਰਦੀ ਹੈ ਜੋ ਮਾਨਵਤਾ ਦੀ ਸੇਵਾ ਆਪਣਾ ਫਰਜ਼ ਸਮਝਕੇ ਕਰਦੇ ਹਨ। ਹਰ ਪਾਸੇ ਤੋ ਲੋਕਾਂ ਤੋਂ ਸੁਣਿਆ ਜਾਂਦਾ ਹੈ ਕਿ ਅਸੀਂ ਬਹੁਤ ਤਰੱਕੀ ਕਰ ਲਈ ਹੈ, ਹਰ ਸ਼ਹਿਰ, ਕਸਬੇ, ਮੰਡੀਆਂ ਵਿਚ ਕਈ-ਕਈ ਮੰਜ਼ਿਲਾਂ ਦੀ ਆਲੀਸ਼ਾਨ ਇਮਾਰਤਾਂ ਉਪਰ ਵੱਡੇਵੱਡੇ ਬੋਰਡ ਫਲਾਣੀ ਬਿਮਾਰੀ ਦੇ ਮਾਹਿਰ, ਸਪੈਸ਼ਲਿਸਟ, ਹਸਪਤਾਲ ਅੰਦਰ ਏ. ਸੀ. ਰੂਮੀ, ਟੈਲੀਵਿਜ਼ਨ ਅਤੇ ਹਰ ਸੁੱਖ ਸਹੂਲਤ ਦਾ ਦਿਖਾਵਾ ਕੀਤਾ ਜਾਂਦਾ ਹੈ। ਪੈਸੇ ਵਾਲੇ ਲੋਕ ਤਾਂ ਆਪਣੀ ਛੋਟੀ-ਮੋਟੀ ਬਿਮਾਰੀ ਸਮੇਂ ਇਨ੍ਹਾਂ ਹਸਪਤਾਲਾਂ ਵਿਚ ਇੰਜ ਜਾਂਦੇ ਹਨ, ਜਿਵੇਂ ਪਿਕਨਿਕ ਮਨਾਉਣ ਆਏ ਹੋਣ, ਪਰ ਜਦ ਇੰਨ੍ਹਾਂ ਹਸਪਤਾਲਾਂ ਵਿਚ ਕੋਈ ਸਾਧਾਰਨ ਜਾਂ ਗਰੀਬ ਫਸ ਜਾਂਦਾ ਹੈ ਤਾਂ ਉਸਦੀ ਮੋਟੀ ਛਿੱਲ ਲਾਹੀ ਜਾਂਦੀ ਹੈ। ਸ਼ਹਿਰਾਂ ਦੇ ਨਿੱਜੀ ਹਸਪਤਾਲਾਂ ਵਿਚੋਂ ਆਮ ਵਿਅਕਤੀ ਤਾਂ ਇਲਾਜ ਕਰਵਾ ਹੀ ਨਹੀਂ ਸਕਦਾ। ਜਿੰਨ੍ਹੇ ਪੈਸੇ ਡਾਕਟਰ ਨੇ ਮੂੰਹੋਂ ਮੰਗ ਲਏ ਦੇਣੇ ਪੈਣਗੇ। ਉਪਰੋਂ ਹਰੇਕ ਹਸਪਤਾਲ ਵਿਚ ਖੁੱਲੀਆਂ ਦਵਾਈਆਂ ਦੀਆਂ ਦੁਕਾਨਾਂ 'ਚੋਂ ਵੀ ਡਾਕਟਰਾਂ ਨੂੰ ਮੋਟਾ ਕਮਿਸ਼ਨ ਮਿਲਦਾ ਹੈ। 10 ਰੁਪਏ ਦਵਾਈ ਦਾ ਪੱਤਾ 50 ਰੁਪਏ ਯਾਨਿ ਡਾਕਟਰ ਦੇ ਨਾਲ ਨਾਲ ਮੈਡੀਕਲ ਸਟੋਰਾਂ ਵਾਲੇ ਵੀ ਲੁੱਟ ਕਰਦੇ ਹਨ। ਇਹ ਰੱਬ ਦਾ ਰੂਪ ਸਮਝੇ ਜਾਣ ਵਾਲੇ ਡਾਕਟਰ ਤਾਂ ਕਈ ਵਾਰ ਮਰੇ ਬੰਦੇ ਨੂੰ ਵੀ ਕਈ-ਕਈ ਦਿਨ ਵੈਂਟੀਲੇਟਰ ਸ਼ੀਸ਼ੇ ਵਾਲੇ ਕੈਬਿਨ ਵਿਚ ਰੱਖਕੇ ਪੀੜ੍ਹਤ ਪਰਿਵਾਰ ਦੀ ਚੰਗੀ ਛਿੱਲ ਲਾਹੁੰਦੇ ਹਨ। ਅਨੇਕਾਂ ਵਾਰ ਡਾਕਟਰਾਂ ਦੀ ਅਣਗਹਿਲੀ ਕਾਰਨ ਮਰੇ ਵਿਅਕਤੀਆਂ ਦੇ ਪਰਿਵਾਰ ਹਸਪਤਾਲਾਂ ਅੱਗੇ ਧਰਨੇ ਲਾਉਂਦੇ ਹਨ ਡਾਕਟਰ ਦਾ ਪਿੱਟ ਸਿਆਪਾ ਕਰਦੇ ਦੇਖੇ ਹਨ। ਪਰ ਡਾਕਟਰ ਆਪਣੇ ਅਸਰ ਰਸੂਖ ਨਾਲ ਸਾਫ਼ ਬਰੀ ਹੋ ਜਾਂਦਾ ਹੈ ਕਿਉਂਕਿ ਜ਼ਿਲ੍ਹਾ ਪ੍ਰਸ਼ਾਸ਼ਨ ਦੇ ਅਧਿਕਾਰੀਆਂ ਨੂੰ ਵੀ ਐਸੇ ਡਾਕਟਰਾਂ ਦੀ ਲੋੜ ਹੁੰਦੀ ਹੈ। ਇੰਨ੍ਹਾਂ ਡਾਕਟਰਾਂ ਨੇ ਆਪਣੀ ਯੂਨੀਅਨ ਵੀ ਬਣਾਈ ਹੋਈ ਹੈ। ਵੈਸੇ ਤਾਂ ਪੰਜਾਬ ਦੇ ਹਰ ਸ਼ਹਿਰ ਵਿਚਲੇ ਵੱਡੇ-ਵੱਡੇ ਹਸਪਤਾਲ ਆਮ ਲੋਕਾਂ ਦੀ ਲੁੱਟ ਦੇ ਅੱਡੇ ਬਣੇ ਹੋਏ ਹਨ ਪਰ ਬਠਿੰਡਾ ਵਿਚ ਵੀ ਕੁਝ ਐਸੇ ਹਸਪਤਾਲ ਹਨ ਜਿਨ੍ਹਾਂ ਦੇ ਮੁੱਖੀਆਂ ਉਪਰ ਕਈ ਵਾਰ ਮਰੀਜ਼ਾਂ ਨੂੰ ਅਣਗਹਿਲੀ ਕਰਕੇ ਮਾਰਨ ਦੀਆਂ ਖ਼ਬਰਾਂ ਮੀਡੀਏ ਵਿਚ ਨਸ਼ਰ ਹੋਈਆਂ ਹਨ। ਮੈਂ ਉਨ੍ਹਾਂ ਲੋਕਾਂ ਪਾਸੋਂ ਪੁੱਛਣਾ ਚਾਹੁੰਦਾ ਹਾਂ ਜੋ ਡਾਕਟਰ ਨੂੰ ਰੱਬ ਦੀ ਉਪਾਧੀ ਦਿੰਦੇ ਹਨ ਕਿ ਡਾਕਟਰ ਤਾਂ ਮਰੀਜ਼ ਦਾ ਇਲਾਜ, ਅਪਰੇਸ਼ਨ, ਮੋਟੇ ਪੈਸੇ ਲੈ ਕੇ ਕਰਦਾ ਹੈ ਫੇਰ ਵੀ ਅਸੀਂ ਉਸਦਾ ਧੰਨਵਾਦ ਕਰਦੇ ਹਾਂ ਕਿ ਅਕਾਲ ਪੁਰਖ, ਅੱਲਾ, ਰਾਮ ਦਾ ਸ਼ੁਕਰ ਕੀਤਾ ਹੈ ਜਿਸਨੇ ਸਾਨੂੰ ਮਨੁੱਖਾ ਦੇਹੀ ਜਿਸ ਵਿਚ ਹੱਥ, ਪੈਰ, ਨੱਕ, ਕੰਨ, ਮੂੰਹ ਬਲਕਿ ਸਰੀਰ ਨੂੰ ਚਲਾਉਣ ਵਾਲਾ ਹਰੇਕ ਅੰਗ ਦੇ ਕੇ ਦੁਨੀਆਂ ਵਿਚ ਭੇਜਿਆ ਹੈ। ਸਵਾਸਥ, ਸਰੀਰ, ਮਾਨਵਤਾ ਦੀ ਸੇਵਾ ਕਰਨ ਲਈ ਹੱਥ ਪੈਰ, ਚੰਗਾ ਕਰਨ ਲਈ ਦਿਮਾਗ, ਚੰਗਾ ਸੁਣਨ ਲਈ ਕੰਨ ਅਤੇ ਚੰਗਾ ਬੋਲਣ ਲਈ ਮੂੰਹ ਦਿੱਤਾ ਹੈ। ਕੀ ਕਦੇ ਉਸ ਅਕਾਲ ਪੁਰਖ ਦਾ ਦੋ ਪਲ ਸ਼ੁਕਰੀਆ ਅਦਾ ਕੀਤਾ ਹੈ। ਜਿਸ ਨੇ ਬਿਨ੍ਹਾਂ ਪੈਸੇ, ਬਿਨ੍ਹਾਂ ਕਿਸੇ ਸਵਾਰਥ ਲਈ ਇਸ ਸੰਸਾਰ ਵਿਚ ਭੇਜਿਆ ਹੈ। ਫੇਰ ਉਸ ਡਾਕਟਰ ਦਾ ਧੰਨਵਾਦ ਜਾਂ ਡਾਕਟਰ ਰੱਬ ਦਾ ਰੂਪ ਕਿਉਂ ? ਜੋ ਸਾਡੇ ਇਲਾਜ ਦੇ ਨਾਂਅ 'ਤੇ ਅੰਨ੍ਹੀ ਲੁੱਟ ਕਰਦਾ ਹੈ।



ਹੁਣ ਮੈਂ ਆਪਣੇ ਪਾਠਕਾਂ ਨਾਲ ਰੱਬ ਦਾ ਰੂਪ ਸਮਝੇ ਜਾਣ ਵਾਲੇ ਡਾਕਟਰ ਬਾਰੇ ਆਪਣੀ ਹੱਡਬੀਤੀ ਸਾਂਝੀ ਕਰਨ ਜਾ ਰਿਹਾ ਹਾਂ। ਇਸ ਰੱਬ ਦੇ ਰੂਪ ਡਾਕਟਰ ਨੇ ਜਿੱਥੇ ਮੇਰੀ ਇਲਾਜ ਦੇ ਨਾਂਅ 'ਤੇ ਮੋਟੀ ਛਿੱਲ ਲਾਹੀ ਉਥੇ ਮੈਨੂੰ ਨਕਾਰਾ ਬਣਾ ਦਿੱਤਾ। ਘਟਨਾ 2 ਦਸੰਬਰ 2011 ਦੀ ਹੈ ਜਦੋਂ ਮੈਨੂੰ ਰਾਤ ਦੇ ਦੋ ਵਜੇ ਅਟੈਕ ਹੋ ਗਿਆ ਸੀ, ਮੈਨੂੰ ਰਾਤ ਸਮੇਂ ਬਠਿੰਡਾ ਦੇ ਇਕ ਨਿੱਜੀ ਹਸਪਤਾਲ ਵਿਚ ਦਾਖ਼ਲ ਕਰਵਾ ਦਿੱਤਾ। ਪਹਿਲਾਂ ਤਾਂ ਡਾਕਟਰ ਨੇ ਮੇਰੀ ਨਾਜ਼ੁਕ ਹਾਲਤ ਦੇਖਕੇ ਜ਼ਿੰਮੇਵਾਰੀ ਨਾ ਲਈ ਪਰ ਫੇਰ ਇਲਾਜ ਸ਼ੁਰੂ ਕਰ ਦਿੱਤਾ। ਮੈਨੂੰ ਕੋਈ ਸੁਰਤ ਨਹੀਂ ਸੀ ਮੇਰੇ ਪਰਿਵਾਰਿਕ ਮੈਂਬਰਾਂ ਦੇ ਦੱਸਣ ਮੁਤਾਬਿਕ ਮੈਨੂੰ ਐਮਰਜੈਂਸੀ ਰੂਮ ਵਿਚ ਆਈ. ਸੀ. ਯੂ. ਵਿਚ ਆਕਸੀਜਨ ਦੇ ਕੇ ਪਾਇਆ ਗਿਆ। 16 ਘੰਟਿਆਂ ਬਾਅਦ ਮੈਨੂੰ ਹੋਸ਼ ਆਵੁਣੀ ਸ਼ੁਰੂ ਹੋਈ ਤਾਂ ਮੇਰੇ ਮੋਢੇ ਤੋਂ ਪੀੜ੍ਹਾਂ ਸ਼ੁਰੂ ਹੋ ਗਈਆਂ। ਬਠਿੰਡਾ ਦੇ ਹੀ ਗੁਰਦੇਵ ਹੱਡੀਆਂ ਦੇ ਮਾਹਿਰ ਡਾਕਟਰ ਨੂੰ ਦਿਖਾਇਆ ਤਾਂ ਉਸਨੇ ਮੇਰਾ ਮੋਢਾ ਟੋਹਕੇ ਕਿਹਾ ਕਿ ਮੋਢੇ ਦੀ ਹੱਡੀ ਟੁੱਟਕੇ ਅੰਦਰ ਧਸ ਗਈ ਹੈ। ਅਪਰੇਸ਼ਨ ਹੋਵੇਗਾ। ਪਰ ਇਸ ਦਾ ਦਿਲ ਦੀ ਬਿਮਾਰੀ ਦਾ ਇਲਾਜ ਚੱਲ ਰਿਹਾ ਹੈ ਪਹਿਲਾਂ ਉਧਰੋਂ ਇਲਾਜ ਕਰਵਾਓ। 4 ਦਸੰਬਰ ਨੂੰ ਮੈਨੂੰ ਦਿਲ ਦੀਆਂ ਬਿਮਾਰੀਆਂ ਦੇ ਮਾਹਿਰ ਡਾਕਟਰ ਨੇ ਛੁੱਟੀ ਦੇ ਦਿੱਤੀ ਤਾਂ ਬਠਿੰਡਾ ਦੇ ਗਣੇਸ਼ਾ ਬਸਤੀ ਨੇੜਲੇ ਗੁਰਦੇਵ ਹੱਡੀਆਂ ਅਤੇ ਜੋੜਾਂ ਦੇ ਹਸਪਤਾਲ ਵਿਚ ਦਾਖ਼ਲ ਕਰਵਾ ਦਿੱਤਾ। ਕਿਉਂਕਿ ਡਾਕਟਰ ਨੂੰ ਪਤਾ ਸੀ ਕਿ ਮਰੀਜ਼ ਪੱਤਰਕਾਰ ਹੈ ਉਸਨੇ ਆਨਾ ਕਾਨੀ ਕਰਨੀ ਸ਼ੁਰੂ ਕਰ ਦਿੱਤੀ। ਮੇਰੀ ਮਾਤਾ ਅਤੇ ਮੇਰੀ ਪਤਨੀ ਨੇ ਡਾਕਟਰ ਅੱਗੇ ਤਰਲੇ ਕੀਤੇ ਤਾਂ ਡਾਕਟਰ ਅਪਰੇਸ਼ਨ ਲਈ ਮੰਨ ਗਿਆ। ਡਾਕਟਰ ਨੇ ਆਪਣੇ ਕਮਰੇ ਜਿੱਥੇ ਮਰੀਜ਼ਾਂ ਦੀ ਜਾਂਚ ਕਰਦਾ ਸੀ ਵਿਚ ਗੁਰਬਾਣੀ ਦੇ ਪਵਿੱਤਰ ਵਾਕ ਅਤੇ ਗੁਰੂ ਸਾਹਿਬਾਨਾਂ ਦੀਆਂ ਵੱਡ ਅਕਾਰੀ ਤਸਵੀਰਾਂ ਲਾ ਰੱਖੀਆਂ ਸਨ ਤਾਂ ਕਿ ਮਰੀਜ਼ ਨੂੰ ਪਹਿਲੀ ਨਜ਼ਰੇ ਪਤਾ ਲੱਗ ਸਕੇ ਕਿ ਡਾਕਟਰ ਧਾਰਮਿਕ ਬਿਰਤੀ ਵਾਲਾ ਗੁਰਸਿੱਖ ਬੰਦਾ ਹੈ। ਉਸ ਦਿਨ ਮੇਰੇ ਮੋਢੇ ਦਾ ਚਾਰ ਘੰਟਿਆਂ ਦੀ ਜੱਦੋ ਜਹਿਦ ਬਾਅਦ ਅਪਰੇਸ਼ਨ ਹੋ ਗਿਆ। ਮੈਂ ਆਪਣੀ ਪਹਿਲੀ ਬਿਮਾਰੀ ਕਰਕੇ ਅਤੇ ਅਪਰੇਸ਼ਨ ਦੌਰਾਨ ਲੱਗੀਆਂ ਬੇਹੋਸ਼ੀ ਦੀਆਂ ਦਵਾਈਆਂ ਕਾਰਨ ਜਦੋਂ ਦੂਜੇ ਦਿਨ ਕੁਝ ਹੋਸ਼ ਵਿਚ ਆਇਆ ਤਾਂ ਮੈਂ ਮੇਰੀ ਧਰਮਪਤਨੀ ਕੁਲਦੀਪ ਕੌਰ ਨੂੰ ਕਿਹਾ ਕਿ ਭਾਈ ਘਨੱਈਆ ਸਕੀਮ ਤਹਿਤ ਮੇਰਾ ਬੀਮਾ ਹੋਇਆ ਹੈ ਕੀ ਤੁਸੀਂ ਡਾਕਟਰ ਨੂੰ ਮੇਰਾ ਬੀਮਾ ਕਾਰਡ ਦਿਖਾ ਦਿੱਤਾ ਤਾਂ ਮੇਰੀ ਪਤਨੀ ਅਤੇ ਮੇਰੀ ਬੀਬੀ ਜੀ ਨੇ ਕਿਹਾ ਕਿ ਅਸੀਂ ਤਾਂ ਡਰਦੇ ਮਾਰਿਆ ਨੇ ਡਾਕਟਰ ਨੂੰ ਤੇਰੇ ਬੀਮੇ ਬਾਰੇ ਨਹੀਂ ਦੱਸਿਆ ਕਿ ਡਾਕਟਰ ਕਿਤੇ ਤੇਰੇ ਅਪਰੇਸ਼ਨ ਤੋਂ ਹੀ ਜਵਾਬ ਨਾ ਦੇ ਦੇਵੇ ਜਾਂ ਕਿਤੇ ਇਲਾਜ ਹੀ ਸਹੀ ਢੰਗ ਨਾਲ ਨਾ ਕਰੇ। ਇਸ ਲਈ ਨਹੀਂ ਦੱਸਿਆ। ਮੈਂ ਕਿਹਾ ਕਿ ਮੇਰੇ ਬੀਮੇ ਕਾਰਨ ਡਾਕਟਰ ਦਾ ਕੋਈ ਨੁਕਸਾਨ ਨਹੀਂ ਹੋਣਾ ਸੀ ਸਗੋਂ ਡਾਕਟਰ ਨੂੰ ਤਾਂ ਅਪਰੇਸ਼ਨ ਅਤੇ ਮੇਰੇ ਇਲਾਜ ਕਰਨ ਦੇ ਬੀਮਾ ਕੰਪਨੀ ਤੋਂ ਪੈਸੇ ਮਿਲ ਜਾਣੇ ਸਨ। ਸੋ ਮੈਂ ਬੀਮੇ ਸੰਬਧੀ ਡਾਕਟਰ ਗੁਰਦੇਵ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਕਿਹਾਕਿ ਤੁਸੀਂ ਆਪਣਾ ਬੀਮਾ ਕਾਰਡ, ਵੋਟ ਕਾਰਡ ਮੈਨੂੰ ਦਿਓ ਮੈਂ ਬੀਮਾ ਕੰਪਨੀ ਨੂੰ ਲਿਖਕੇ ਭੇਜ ਦਿੰਦਾ ਹਾਂ। ਮੈਂ ਆਪਣੇ ਸਾਰੇ ਕਾਗਜ਼ ਡਾਕਟਰ ਨੂੰ ਫੜਾ ਦਿੱਤੇ। ਡਾਕਟਰ ਦੇ ਕੰਪਾਊਡਰ ਗੁਰਮੇਲ ਸਿੰਘ ਜਿਸਨੂੰ ਮੈਂ ਆਪਣਾ ਵਧੀਆ ਦੋਸਤ ਮੰਨਦਾ ਸੀ ਨੇ ਬੀਮਾ ਕੰਪਨੀ ਨੂੰ ਈਮੇਲ ਕਰ ਦਿੱਤੀ। ਦੂਜੇ-ਤੀਜੇ ਦਿਨ ਬੀਮਾ ਕੰਪਨੀ ਤੋਂ ਇਕ ਮੁਲਾਜ਼ਮ ਆਇਆ ਤਾਂ ਉਸਨੇ ਮੇਰੇ ਅਪਰੇਸ਼ਨ ਵਾਲੇ ਮੋਢੇ ਤੋਂ ਪੱਟੀਆਂ ਲਹਾਕੇ ਫੋਟੋ ਅਤੇ ਪੂਰੀ ਜਾਂਚ ਪੜ੍ਹਤਾਲ ਕਰਨ ਉਪਰੰਤ ਮੈਥੋਂ ਇਕ ਫ਼ਾਰਮ ਤੇ ਦਸਤਖਤ ਕਰਵਾਕੇ ਡਾਕਟਰ ਨੂੰ ਫਾਰਮ ਫੜਾ ਦਿੱਤਾ ਕਿ ਜਲਦੀ ਇਲਾਜ ਦੀ ਸਾਰੀ ਫ਼ਾਇਲ ਬਣਾਕੇ ਸਾਡੀ ਕੰਪਨੀ ਨੂੰ ਭੇਜੀ ਜਾਵੇ। ਪਰ ਮੈਨੂੰ ਬਾਅਦ ਵਿਚ ਪਤਾ ਚੱਲਿਆ ਕਿ ਡਾਕਟਰ ਨੇ ਮੇਰੇ ਪਰਿਵਾਰ ਤੋਂ ਮੈਨੂੰ ਛੁੱਟੀ ਦੇਣ ਤੱਕ ਹਜ਼ਾਰਾਂ ਰੁਪਏ ਲੈ ਲਏ ਹਨ। ਮੈਂ ਡਾਕਟਰ ਨਾਲ ਇਸ ਸਬੰਧੀ ਗੱਲਬਾਤ ਕੀਤੀ ਤਾਂ ਉਨ੍ਹਾਂ ਕਿਾ ਕਿ ਤੇਰੀ ਬੀਮਾ ਕੰਪਨੀ ਨੂੰ ਫਾਇਲ ਭੇਜ ਦਿੱਤੀ ਹੈ, ਬੀਮਾ ਮਿਲਣ ਤੱਕ ਕਈ ਦਿਨ ਜਾਂ ਮਹੀਨੇ ਵੀ ਲੱਗ ਸਕਦੇ ਹਨ। ਮੈਨੂੰ ਛੁੱਟੀ ਮਿਲਣ ਤੋਂ ਬਾਅਦ ਵੀ ਮੇਰੇ ਮੋਢੇ ਉਪਰ ਹਰ ਹਫ਼ਤੇ ਪੱਟੀ ਬਦਲੀ ਜਾਂਦੀ ਮੈਂ ਹਰ ਵਾਰ ਡਾਕਟਰ ਤੋਂ ਆਪਣੇ ਬੀਮੇ ਦੇ ਪੈਸੇ ਬਾਰੇ ਪੁੱਛਦਾ ਤਾਂ ਦੋ-ਤਿੰਨ ਮਹੀਨਿਆਂ ਬਾਅਦ ਡਾਕਟਰ ਕਹਿਣ ਲੱਗਿਆ ਤੂੰ ਪੱਤਰਕਾਰ ਏ ਬੀਮਾ ਕੰਪਨੀ 'ਤੇ ਕੇਸ ਕਰ ਦੇ, ਮੈਂ ਬੀਮਾ ਕੰਪਨੀ ਤੋਂ ਜਦ ਤਿੰਨ ਕੁ ਮਹੀਨਿਆਂ ਬਾਅਦ ਆਪਣੇ ਬੀਮੇ ਬਾਰੇ ਪਤਾ ਕੀਤਾ ਤਾਂ ਉਨ੍ਹਾਂ ਕਿਹਾ ਕਿ ਸਾਡੇ ਕੋਲ ਅਜੇ ਤੱਕ ਤੇਰੇ ਬੀਮੇ ਦੀ ਡਾਕਟਰ ਨੇ ਫਾਇਲ ਹੀ ਨਹੀਂ ਭੇਜੀ। ਮੈਂ ਜਦ ਡਾਕਟਰ ਦੇ ਸਹਾਇਕ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਤੇਰੀ ਫਾਇਲ ਗੁੰਮ ਹੋ ਗਈ ਹੈ, ਉਹ ਮੈਨੂੰ ਫਾਇਲ ਲੱਭਣ ਕੇ ਕਈ ਮਹੀਨੇ ਲਾਰੇ ਲਾਉਂਦਾ ਰਿਹਾ। ਅਖ਼ੀਰ ਫਾਇਲ ਗੁੰਮ ਹੋਣ ਬਾਰੇ ਮੈਂ ਡਾਕਟਰ ਨੂੰ ਦੱਸ ਦਿੱਤਾ ਤਾਂ ਉਨ੍ਹਾਂ ਕਿਹਾ ਕਿ ਛੱਡ ਯਾਰ ਬੀਮੇ ਦੀ ਗੱਲ, ਬੀਮਾ ਕੰਪਨੀ ਨੇ ਕਿਹੜਾ ਤੈਨੂੰ ਕੁਝ ਦੇਣਾ ਸੀ। ਉਨ੍ਹਾਂ ਅਪਰੇਸ਼ਨ ਅਤੇ ਦਵਾਈਆਂ, ਐਕਸਰੇ, ਪੱਟੀਆਂ ਦੇ ਨਾਂਅ 'ਤੇ ਮੇਰੀ ਪੂਰੀ ਲੁੱਟ ਕੀਤੀ। ਮੇਰੇ ਚਾਚਾ ਜੀ ਜੋ ਡਾਕਟਰ ਦਾ ਚੰਗਾ ਦੋਸਤ ਸੀ, ਉਸਨੇ ਹੀ ਮੈਨੂੰ ਹਸਪਤਾਲ ਵਿਚ ਦਾਖ਼ਲ ਕਰਵਾਇਆ ਸੀ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਡਾਕਟਰ ਨਾਲ 20-25 ਸਾਲਾਂ ਦੀ ਬਣੀ ਹੈ, ਛੱਡ ਪਰੇ ਬੀਮੇ ਬਾਰੇ ਮੇਰਾ ਡਾਕਟਰ ਨਾਲ ਫ਼ਰਕ ਪੈ ਜਾਵੇਗਾ। ਪਰ ਮੈਂ ਚੁੱਪ ਕਰਕੇ ਬੈਠਣ ਵਾਲਾ ਨਹੀਂ ਸੀ। ਇਹ ਗੱਲ ਸਾਫ਼ ਹੋ ਗਈ ਸੀ ਕਿ ਡਾਕਟਰ ਨੇ ਹੀ ਬੇਈਮਾਨੀ ਕਰਕੇ ਮੇਰੀ ਫਾਇਲ ਉਪਰ ਭੇਜੀ ਹੀ ਨਹੀਂ ਸੀ। ਕਿਉਂਕਿ ਉਸ ਨੇ ਸਾਡੇ ਕੋਲੋਂ ਅਪਰੇਸ਼ਨ ਦੇ ਨਾਂਅ 'ਤੇ ਹਜ਼ਾਰਾਂ ਰੁਪਏ ਲੈ ਲਏ ਸਨ। ਮੈਂ ਆਪਣੇ ਪੱਤਰਕਾਰ ਦੋਸਤਾਂਤੱਕ ਇਹ ਮਾਮਲਾ ਡਾਕਟਰ ਤੱਕ ਪਹੁੰਚਾਇਆ ਪਰ ਉਸ ਨੇ ਕਿਹਾ ਕਿ ਮੈਂ ਫਾਇਲ ਉਪਰ ਭੇਜੀ ਹੈ। ਮੈਂ ਕੁਝ ਨਹੀਂ ਕਰ ਸਕਦਾ। ਪਰ ਹੌਲੀ-ਹੌਲੀ ਜਦ ਪੱਤਰਕਾਰਾਂ ਦਾ ਡਾਕਟਰ ਉਪਰ ਦਬਾਅ ਪੈ ਗਿਆ ਤਾਂ ਉਸ ਨੇ ਕਿਹਾ ਕਿ ਫਾਇਲ ਗੁੰਮ ਹੋ ਗਈ ਹੈ ਮੈਂ ਕੁਝ ਨਹੀਂ ਕਰ ਸਕਦਾ। ਡਾਕਟਰ ਨੇ ਫੇਰ ਮੇਰੇ ਚਾਚਾ ਕਿੱਕਰ ਸਿੰਘ ਜੋ ਇਸ ਘਟਨਾ ਤੋਂ ਤਿੰਨ ਸਾਲ ਬਾਅਦ 25 ਦਸੰਬਰ 2013 ਨੂੰ ਕਿਸੇ ਬਿਮਾਰੀ ਕਾਰਨ ਮੌਤ ਦੇ ਮੂੰਹ ਜਾ ਪਿਆ ਨੇ ਮੇਰੇ ਉਪਰ ਦਬਾਅ ਪਵਾਇਆ ਕਿ ਤੂੰ ਡਾਕਟਰ ਖਿਲਾਫ਼ ਕੋਈ ਕਾਰਵਾਈ ਨਾ ਕਰ, ਨਹੀਂ ਤਾਂ ਆਪਣਾ ਕੋਈ ਰਿਸ਼ਤਾ ਨਹੀਂ, ਏਥੋਂ ਤੱਕ ਕਿ ਡਾਕਟਰ ਨੇ ਮੇਰੇ ਰਿਸ਼ਤੇਦਾਰਾਂ ਰਾਂਹੀ ਵੀ ਕੋਈ ਕਾਰਵਾਈ ਨਾ ਕਰਨ ਲਈ ਮੇਰੇ ਉਪਰ ਦਬਾਅ ਪਵਾਇਆ। ਜਦੋਂ ਮੇਰੀ ਬੀਬੀ ਜੀ ਨੂੰ ਇਸ ਬਾਰੇ ਮੇਰੇ ਚਾਚਾ ਜੀ ਨੇ ਦੱਸਿਆ ਤਾਂ ਮੇਰੀ ਬੀਬੀ ਜੀ ਕਹਿਣ ਲੱਗੀ ਕਿ ਤੂੰ ਬਚ ਗਿਆ। ਪੈਸਾ ਬੰਦੇ ਤੋਂ ਵੱਡਾ ਨਹੀਂ ਹੁੰਦਾ। ਜੇਕਰ ਤੈਨੂੰ ਕੁਝ ਹੋ ਜਾਂਦਾ ਫੇਰ ਕੀ ਅਸੀਂ ਕਰ ਲੈਂਦੇ। ਡਾਕਟਰਾਂ ਤੱਕ ਕਦੇ ਵੀ ਕੋਈ ਕੰਮ ਪੈ ਸਕਦਾ ਹੈ। ਤੂੰ ਡਾਕਟਰ ਉਪਰ ਕੋਈ ਕਾਰਵਾਈ ਨਹੀਂ ਕਰਨੀ। ਮੇਰੀ ਧਰਮਪਤਨੀ ਕੁਲਦੀਪ ਕੌਰ ਨੇ ਵੀ ਕਿਹਾ ਕਿ ਡਾਕਟਰ ਉਪਰ ਕੋਈ ਕਾਰਵਾਈ ਨਹੀਂ ਕਰਨੀ ਤੂੰ ਸਹੀ ਸਲਾਮਤ ਏਂ, ਪੈਸੇ ਦਾ ਕੀ ਏ, ਬਥੇਰਾ ਆਈ ਜਾਈ ਜਾ ਰਿਹਾ ਹੈ। ਪਰ ਮੈਨੂੰ ਡਾਕਟਰ ਉਪਰ ਇਸ ਗੱਲ ਦਾ ਗਿਲਾ ਸੀ ਕਿ ਡਾਕਟਰ ਨੇ ਆਪਣੇ ਫਰਜ਼ ਤੋਂ ਕੋਤਾਹੀ ਵਰਤੀ ਹੈ। ਮੇਰੇ ਪਰਿਵਾਰ ਨੇ ਮੇਰੇ ਇਲਾਜ ਲਈ ਕਰਜ਼ਾ ਚੁੱਕ ਕੇ ਡਾਕਟਰ ਨੂੰ ਦਿੱਤਾ ਹੈ। ਡਾਕਟਰ ਉਪਰ ਅਗਲੀ ਕਾਰਵਾਈ ਲਈ ਮੈਂ ਆਪਣੇ ਪੱਤਰਕਾਰ ਦੋਸਤਾਂ ਨਾਲ ਮਿਲਕੇ ਬਠਿੰਡਾ ਦੇ ਐਸ. ਐਸ. ਪੀ. ਅੱਗੇ ਪੇਸ਼ ਹੋ ਗਿਆ ਤਾਂ ਉਸ ਨੇ ਥਾਣਾ ਕੋਤਵਾਲੀ ਇੰਚਾਰਜ ਨੂੰ ਮਾਮਲੇ ਦੀ ਜਾਂਚ ਲਈ ਲਿਖ ਦਿੱਤਾ। ਥਾਣਾ ਮੁੱਖੀ ਨੇ ਮੈਨੂੰ ਮਹੀਨੇ ਬਾਅਦ ਸੱਦਿਆ ਤਾਂ ਕਿਹਾ ਕਿ ਅਸੀਂ ਇਸ ਮਾਮਲੇ 'ਚ ਕੁਝ ਨਹੀਂ ਕਰ ਸਕਦੇ। ਕਿਉਂਕਿ ਤੇਰੀ ਸਾਰੀ ਫਾਇਲ ਡਾਕਟਰ ਕੋਲ ਹੈ, ਤੇਰੇ ਕੋਲ ਕੋਈ ਸਬੂਤ ਨਹੀਂ। ਥਾਣਾ ਮੁੱਖੀ ਨੇ ਡਾਕਟਰ ਨੂੰ ਥਾਣੇ ਸੱਦਿਆ ਤਾਂ ਡਾਕਟਰ ਨੇ ਮਾਮਲਾ ਨਿਬੇੜਨ ਲਈ ਮੇਰੇ ਚਾਚੇ ਉਪਰ ਦਬਾਅ ਪਾਇਆ ਅਤੇ ਬਚਣ ਲਈ ਮੇਰੇ ਅਪਰੇਸ਼ਨ ਅਤੇ ਹੋਰ ਖਰਚੇ ਦੀ ਝੂਠੀ ਰਸੀਦ ਪੇਸ਼ ਕਰ ਦਿੱਤੀ, ਜਿਸ ਵਿਚ ਉਸ ਨੇ ਸਿਰਫ਼ ਸੋਲਾਂ ਹਜ਼ਾਰ ਦੀ ਰਸੀਦ ਦਿੱਤੀ ਹੈ। ਜਦੋਂਕਿ ਡਾਕਟਰ ਨੇ ਮੇਰੇ ਪਰਿਵਾਰ ਤੋਂ ਛੁੱਟੀ ਵਾਲੇ ਦਿਨ ਚਾਲੀ ਹਜ਼ਾਰ ਦੇ ਕਰੀਬ ਨਕਦ ਲਿਆ ਸੀ, ਦਵਾਈਆਂ ਦਾ ਖਰਚਾ ਵੱਖਰਾ, ਇਸ ਤੋਂ ਬਾਅਦ ਤਿੰਨ ਮਹੀਨੇ ਹਸਪਤਾਲ ਵਿਚ ਪੱਟੀ ਅਤੇ ਹੋਰ ਖਰਚੇ ਵੱਖਰੇ। ਚਲੋ ਮੇਰੇ ਮੋਢੇ ਦਾ ਅਪਰੇਸ਼ਨ ਠੀਕ ਹੋ ਜਾਂਦਾ ਤਾਂ ਮੈਂ ਇਹ ਸਭ ਭੁੱਲਜਾਂਦਾ ਪਰ ਡਾਕਟਰ ਨੇ ਮੇਰਾ ਸੱਜਾ ਮੋਢਾ ਨਕਾਰਾ ਕਰ ਦਿੱਤਾ ਹੈ। ਮੇਰਾ ਅਪਰੇਸ਼ਨ ਸਹੀ ਨਾ ਹੋਣ ਕਰਕੇ ਹੁਣ ਲੋਹੜੇ ਦੀ ਪੈ ਰਹੀ ਠੰਡ ਕਰਕੇ ਪੂਰੀ ਬਾਂਹ ਦਰਦ ਕਰਦੀ ਹੈ। ਮੈਂ ਕਿਸੇ ਹੋਰ ਡਾਕਟਰ ਨੂੰ ਅਪਰੇਸ਼ਨ ਵਾਲਾ ਮੋਢਾ ਦਿਖਾਇਆ ਤਾਂ ਉਨ੍ਹਾਂ ਕਿਹਾ ਕਿ ਅਪਰੇਸ਼ਨ ਸਹੀ ਨਹੀਂ ਹੋਇਆ। ਮੋਢੇ ਵਿਚ ਅਪਰੇਸ਼ਨ ਦੌਰਾਨ ਪਏ ਸਕਰਿਊ ਕੱਢਣੇ ਪੈਣੇ ਨੇ, ਪਰ ਫੇਰ ਵੀ ਬਾਂਹ ਠੀਕ ਹੋਵੇ ਇਸ ਦੀ ਕੋਈ ਗਾਰੰਟੀ ਨਹੀਂ।

> **ਕਸਾਈ ਸ਼ਬਦ ਮੈਂ ਸਿਰਫ਼ ਉਨ੍ਹਾਂ ਡਾਕਟਰਾਂ ਲਈ ਵਰਤਿਆ ਜੋ ਸਿਰਫ਼ ਮਰੀਜ਼ ਦੇ ਇਲਾਜ ਦੇ ਨਾਂਅ 'ਤੇ ਸਿਰਫ਼ ਪੈਸਾ ਹੀ ਮੁੱਖ ਰੱਖਦੇ ਹਨ ਨਾ ਕਿ ਮਰੀਜ਼ ਦੀ ਤੰਦਰੁਸਤੀ। ਪਰ ਉਨ੍ਹਾਂ ਡਾਕਟਰਾਂ ਨੂੰ ਮੇਰੀ ਕਲਮ ਸਲਾਮ ਕਰਦੀ ਹੈ ਜੋ ਮਾਨਵਤਾ ਦੀ ਸੇਵਾ ਆਪਣਾ ਫਰਜ਼ ਸਮਝਕੇ ਕਰਦੇ ਹਨ।**




ਮੈਂ ਤਿੰਨ ਸਾਲ ਪਹਿਲਾਂ ਮੋਢੇ ਦੇ ਅਪਰੇਸ਼ਨ ਉਪਰ ਲੱਗੇ ਪੈਸੇ ਵੀ ਨਹੀਂ ਮੋੜ ਸਕਿਆ। ਉਪਰੋਂ ਹੋਰ ਖਰਚਾ ਖੜਾ ਹੈ। ਪੁਲਿਸ ਪ੍ਰਸ਼ਾਸ਼ਨ ਨੇ ਡਾਕਟਰ ਉਪਰ ਕੋਈ ਕਾਰਵਾਈ ਨਹੀਂ ਕੀਤੀ। 25 ਦਸੰਬਰ ਨੂੰ ਮੇਰੇ ਚਾਚਾ ਜੀ ਦੀ ਵੀ ਮੌਤ ਹੋ ਗਈ ਹੈ। ਜੇਕਰ ਮੈਨੂੰ ਬੀਮਾ ਕੰਪਨੀ ਵੱਲੋਂ ਮੇਰੇ ਅਪਰੇਸ਼ਨ ਉੱਪਰ ਲੱਗਿਆ ਪੈਸਾ ਮਿਲ ਜਾਂਦਾ ਤਾਂ ਡਾਕਟਰ ਨੂੰ ਕੀ ਨੁਕਸਾਨ ਸੀ। ਮੈਂ ਹੁਣ ਡਾਕਟਰ ਨੂੰ ਰੱਬ ਦਾ ਰੂਪ ਨਹੀਂ ਬਲਕਿ ਕਸਾਈ ਦਾ ਦਰਜਾ ਦਿੰਦਾ ਹਾਂ ਜੋ ਮਰੀਜ਼ ਨੂੰ ਜੀਵਨ ਦੇਣ ਦੀ ਥਾਂ ਸਰੀਰਕ ਪੱਖੋਂ ਆਪਣੇ ਸਵਾਰਥ ਲਈ ਨਕਾਰਾ ਬਣਾ ਰਿਹਾ ਹੈ। ਐਸੇ ਡਾਕਟਰ ਵੀ ਹਨ ਜੋ ਆਪਣੇ ਫਰਜ਼ ਪ੍ਰਤੀ ਇਮਾਨਦਾਰ ਹਨ। ਡਾਕਟਰ ਗੁਰਦੇਵ ਸਿੰਘ ਜੋ ਇਕ ਗੁਰਸਿੱਖ ਆਪਣੇ ਆਫ਼ਿਸ ਵਿਚ ਗੁਰੂ ਸਾਹਿਬਾਨਾਂ ਦੀਆਂ ਵੱਡ ਅਕਾਰੀ ਤਸਵੀਰਾਂ ਲਗਾਕੇ ਧਰਮ ਦੀ ਆੜ ਹੇਠ ਮਰੀਜ਼ਾਂ ਦੀ ਲੁੱਟ ਕਰ ਰਿਹਾ ਹੈ। ਐਸੇ ਡਾਕਟਰ ਖਿਲਾਫ਼ ਪੁਲਿਸ ਪ੍ਰਸ਼ਾਸ਼ਨ ਵੱਲੋਂ ਕਾਰਵਾਈ ਨਾ ਕਰਨਾ ਵੀ ਪੁਲਿਸ ਪ੍ਰਸ਼ਾਸ਼ਨ ਅੱਗੇ ਵੀ ਪ੍ਰਸ਼ਨ ਚਿੰਨ੍ਹ ਲੱਗਦਾ ਹੈ। ਮੈਂ ਡਾਕਟਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਤੁਹਾਡੇ ਵੀ ਬੱਚੇ ਹੋਣਗੇ, ਜੋ ਤੁਸੀਂ ਮਰੀਜ਼ਾਂ ਤੋਂ ਆਪਣੇ ਫਰਜ਼ ਤੋਂ ਕੋਤਾਹੀ ਕਰਕੇ ਮੋਟਾ ਪੈਸਾ ਲੈ ਕੇ ਉਨ੍ਹਾਂ ਦੀ ਲੁੱਟ ਕਰਦੇ ਹੋ, ਇਹ ਤੁਹਾਡੇ ਬੱਚਿਆਂ ਲਈ ਜ਼ਹਿਰ ਹੈ। ਠੀਕ ਹੈ ਤੁਸੀਂ ਡਾਕਟਰੀ ਪੇਸ਼ੇ ਲਈ ਚੰਗੀ ਪੜ੍ਹਾਈ, ਕੋਰਸ ਉਪਰ ਲੱਖਾਂ ਲਾਏ ਹਨ, ਹਸਪਤਾਲਾਂ ਦੇ ਵੀ ਖਰਚੇ ਹਨ ਪਰ ਕੀ ਕਦੇ ਸੋਚਿਆ ਕਿ ਕਿਸੇ ਗਰੀਬ ਜਾਂ ਕਿਸੇ ਬੇਸਹਾਰਾ ਤੋਂ ਇਲਾਜ ਦੇ ਨਾਂਅ ਹੇਠ ਮੋਟੀ ਕਮਾਈ ਕਰ ਰਹੇ ਹੋ, ਇਸ ਕਮਾਈ ਨਾਲ ਤੁਸੀਂ ਆਪਣੇ ਬੱਚਿਆਂ ਨੂੰ ਚੰਗੀ ਪੜ੍ਹਾਈ ਜਾਂ ਕੋਰਸ ਨਹੀਂ ਕਰ ਰਹੇ ਹੋ, ਇਸ ਕਮਾਈ ਨਾਲ ਤੁਸੀਂ ਆਪਣੇ ਬੱਚਿਆਂ ਨੂੰ ਚੰਗੀ ਪੜ੍ਹਾਈ ਜਾਂ ਕੋਰਸ ਨਹੀਂ ਕਰਵਾ ਸਕਦੇ, ਗਰੀਬਾਂ ਦੀ ਰੱਤ ਚੂਸਣਾ ਜ਼ਹਿਰ ਸਾਮਾਨ ਹੈ। ਲੋਕ ਤੁਹਾਨੂੰ ਰੱਬ ਦਾ ਰੂਪ ਸਮਝਦੇ ਹਨ ਤਾਂ ਉਨ੍ਹਾਂ ਦੀਆਂ ਭਾਵਨਾਵਾਂ ਦੀ ਕਦਰ ਕਰਕੇ ਆਪਣਾ ਫਰਜ਼ ਇਮਾਨਦਾਰੀ ਨਾਲ ਨਿਭਾਓ।

**ਵੇਰਵਾ : ਗੁਰਨੈਬ ਸਾਜਨ ਦਿਓਣ**

• ਡਾ. ਸੁਖਦੀਪ ਸਿੰਘ ਹੁੰਦਲ
75080-18842

*ਗਰਮੀਆਂ 'ਚ ਜਿੱਥੇ ਬਾਗ਼ਾਂ ਨੂੰ ਧੁੱਪ ਦੀ ਮਾਰ ਤੋਂ ਬਚਾਉਣ ਲਈ ਸਿੰਚਾਈ ਦਾ ਖ਼ਿਆਲ ਰੱਖਣਾ ਜ਼ਰੂਰੀ ਹੈ ਉੱਥੇ ਸਬਜ਼ੀਆਂ ਦੀ ਤੁੜਾਈ, ਸ਼ਹਿਦ ਮੱਖੀਆਂ ਦੀ ਸੰਭਾਲ ਤੇ ਖੁੰਬਾਂ ਦੀ ਪੈਦਾਵਾਰ ਦਾ ਵੀ ਖ਼ਾਸ ਧਿਆਨ ਰੱਖੋ...*



# ਮਈ ਮਹੀਨੇ ਦੇ ਬਾਗ਼ਬਾਨੀ ਰੁਝੇਵੇਂ

ਮਈ ਵਿਚ ਕਾਫ਼ੀ ਗਰਮੀ ਹੁੰਦੀ ਹੈ। ਗਰਮੀ ਕਾਰਨ ਜ਼ਮੀਨ ਤੇ ਪੱਤਿਆਂ ਰਾਹੀਂ ਵਾਸ਼ਪੀਕਰਨ ਜ਼ਰੀਏ ਕਾਫ਼ੀ ਪਾਣੀ ਉੱਡ ਜਾਂਦਾ ਹੈ। ਬੂਟਿਆਂ 'ਚ ਪਾਣੀ ਦੀ ਮੰਗ ਵੱਧ ਜਾਂਦੀ ਹੈ। ਇਸ ਮਹੀਨੇ ਬੂਟਿਆਂ ਨੂੰ ਭਿਆਨਕ ਗਰਮੀ ਤੋਂ ਬਚਾਉਣ, ਮਲਚਿੰਗ ਰਾਹੀਂ ਨਮੀ ਦੀ ਸੰਭਾਲ ਕਰਨਾ ਤੇ ਫਲਾਂ ਨੂੰ ਗਰਮੀ ਕਾਰਨ ਹੋਣ ਵਾਲੀਆਂ ਸਮੱਸਿਆਵਾਂ ਤੋਂ ਬਚਾਉਣਾ ਅਹਿਮ ਕਾਰਜ ਹਨ।

## ਸਦਾਬਹਾਰ ਬੂਟਿਆਂ ਦਾ ਗਰਮੀ ਤੋਂ ਬਚਾਅ

ਸਦਾਬਹਾਰ ਫਲਦਾਰ ਬੂਟਿਆਂ ਦੇ ਸੋਕੇ ਤੇ ਜ਼ਿਆਦਾ ਗਰਮੀ ਤੋਂ ਬਚਾਅ ਲਈ ਨਵੇਂ ਲਗਾਏ ਬੂਟਿਆਂ ਨੂੰ ਹਲਕੀ ਸਿੰਚਾਈ ਕਰੋ ਤੇ ਜ਼ਮੀਨ ਚ ਨਮੀ ਦੀ ਸੰਭਾਲ ਲਈ ਜ਼ਮੀਨ 'ਤੇ ਪਰਾਲੀ, ਰੇਤੀ ਜਾਂ ਪਲਾਸਟਿਕ ਸ਼ੀਟ ਨਾਲ ਢਕ ਦੇਣਾ ਚਾਹੀਦਾ ਹੈ। ਨਵੇਂ ਬੂਟਿਆਂ ਦੇ ਤਣਿਆਂ ਨੂੰ ਧੁੱਪ ਦੇ ਮਾੜੇ ਅਸਰ ਤੋਂ ਬਚਾਉਣ ਲਈ ਤਣਿਆਂ ਨੂੰ ਪਰਾਲੀ ਆਦਿ ਲਪੇਟ ਦਿਉ ਤੇ ਤਣਿਆਂ 'ਤੇ ਕਲੀ 'ਚ ਨੀਲਾ ਥੋਥਾ ਪਾ ਕੇ ਸਫ਼ੈਦੀ ਕਰੋ। ਗਰਮੀ ਕਾਰਨ ਨਿੰਬੂ, ਅਨਾਰ, ਲੀਚੀ ਦੇ ਫਲਾਂ ਦਾ ਛਿਲਕਾ ਫਟ ਜਾਂਦਾ ਹੈ। ਇਹ ਕੋਈ ਬਿਮਾਰੀ ਨਹੀਂ ਹੈ, ਇਸ ਦੀ ਰੋਕਥਾਮ ਲਈ ਸ਼ਾਮ ਨੂੰ ਸੂਰਜ ਛਿਪਣ ਤੋਂ ਇਕ ਘੰਟੇ ਬਾਅਦ ਬੂਟਿਆਂ 'ਤੇ ਪਾਣੀ ਦਾ ਛਿੜਕਾਅ ਕਰੋ। ਨਵੇਂ ਬੂਟਿਆਂ ਨੂੰ ਹਫ਼ਤੇ 'ਚ ਦੋ ਵਾਰ, ਅੰਗੂਰ, ਆੜੂ, ਨਾਸ਼ਪਾਤੀ ਤੇ ਅਲੂਚੇ ਦੇ ਬੂਟਿਆਂ ਨੂੰ ਹਫ਼ਤੇ ਵਿਚ ਇਕ ਵਾਰ ਪਾਣੀ ਦਿਉ ਤਾਂ ਕਿ ਵਧੀਆ ਫਲਾਂ ਦੀ ਪੈਦਾਵਾਰ ਹੋਵੇ। ਅਮਰੂਦ ਦੇ ਬਾਗ਼ ਨੂੰ ਨਦੀਨਾਂ ਤੋਂ ਬਚਾਉਣ ਲਈ 25 ਕਿੱਲੋ ਪਰਾਲੀ ਪ੍ਰਤੀ ਮਰਲਾ ਬੂਟਿਆਂ ਹੇਠ ਵਿਛਾ ਦਿਉ ਤੇ ਸਿਫ਼ਾਰਸ਼ ਕੀਤੀ ਰੂੜੀ ਦੀ ਖਾਦ ਤੇ ਅੱਧੀਆਂ ਰਸਾਇਣਕ ਖਾਦਾਂ ਦੀ ਪਹਿਲੀ ਕਿਸ਼ਤ ਇਸੇ ਮਹੀਨੇ ਦੇ ਅਖ਼ੀਰ ਵਿਚ ਪਾ ਦਿਉ।

ਆੜੂ, ਅਲੂਚਾ, ਫਾਲਸਾ, ਅੰਗੂਰਾਂ ਦੇ ਫਲਾਂ ਦੀ ਤੁੜਾਈ ਕਰ ਲਵੋ। ਆੜੂ 'ਚ ਪੱਤੇ ਮਰੁੰਡਣ ਵਾਲੇ ਚੇਪੇ ਦੀ ਰੋਕਥਾਮ ਲਈ 1.6 ਮਿਲੀਲਿਟਰ ਰੋਗਰ 30 ਈਸੀ ਦਵਾਈ ਪ੍ਰਤੀ ਲਿਟਰ ਪਾਣੀ ਦੇ ਹਿਸਾਬ ਛਿੜਕੋ। ਨਾਸ਼ਪਾਤੀ 'ਚ ਤੇਲੇ ਦੀ ਰੋਕਥਾਮ ਲਈ 0.4 ਮਿਲੀਲਿਟਰ ਇਮਿਡਾਕਲੋਰਪਰਿਡ 200 ਐੱਸਐੱਲ ਜਾਂ 0.32 ਗ੍ਰਾਮ ਥਾਇਆਮੈਥੋਕਸਮ 25 ਡਬਲਿਊਪੀ ਪ੍ਰਤੀ ਲਿਟਰ ਪਾਣੀ ਦੇ ਹਿਸਾਬ ਛਿੜਕਾਅ ਕਰੋ। ਅੰਬ ਦੇ ਕੇਰੇ ਦੀ ਰੋਕਥਾਮ ਲਈ 0.2 ਗ੍ਰਾਮ 2,4-ਡੀ ਸੋਡੀਅਮ ਸਾਲਟ (ਹਾਰਟੀਕਲਚਰ ਗ੍ਰੇਡ) ਦਵਾਈ ਪ੍ਰਤੀ 10 ਲਿਟਰ ਪਾਣੀ ਦੇ ਹਿਸਾਬ ਨਾਲ ਛਿੜਕਾਅ ਕਰੋ। ਅੰਗੂਰਾਂ 'ਚ ਐਨਥਰੈਕਨੋਜ਼ ਦੀ ਰੋਕਥਾਮ ਲਈ ਬੋਰਡੋ ਮਿਸ਼ਰਣ 2:2:250 ਦੇ ਅਨੁਪਾਤ 'ਚ ਅਖ਼ੀਰਲੇ ਹਫ਼ਤੇ ਛਿੜਕਾਅ ਕਰੋ। ਨਿੰਬੂ ਜਾਤੀ 'ਚ ਜ਼ਿੰਕ ਦੀ ਘਾਟ ਦੀ ਰੋਕਥਾਮ ਲਈ 3 ਗ੍ਰਾਮ ਜ਼ਿੰਕ ਸਲਫੇਟ ਤੇ ਕੀੜਿਆਂ ਦੀ ਰੋਕਥਾਮ ਲਈ 2 ਮਿਲੀਲਿਟਰ ਫੈਸਮਾਈਟ 50 ਤਾਕਤ ਜਾਂ 0.4 ਮਿਲੀਲਿਟਰ ਇਮਿਡਾਕਲੋਰਪਰਿਡ 17.8 ਐੱਸਐੱਲ ਦਵਾਈ ਪ੍ਰਤੀ ਲਿਟਰ ਪਾਣੀ ਦੇ ਹਿਸਾਬ ਛਿੜਕਾਅ ਕਰੋ। ਕੇਲੇ ਨੂੰ 60 ਗ੍ਰਾਮ ਯੂਰੀਆ ਤੇ 60 ਗ੍ਰਾਮ ਮਿਊਰੇਟ ਆਫ ਪੋਟਾਸ਼ ਖਾਦ ਪ੍ਰਤੀ ਬੂਟਾ ਪਾਉ।

### ਫੁੱਲਾਂ ਦੀ ਸਿੰਚਾਈ ਦਾ ਰੱਖੋ ਖ਼ਾਸ ਖ਼ਿਆਲ

*ਕੌਸਮੋਸ, ਗਲਾਰਡੀਆ, ਗੌਮਫਰੀਨਾ, ਕੋਚੀਆ, ਜ਼ੀਨੀਆ, ਪਾਰਚੁਲੈਕਾ ਆਦਿ ਫੁੱਲਾਂ ਦੀਆਂ ਕਿਆਰੀਆਂ ਨੂੰ ਪਾਣੀ ਲਗਾਉਂਦੇ ਰਹੋ ਤੇ ਨਦੀਨਾਂ ਦੀ ਰੋਕਥਾਮ ਲਈ ਗੋਡੀ ਕਰ ਦਿਉ। ਘਾਹ ਦੇ ਲਾਅਨ ਨੂੰ ਹਰਿਆ-ਭਰਿਆ ਰੱਖਣ ਲਈ ਸਿੰਚਾਈ ਦਾ ਖ਼ਾਸ ਧਿਆਨ ਰੱਖੋ ਤੇ ਕਟਾਈ ਕਰਦੇ ਰਹੋ। ਜਿਹੜੇ ਲਾਅਨ ਵਿਚ ਮੋਥੇ ਦੀ ਬਹੁਤਾਤ ਹੋਵੇ, ਉਸ ਨੂੰ ਵਾਹ ਕੇ ਮਈ-ਜੂਨ ਵਿਚ ਚੰਗੀ ਧੁੱਪ ਲਗਾ ਕੇ ਨਦੀਨ ਚੰਗੀ ਤਰ੍ਹਾਂ ਕੱਢ ਦਿਉ ਤਾਂ ਜੋ ਜੁਲਾਈ-ਅਗਸਤ ਵਿਚ ਨਵਾਂ ਘਾਹ ਲਗਾਇਆ ਜਾ ਸਕੇ। ਗੁਲਾਬ, ਦਰਖ਼ਤਾਂ, ਝਾੜੀਆਂ ਤੇ ਵੇਲਾਂ ਵਾਲੇ ਬੂਟਿਆਂ ਨੂੰ ਹਫ਼ਤੇ ਬਾਅਦ ਪਾਣੀ ਦਿੰਦੇ ਰਹੋ।*

### ਸ਼ਹਿਦ ਦੀਆਂ ਮੱਖੀਆਂ ਦੀ ਸੰਭਾਲ

*ਸ਼ਹਿਦ ਦੀਆਂ ਮੱਖੀਆਂ ਦੇ ਬਕਸਿਆਂ ਨੂੰ ਗਰਮੀ ਤੋਂ ਬਚਾਉਣ ਲਈ ਬਕਸਿਆਂ ਨੂੰ ਸੰਘਣੀ ਛਾਂ ਵਿਚ ਰੱਖਣ ਦਾ ਪ੍ਰਬੰਧ ਕਰੋ। ਗਰਮੀ ਕਾਰਨ ਮੱਖੀਆਂ ਲਈ ਪਾਣੀ ਦਾ ਉਚਿਤ ਪ੍ਰਬੰਧ ਕਰੋ, ਇਸ ਦੇ ਲਈ ਬਕਸਿਆਂ ਦੇ ਸਟੈਂਡ ਦੇ ਪਾਵਿਆਂ ਹੇਠ ਰੱਖੇ ਕੌਲੀਆਂ 'ਚ ਪਾਣੀ ਪਾਇਆ ਜਾ ਸਕਦਾ ਹੈ। ਇਸ ਨਾਲ ਮੱਖੀਆਂ ਦੀ ਪਾਣੀ ਸਬੰਧੀ ਲੋੜ ਵੀ ਪੂਰੀ ਹੋਵੇਗੀ ਅਤੇ ਬਕਸਿਆਂ ਦਾ ਕੀੜਿਆਂ ਤੋਂ ਵੀ ਬਚਾਅ ਰਹੇਗਾ।*

## ਸਬਜ਼ੀਆਂ ਦੀ ਬਿਮਾਰੀਆਂ ਤੋਂ ਰੋਕਥਾਮ

ਸਬਜ਼ੀਆਂ ਨੂੰ ਹਫ਼ਤੇ ਬਾਅਦ ਪਾਣੀ ਲਗਾਉਂਦੇ ਰਹੋ ਤੇ ਇਨ੍ਹਾਂ ਦੀ ਤੁੜਾਈ ਇਕ ਦਿਨ ਛੱਡ ਕੇ ਸ਼ਾਮ ਸਮੇਂ ਕਰੋ ਕਿਉਂਕਿ ਸਵੇਰ ਵੇਲੇ ਪਰ-ਪਰਾਗਣ ਕਿਰਿਆ ਖ਼ਰਾਬ ਹੁੰਦੀ ਹੈ। ਘੀਆ ਕੱਦੂ ਤੇ ਰਾਮਾ-ਤੋਰੀ ਦੀ ਤੁੜਾਈ ਸਵੇਰ ਵੇਲੇ ਕਰੋ ਕਿਉਂਕਿ ਇਨ੍ਹਾਂ ਦੇ ਫੁੱਲ ਸ਼ਾਮ ਨੂੰ ਖੁੱਲ੍ਹਦੇ ਹਨ। ਪਿਆਜ਼ ਤੇ ਲਸਣ ਦੀ ਕਟਾਈ ਕਰ ਕੇ ਸੁੱਕੀ ਜਗ੍ਹਾ ਸਟੋਰ ਕਰ ਲਵੋ।

ਮੂਲੀ ਦੀ ਪੂਸਾ ਚੇਤਕੀ ਕਿਸਮ ਦੀ ਬਿਜਾਈ ਹੁਣ ਕਰ ਲਵੋ। ਕੱਦੂ ਜਾਤੀ ਦੀਆਂ ਸਬਜ਼ੀਆਂ ਨੂੰ ਧੂੜੇਦਾਰ ਉੱਲੀ ਤੋਂ ਬਚਾਅ ਲਈ 0.5 ਮਿਲੀਲਿਟਰ ਕੈਰਾਥੇਨ ਤੇ ਪੀਲੇ ਧੱਬਿਆਂ ਦੇ ਰੋਗ ਤੋਂ ਬਚਾਅ ਲਈ 3 ਗ੍ਰਾਮ ਇੰਡੋਫਿਲ ਐੱਮ-45 ਪ੍ਰਤੀ ਲਿਟਰ ਪਾਣੀ ਦੇ ਹਿਸਾਬ ਨਾਲ 7 ਦਿਨਾਂ ਦੇ ਵਕਫ਼ੇ 'ਤੇ ਛਿੜਕਾਅ ਕਰੋ। ਜ਼ਿਆਦਾ ਬਿਮਾਰੀ ਹੋਵੇ ਤਾਂ ਤੀਸਰਾ ਤੇ ਚੌਥਾ ਛਿੜਕਾਅ 2.5 ਗ੍ਰਾਮ ਰਿਡੋਮਿਲ ਗੋਲਡ ਜਾਂ 3 ਗ੍ਰਾਮ ਏਲੀਅਟ ਦਵਾਈ ਦਾ 10 ਦਿਨ ਦੇ ਵਕਫ਼ੇ 'ਤੇ ਕਰੋ। ਬੈਂਗਣ ਦੇ ਫਲ ਦੇ ਗੜੂੰਏਂ ਦੀ ਰੋਕਥਾਮ ਲਈ ਇਕ ਮਿ.ਲੀ ਸੁਮੀਸੀਡਾਨ 20 ਤਾਕਤ ਜਾਂ 2 ਮਿ.ਲੀ ਰਿਪਕੋਰਡ 10 ਤਾਕਤ ਤੇ ਜੂੰ ਦੀ ਰੋਕਥਾਮ ਲਈ 3 ਮਿ.ਲੀ ਉਮਾਈਟ 57 ਤਾਕਤ ਜਾਂ 4.5 ਮਿ.ਲੀ ਫਾਸਮਾਈਟ 50 ਤਾਕਤ ਜਾਂ 2.5 ਮਿ.ਲੀ ਮੈਟਾਸਿਸਟਾਕਸ ਦਵਾਈ ਪ੍ਰਤੀ ਲਿਟਰ ਪਾਣੀ ਦੇ ਹਿਸਾਬ ਛਿੜਕਾਅ ਕਰੋ।

## ਖੁੰਬਾਂ ਦੀ ਪੈਦਾਵਾਰ

ਖੁੰਬ ਦੀ ਕਾਸ਼ਤ ਲਈ ਪਰਾਲੀ ਦੇ 1-1.5 ਕਿੱਲੋ ਦੇ ਪੂਲੇ ਬਣਾ ਕੇ ਗਿੱਲੇ ਕਰ ਕੇ ਕਮਰੇ 'ਚ ਬੈੱਡ ਲਗਾਉ ਤੇ ਦਿਨ 'ਚ ਦੋ ਵਾਰ ਪਾਣੀ ਲਗਾਉ। ਮਹੀਨੇ ਤਕ ਫ਼ਸਲ ਤਿਆਰ ਹੋ ਜਾਵੇਗੀ। ਮਿਲਕੀ ਖੁੰਬ ਦੀ ਬਿਜਾਈ ਤੂੜੀ ਨੂੰ ਉਬਾਲ ਕੇ, ਬੀਜ ਰਲਾ ਕੇ ਪਲਾਸਟਿਕ ਦੇ ਲਿਫ਼ਾਫ਼ਿਆਂ 'ਚ ਭਰ ਕੇ ਕਰੋ। 15-20 ਦਿਨ ਬਾਅਦ ਜਦੋਂ ਰੇਸ਼ਾ ਫੈਲ ਜਾਵੇ ਤਾਂ ਕੇਸਿੰਗ ਕਰ ਦਿਉ। •

---



# ਰਵਾਇਤੀ ਢੰਗਾਂ ਨਾਲ ਕੀੜਿਆਂ ਦੀ ਰੋਕਥਾਮ 2

ਬਹੁਤ ਸਾਰੇ ਰਵਾਇਤੀ ਢੰਗਾਂ ਨੂੰ ਅਪਣਾ ਕੇ ਕੀਟਨਾਸ਼ਕ ਜ਼ਹਿਰਾਂ ਦੇ ਛਿੜਕਾਅ ਤੋਂ ਬਿਨਾਂ ਫ਼ਸਲੀ ਕੀੜਿਆਂ ਦੀ ਰੋਕਥਾਮ ਕੀਤੀ ਜਾ ਸਕਦੀ ਹੈ।

## ਮਕੈਨੀਕਲ ਰੋਕਥਾਮ

ਹੱਥਾਂ ਜਾਂ ਹੱਥ-ਸੰਦਾਂ ਨਾਲ ਕੀੜਿਆਂ ਦੀ ਰੋਕਥਾਮ ਕਰਨ ਨੂੰ ਮਕੈਨੀਕਲ ਕੰਟਰੋਲ ਆਖਦੇ ਹਨ।

**ਹੱਥਾਂ ਨਾਲ ਕੀੜੇ ਇਕੱਠੇ ਕਰਨਾ** : ਕਈ ਸੁੰਡੀਆਂ ਕਾਫ਼ੀ ਵੱਡੀਆਂ ਹੁੰਦੀਆਂ ਹਨ, ਜਿਨ੍ਹਾਂ ਨੂੰ ਬੂਟੇ ਉੱਪਰੋਂ ਚੁੱਕਿਆ ਤੇ ਖ਼ਤਮ ਕੀਤਾ ਜਾ ਸਕਦਾ ਹੈ। ਕੁਝ ਕੀੜੇ ਝੁੰਡਾਂ 'ਚ ਆਂਡੇ ਦਿੰਦੇ ਹਨ, ਇਨ੍ਹਾਂ ਆਂਡਿਆਂ ਨੂੰ ਲੱਭ ਕੇ ਖ਼ਤਮ ਕੀਤਾ ਜਾ ਸਕਦਾ ਹੈ। ਉਦਾਹਰਣ ਵਜੋਂ ਤੰਬਾਕੂ ਦੀ ਸੁੰਡੀ, ਗੋਭੀ ਦੀ ਤਿਤਲੀ ਤੇ ਡੱਬ ਕੁੱਤੇ ਦੇ ਬਾਲਗ ਆਪਣੇ ਆਂਡੇ ਪੱਤੇ ਦੇ ਹੇਠਲੇ ਪਾਸੇ ਝੁੰਡਾਂ 'ਚ ਦਿੰਦੇ ਹਨ। ਅਜਿਹੇ ਪੱਤਿਆਂ ਨੂੰ ਆਂਡਿਆਂ ਸਮੇਤ ਤੋੜ ਕੇ ਜ਼ਮੀਨ 'ਚ ਦਬਾਉਣ ਜਾਂ ਮਿੱਟੀ ਦਾ ਤੇਲ ਮਿਲੇ ਪਾਣੀ 'ਚ ਪਾ ਕੇ ਖ਼ਤਮ ਕੀਤਾ ਜਾ ਸਕਦਾ ਹੈ। ਇਸੇ ਤਰ੍ਹਾਂ ਇਨ੍ਹਾਂ ਆਂਡਿਆਂ ਵਿੱਚੋਂ ਸੁੰਡੀਆਂ ਨਿਕਲਣ ਤੋਂ ਬਾਅਦ ਇਹ ਮੁਢਲੀ ਅਵਸਥਾ ਵਿਚ ਝੁੰਡ 'ਚ ਰਹਿ ਕੇ ਪੱਤਿਆਂ ਨੂੰ ਖਾਂਦੀਆਂ ਹਨ। ਅਜਿਹੇ ਨੁਕਸਾਨੇ ਪੱਤਿਆਂ ਨੂੰ ਸੁੰਡੀਆਂ ਸਮੇਤ ਤੋੜ ਕੇ ਖ਼ਤਮ ਕਰ ਦੇਵੋ। ਕਾਣੇ ਹੋਏ ਫਲਾਂ 'ਚ ਫਲ ਦੀ ਮੱਖੀ ਦੇ ਲਾਰਵੇ (maggots) ਹੁੰਦੇ ਹਨ। ਇਨ੍ਹਾਂ ਫਲਾਂ ਨੂੰ ਜ਼ਮੀਨ 'ਚ ਦਬਾ ਦੇਵੋ।

ਗੁਰਦਾਸਪੁਰ ਗੜੂੰਆਂ ਦੇ ਲਾਰਵੇ ਮੁਢਲੀ ਅਵਸਥਾ 'ਚ ਇਕੱਠੇ ਰਹਿ ਕੇ ਗੰਨੇ ਦਾ ਨੁਕਸਾਨ ਕਰਦੇ ਹਨ। ਕਾਣੇ ਗੰਨਿਆਂ ਨੂੰ ਲਾਰਵੇ ਸਮੇਤ ਤੋੜ ਕੇ ਜ਼ਮੀਨ 'ਚ ਦੱਬਣ ਨਾਲ ਇਨ੍ਹਾਂ ਨੂੰ ਖ਼ਤਮ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ ਦਰਖ਼ਤਾਂ ਨੂੰ ਹਿਲਾ ਕੇ ਪੱਤੇ ਖਾਣ ਵਾਲੀਆਂ ਵੱਡੀਆਂ ਸੁੰਡੀਆਂ ਹੇਠਾਂ ਡਿੱਗਣ 'ਤੇ ਮਿੱਟੀ ਦਾ ਤੇਲ ਰਲੇ ਪਾਣੀ 'ਚ ਪਾ ਕੇ ਖ਼ਤਮ ਕੀਤਾ ਜਾ ਸਕਦਾ ਹੈ।

**ਸਕਰੀਨ ਜਾਲੀਆਂ ਦੀ ਵਰਤੋਂ** : ਘਰਾਂ 'ਚ ਲੱਗੇ ਜਾਲੀਦਾਰ ਦਰਵਾਜ਼ੇ, ਮੱਖੀਆਂ-ਮੱਛਰਾਂ ਨੂੰ ਦੂਰ ਰੱਖਦੇ ਹਨ। ਆਟੇ ਜਾਂ ਸੂਜੀ 'ਚ ਪਈ ਸੁਸਰੀ (Red rust flour beetle) ਨੂੰ ਛਾਣ ਕੇ ਅਲੱਗ ਕੀਤਾ ਜਾਂਦਾ ਹੈ। ਮਠਿਆਈ ਨੂੰ ਕੀੜੀਆਂ ਤੋਂ ਬਚਾਉਣ ਲਈ ਕਿਸੇ ਸਟੈਂਡ ਉੱਪਰ ਰੱਖਣ ਤੇ ਸਟੈਂਡ ਦੀਆਂ ਲੱਤਾਂ ਪਾਣੀ 'ਚ ਰੱਖਣ ਵਾਲਾ ਪੁਰਾਣਾ ਤੇ ਕਾਰਗਰ ਤਰੀਕਾ ਹੈ। ਟਿੱਡੀ ਦਲ ਦੇ ਰਸਤੇ 'ਚ 30 ਸੈ.ਮੀ. ਚੌੜੇ ਤੇ 60 ਸੈ.ਮੀ. ਡੂੰਘੇ ਟੋਏ ਪੁੱਟਣ ਨਾਲ ਟਿੱਡੀ ਦਲ ਦੇ ਬੱਚੇ ਟੋਇਆਂ 'ਚ ਡਿੱਗ ਜਾਂਦੇ ਹਨ। ਇਨ੍ਹਾਂ ਨੂੰ ਟੋਇਆਂ 'ਚ ਹੀ ਖ਼ਤਮ ਕੀਤਾ ਜਾ ਸਕਦਾ ਹੈ। ਫਲਾਂ ਨੂੰ ਕੱਪੜੇ ਜਾਂ ਪਰਾਲੀ 'ਚ ਲਪੇਟ ਕੇ ਰੱਖਣ ਨਾਲ ਫਲ ਦੀ ਮੱਖੀ ਇਸ 'ਚ ਆਂਡੇ ਨਹੀਂ ਦੇ ਸਕਦੀ। ਮੀਲੀ ਬੱਗ ਦੇ ਨਿੰਫ ਜ਼ਮੀਨ 'ਚ ਹੁੰਦੇ ਹਨ ਤੇ ਫਰਵਰੀ-ਮਾਰਚ ਵਿਚ ਨਿਕਲੇ ਅੰਬ ਦੇ ਬੂਰ 'ਚੋਂ ਰਸ ਚੂਸਣ ਲਈ ਇਨ੍ਹਾਂ ਨੂੰ ਰੁੱਖ 'ਤੇ ਚੜ੍ਹਨ ਦੀ ਲੋੜ ਹੁੰਦੀ ਹੈ। ਅੰਬ ਦੇ ਰੁੱਖ 'ਤੇ ਤਿਲਕਣ ਵਾਲਾ ਬੈਂਡ ਲਗਾ ਕੇ ਇਨ੍ਹਾਂ ਨੂੰ ਰੁੱਖ 'ਤੇ ਚੜ੍ਹਨ ਤੋਂ ਰੋਕਿਆ ਜਾ ਸਕਦਾ ਹੈ।

**ਜਾਲ ਜਾਂ ਕੁੜਿੱਕੀ ਦੀ ਵਰਤੋਂ** : ਕਈ ਕੀੜਿਆਂ ਨੂੰ ਉਨ੍ਹਾਂ ਦੇ ਮਨ ਭਾਉਂਦੇ ਚੋਗੇ ਜਾਂ ਉਨ੍ਹਾਂ ਨੂੰ ਆਪਣੇ ਵੱਲ ਖਿੱਚਣ ਵਾਲੇ ਰਸਾਇਣ ਦੀ ਮਦਦ ਨਾਲ ਕੁੜਿੱਕੀ 'ਚ ਫਸਾ ਲਿਆ ਜਾਂਦਾ ਹੈ। ਫਲ ਦੀ ਨਰ ਮੱਖੀ ਫਰੂਟ-ਫਲਾਈ ਟਰੈਪ ਵੱਲ ਆਕਰਸ਼ਿਤ ਹੁੰਦੀ ਹੈ ਤੇ ਉਸ 'ਚ ਫਸ ਕੇ ਖ਼ਤਮ ਹੋ ਜਾਂਦੀ ਹੈ। ਪੀਲੇ ਰੰਗ ਦੇ ਚਿਪਕਣ ਵਾਲੇ ਕਾਰਡ ਨਾਲ ਛੋਟੇ ਤੇ ਉੱਡਣ ਵਾਲੇ ਕੀੜੇ, ਮੱਛਰ, ਚਿੱਟੀ ਮੱਖੀ ਆਦਿ ਚਿਪਕ ਜਾਂਦੇ ਹਨ ਤੇ ਮਰ ਜਾਂਦੇ ਹਨ। ਉੱਡਣ ਤੇ ਹਵਾ 'ਚ ਕੁੱਦਣ ਵਾਲੇ ਕੀੜਿਆਂ ਨੂੰ ਜਾਲ ਦੀ ਮਦਦ ਨਾਲ ਫੜਿਆ ਜਾ ਸਕਦਾ ਹੈ।

**ਬੂਟਿਆਂ ਦੀ ਕਾਂਟ-ਛਾਂਟ** : ਕੀੜਿਆਂ ਦੇ ਹਮਲੇ ਵਾਲੀਆਂ ਟਹਿਣੀਆਂ ਨੂੰ ਕੱਟ ਕੇ ਸਾੜ ਦੇਣ ਨਾਲ ਕਈ ਪ੍ਰਕਾਰ ਦੇ ਕੀੜਿਆਂ ਨੂੰ ਰੋਕਿਆ ਜਾ ਸਕਦਾ ਹੈ। ਝੋਨੇ ਦੀ ਪਨੀਰੀ ਦੇ ਪੱਤਿਆਂ ਦੇ ਸਿਰੇ ਕੱਟਣ ਨਾਲ ਗੋਭ ਦੀ ਸੁੰਡੀ ਦੇ ਆਂਡੇ ਨਸ਼ਟ ਹੋ ਜਾਂਦੇ ਹਨ ਤੇ ਇਸ ਦਾ ਹਮਲਾ ਪਨੀਰੀ ਤੋਂ ਖੇਤ ਤਕ ਨਹੀਂ ਪਹੁੰਚਦਾ। ਸਰ੍ਹੋਂ ਵਿਚ ਚੇਪੇ ਦੇ ਹਮਲੇ ਨੂੰ ਰੋਕਣ ਲਈ ਹਮਲੇ ਵਾਲੀਆਂ ਟਾਹਣੀਆਂ ਕੱਟਣ ਨਾਲ ਇਸ ਦਾ ਹਮਲਾ ਘੱਟ ਜਾਂਦਾ ਹੈ। ਘਰਾਂ 'ਚ ਮੋਟੀਆਂ ਸੁੰਡੀਆਂ ਨੂੰ ਝਾੜੂ ਨਾਲ ਤੇ ਮੱਖੀਆਂ ਨੂੰ ਅਖ਼ਬਾਰ ਨਾਲ ਮਾਰਨਾ ਆਮ ਗੱਲ ਹੈ।

### ਆਤਮਘਾਤੀ ਰੋਕਥਾਮ (Autocidal Control)

*ਇਸ ਤਰੀਕੇ ਨਾਲ ਕੀੜਿਆਂ ਦੀ ਰੋਕਥਾਮ ਉਨ੍ਹਾਂ ਨੂੰ ਨਿਪੁੰਸਕ ਬਣਾ ਕੇ ਜਾਂ ਉਨ੍ਹਾਂ ਦੀ ਜੀਨ ਵਿਚ ਤਬਦੀਲੀ ਕਰ ਕੇ ਕੀਤੀ ਜਾਂਦੀ ਹੈ। ਕੀੜਿਆਂ ਨੂੰ ਨਿਪੁੰਸਕ ਬਣਾਉਣ ਲਈ ਪਹਿਲਾ ਉਨਾਂ ਨੂੰ ਵੱਡੀ ਗਿਣਤੀ ਵਿਚ ਪ੍ਰਯੋਗਸ਼ਾਲਾ 'ਚ ਪਾਲਿਆ ਜਾਂਦਾ ਹੈ ਤੇ ਫਿਰ ਉਨ੍ਹਾਂ ਨੂੰ ਕਿਰਨਾਂ ਦੀ ਮਦਦ ਨਾਲ ਨਿਪੁੰਸਕ ਕਰ ਕੇ ਖੁੱਲ੍ਹੇ ਵਿਚ ਛੱਡ ਦਿੱਤਾ ਜਾਂਦਾ ਹੈ। ਮਾਦਾ ਕੀੜੇ ਦਾ ਨਿਪੁੰਸਕ ਨਰ ਨਾਲ ਮਿਲਾਪ ਹੋਣ ਕਾਰਨ ਮਾਦਾ, ਪਰਿਵਾਰ ਨੂੰ ਵਧਾਉਣ 'ਚ ਅਸਮਰੱਥ ਹੋ ਜਾਂਦੀ ਹੈ। ਜੇ ਅਜਿਹੇ ਨਿਪੁੰਸਕ ਨਰ ਕਈ ਪੀੜ੍ਹੀਆਂ ਤਕ ਖੁੱਲ੍ਹੇ ਵਿਚ ਛੱਡੇ ਜਾਣ ਤੇ ਕਿਸੇ ਤਰੀਕੇ ਨਾਲ ਬਾਹਰੋਂ ਸਿਹਤਮੰਦ ਨਰਾਂ ਦਾ ਪ੍ਰਵੇਸ਼ ਉਸ ਜਗ੍ਹਾ ਨਾ ਹੋਵੇ ਤਾਂ ਉਸ ਕੀੜੇ ਦੀ ਗਿਣਤੀ ਘਟਣੀ ਸ਼ੁਰੂ ਹੋ ਜਾਂਦੀ ਹੈ ਤੇ ਇਹ ਖ਼ਤਮ ਹੋ ਜਾਂਦਾ ਹੈ। ਮਾਦ ਦੇ ਨਿਪੁੰਸਕ ਨਰ ਤੇ ਸਿਹਤਮੰਦ ਨਰ ਨਾਲ ਹੋਏ ਮਿਲਾਪ ਦੀ ਦਰ ਤੋਂ ਕੀੜੇ ਦੀ ਜਨਸੰਖਿਆ ਵਿਚ ਹੋਣ ਵਾਲੀ ਕਮੀ ਦੀ ਤੀਬਰਤਾ ਦਾ ਪਤਾ ਲਗਾਇਆ ਜਾ ਸਕਦਾ ਹੈ। ਕਿਰਨਾਂ ਤੋਂ ਇਲਾਵਾ ਕੁਝ ਅਜਿਹੇ ਰਸਾਇਣ ਖੋਜਣ ਦੇ ਯਤਨ ਕੀਤੇ ਜਾ ਰਹੇ ਹਨ ਜੋ ਕਿ ਕੀੜਿਆਂ ਨੂੰ ਨਿਪੁੰਸਕ ਬਣਾ ਸਕਣ। ਇਸ ਤਰ੍ਹਾਂ ਕਰਨ ਨਾਲ ਕੀੜਿਆਂ ਨੂੰ ਪ੍ਰਯੋਗਸ਼ਾਲਾ ਵਿਚ ਪੈਦਾ ਕਰਨ ਦੀ ਜ਼ਰੂਰਤ ਨਹੀ ਪਵੇਗੀ। ਅਜਿਹੇ ਰਸਾਇਣਾਂ ਵਿਚ ਕੀੜਿਆਂ ਨੂੰ ਆਪਣੇ ਵੱਲ ਆਕਰਸ਼ਿਤ ਕਰਨ ਵਾਲਾ ਪਦਾਰਥ ਮਿਲਾ ਕੇ ਇਨ੍ਹਾਂ ਨੂੰ ਵਰਤੋਂ 'ਚ ਲਿਆਇਆ ਜਾਂਦਾ ਹੈ ਤਾਂ ਕਿ ਕਿਸੇ ਖ਼ਾਸ ਜਗ੍ਹਾ ਦੇ ਸਾਰੇ ਕੀੜਿਆਂ ਨੂੰ ਆਕਰਸ਼ਿਤ ਕਰ ਕੇ ਨਿਪੁੰਸਕ ਬਣਾਇਆ ਜਾ ਸਕੇ।।ਇਕ ਦੂਸਰੇ ਤਰੀਕੇ ਵਿਚ ਕੀੜਿਆਂ ਦੀ ਰੋਕਥਾਮ ਲਈ ਉਨ੍ਹਾਂ ਵਿਚ ਜੀਨ ਦੇ ਪੱਧਰ 'ਤੇ ਤਬਦੀਲੀਆਂ ਕਰਨਾ ਵੀ ਸ਼ਾਮਲ ਹੈ।*

### ਭੌਤਿਕ ਰੋਕਥਾਮ (Physical Control)

*ਕੀੜਿਆਂ ਦੇ ਭੌਤਿਕ ਕੰਟਰੋਲ ਤੋਂ ਭਾਵ ਕੀੜਿਆਂ ਦੀ ਜਨਸੰਖਿਆ ਨੂੰ ਭੌਤਿਕ ਤਰੀਕਿਆਂ ਨਾਲ ਘਟਾਉਣਾ ਜਾਂ ਕੀੜਿਆਂ ਦੀ ਜਨਸੰਖਿਆ ਘਟਾਉਣ ਲਈ ਉਨ੍ਹਾਂ ਦੇ ਭੌਤਿਕ ਵਾਤਾਵਰਨ ਵਿਚ ਤਬਦੀਲੀ ਕਰਨਾ ਹੈ।*

*ਗਰਮੀ ਤੇ ਠੰਢ : ਖ਼ੁਸ਼ਕ ਅਤੇ ਗਰਮ ਹਵਾ ਦੀ ਵਰਤੋਂ, ਜਿਵੇਂ ਕਿ ਮਈ-ਜੂਨ ਵਿਚ ਸੂਰਜੀ ਗਰਮੀ ਦੀ ਵਰਤੋਂ ਬੀਜ ਅਤੇ ਭੰਡਾਰਨ ਕੀਤੇ ਅਨਾਜ ਵਿਚ ਲੁਕੇ ਕੀੜਿਆਂ ਨੂੰ ਮਾਰਨ ਲਈ ਕੀਤੀ ਜਾਂਦੀ ਹੈ। ਖ਼ਾਲੀ ਗੁਦਾਮ ਦੇ ਅੰਦਰ 10-12 ਘੰਟਿਆਂ ਲਈ 50 ਡਿਗਰੀ ਸੈਂਟੀਗ੍ਰੇਡ ਤਾਪਮਾਨ ਰੱਖਣ ਨਾਲ ਅਨਾਜ ਨੂੰ ਨੁਕਸਾਨ ਪਹੁੰਚਾਉਣ ਵਾਲੇ ਕੀੜੇ ਖ਼ਤਮ ਕੀਤੇ ਜਾ ਸਕਦੇ ਹਨ।।ਅਪ੍ਰੈਲ-ਮਈ ਦੇ ਮਹੀਨੇ ਵਿਚ ਨਰਮੇਂ ਦੇ ਬੀਜ ਨੂੰ ਪਤਲੀ ਤਹਿ ਵਿਚ ਵਿਛਾ ਕੇ ਸੂਰਜੀ ਤਪਸ਼ ਨਾਲ ਗੁਲਾਬੀ ਸੁੰਡੀ ਦੇ ਲਾਰਵੇ ਖ਼ਤਮ ਕੀਤੇ ਜਾ ਸਕਦੇ ਹਨ।।ਗੰਨੇ ਵਿਚ ਸਕੇਲ ਕੀੜੇ ਨੂੰ ਖ਼ਤਮ ਕਰਨ ਲਈ ਗੰਨਿਆਂ ਨੂੰ ਸਿੱਲ੍ਹੀ ਗਰਮ ਹਵਾ ਦੇ ਯੰਤਰ ਵਿਚ ਰੱਖ ਕੇ ਸੋਧਿਆ ਜਾਂਦਾ ਹੈ। ਫਲਾਂ ਨੂੰ ਕਈ ਦਿਨ ਤਕ 10 ਡਿਗਰੀ ਸੈਂਟੀਗ੍ਰੇਡ ਤਾਪਮਾਨ 'ਤੇ ਰੱਖਣ ਨਾਲ ਫਲ ਦੀ ਮੱਖੀ ਦੇ ਲਾਰਵੇ ਮਰ ਜਾਂਦੇ ਹਨ।*

*ਨਮੀ : ਕੀੜੇ ਹਵਾ ਵਿਚਲੀ ਨਮੀ ਪ੍ਰਤੀ ਕਾਫ਼ੀ ਸੰਵੇਦਨਸ਼ੀਲ ਹੁੰਦੇ ਹਨ ਪਰ ਖੇਤਾਂ ਵਿਚ ਘੱਟ ਨਮੀ ਨੂੰ ਬਰਕਰਾਰ ਰੱਖਣਾ ਬਹੁਤ ਮੁਸ਼ਕਿਲ ਤਾਂ ਹੈ।ਪਰ ਇਹ ਤਰੀਕਾ ਅਨਾਜ ਨੂੰ ਨੁਕਸਾਨ ਪਹੁੰਚਾਉਣ ਵਾਲੇ ਕੀੜਿਆਂ ਦੀ ਰੋਕਥਾਮ ਲਈ ਕਾਫ਼ੀ ਢੁਕਵਾਂ ਹੈ।।8-10 ਫ਼ੀਸਦੀ ਨਮੀ ਵਾਲੇ ਅਨਾਜ ਨੂੰ ਜੇ ਠੰਢੀ ਤੇ ਖ਼ੁਸ਼ਕ ਜਗ੍ਹਾ 'ਤੇ ਰੱਖਿਆ ਜਾਵੇ ਤਾਂ ਸੁਸਰੀ ਦਾ ਹਮਲਾ ਨਹੀਂ ਹੁੰਦਾ।।ਇਸੇ ਤਰ੍ਹਾਂ ਮੱਛਰ ਖੜ੍ਹੇ ਪਾਣੀ 'ਚ ਪੈਦਾ ਹੁੰਦਾ ਹੈ। ਪਾਣੀ ਨੂੰ ਸੁਕਾਉਣ ਨਾਲ ਮੱਛਰ ਦੇ ਲਾਰਵੇ ਮਰ ਜਾਂਦੇ ਹਨ।ਸ਼ਕਰ ਦੇ ਪੱਕੇ ਹਿੱਸਿਆਂ ਨੂੰ ਪਾਣੀ 'ਚ ਡੋਬ ਕੇ ਰੱਖਣ ਨਾਲ ਵੀਵਿਲਸ ਡੁੱਬ ਕੇ ਮਰ ਜਾਂਦੀਆਂ ਹਨ।*

## ਸਰਵਪੱਖੀ ਰੋਕਥਾਮ

ਸਰਵਪੱਖੀ ਰੋਕਥਾਮ ਤੋਂ ਭਾਵ ਫ਼ਸਲਾਂ ਦੇ ਹਾਨੀਕਾਰਕ ਕੀੜਿਆਂ ਦੀ ਰੋਕਥਾਮ ਲਈ ਵਰਤੇ ਜਾਣ ਵਾਲੇ ਉਨ੍ਹਾਂ ਸਾਰੇ ਤਰੀਕਿਆਂ ਦੇ ਸੰਗਠਿਤ ਰੂਪ ਤੋਂ ਹੈ, ਜਿਸ ਨਾਲ ਲਾਭ ਵਧੇਰੇ ਹੁੰਦਾ ਹੈ ਤੇ ਹਾਨੀ ਘੱਟ ਹੁੰਦੀ ਹੈ।ਸਰਵਪੱਖੀ ਕੀਟ ਪ੍ਰਬੰਧ ਇਸ ਮੂਲ 'ਤੇ ਆਧਾਰਿਤ ਹੈ ਕਿ ਰਸਾਇਣਾਂ ਦੀ ਵਰਤੋਂ ਦੀ ਦਰ ਤੇ ਮਾਤਰਾ ਦੋਵੇਂ ਘੱਟ ਕੀਤੀਆਂ ਜਾਣ ਤਾਂ ਕਿ ਇਨ੍ਹਾਂ ਦੀ ਵਧੇਰੇ ਵਰਤੋਂ ਤੋਂ ਹੋਣ ਵਾਲੇ ਨੁਕਸਾਨ ਨੂੰ ਖ਼ਤਮ ਕੀਤਾ ਜਾ ਸਕੇ। ਕੀੜਿਆਂ ਦੀ ਰਸਾਇਣਕ ਤੇ ਜੈਵਿਕ ਰੋਕਥਾਮ ਸਰਵਪੱਖੀ ਕੀਟ ਪ੍ਰਬੰਧ ਹੇਠ ਵਧੀਆ ਬਦਲਾਅ ਸਮਝੇ ਜਾਂਦੇ ਹਨ।

**ਚੋਣਵੇਂ ਕੀਟਨਾਸ਼ਕਾਂ ਦੀ ਵਰਤੋਂ** : ਮੀਥਾਈਲ ਡੈਮੇਟਨ ਨੂੰ ਚੇਪੇ ਦੀ ਰੋਕਥਾਮ ਲਈ ਵਰਤਿਆ ਜਾਂਦਾ ਹੈ ਪਰ ਨਾਲ ਹੀ ਇਹ ਸ਼ਿਕਾਰੀ ਤੇ ਪਰਜੀਵੀ ਕੀੜਿਆਂ ਲਈ ਹਾਨੀਕਾਰਕ ਨਹੀਂ ਹੈ। ਸਰ੍ਹੋਂ ਦੇ ਚੇਪੇ ਦੀ ਰੋਕਥਾਮ ਲਈ ਵਰਤਿਆ ਜਾਣ ਵਾਲਾ ਕੀਟਨਾਸ਼ਕ ਮੀਨੋਜ਼ੋਨ ਲੇਡੀ ਬਰਡ ਬੀਟਲ ਨੂੰ ਨੁਕਸਾਨ ਨਹੀਂ ਪਹੁੰਚਾਉਂਦਾ। ਇਸ ਤਰ੍ਹਾਂ ਉਹ ਕੀਟਨਾਸ਼ਕ ਵਰਤਣੇ ਚਾਹੀਦੇ ਹਨ, ਜੋ ਦੁਸ਼ਮਣ ਕੀੜਿਆਂ ਲਈ ਹਾਨੀਕਾਰਕ ਹੋਣ ਪਰ ਮਿੱਤਰ ਕੀੜਿਆਂ ਲਈ ਨਹੀਂ।

**ਰਸਾਇਣਾਂ ਦੀ ਵਰਤੋਂ ਦਾ ਸਮਾਂ** : ਕਿਸੇ ਰਸਾਇਣ ਦੀ ਵਰਤੋਂ ਦਾ ਸਮਾਂ ਹਾਨੀਕਾਰਕ ਤੇ ਮਿੱਤਰ ਕੀੜਿਆਂ 'ਤੇ ਚੋਣਵਾਂ ਅਸਰ ਪਾ ਸਕਦਾ ਹੈ, ਜਿਵੇਂ ਕਿ ਅਲਫਾ-ਅਲਫਾ ਕੈਟਰਪਿਲਰ ਦੇ ਪਰਜੀਵੀ ਕਿਸੇ ਰਸਾਇਣ ਦੇ ਪ੍ਰਯੋਗ ਨਾਲ ਨੁਕਸਾਨੇ ਨਹੀਂ ਜਾਂਦੇ ਜਦੋਂ ਇਹ ਪਿਊਪਾ ਦੀ ਅਵਸਥਾ 'ਚ ਹੁੰਦੇ ਹਨ ਪਰ ਇਹ ਧਿਆਨ ਰੱਖਣ ਵਾਲੀ ਗੱਲ ਹੈ ਕਿ ਇਸ ਰਸਾਇਣ ਦੇ ਮਾਰੂ ਅਸਰ ਲੰਬੇ ਸਮੇਂ ਤਕ ਨਾ ਰਹਿਣ ਵਾਲੇ ਹੋਣ।

**ਬਿਮਾਰੀ ਫ਼ੈਲਾਉਣ ਵਾਲੇ ਸੂਖਮ ਜੀਵਾਂ ਦੀ ਵਰਤੋਂ** : ਕੀੜਿਆਂ 'ਚ ਬਿਮਾਰੀ ਫ਼ੈਲਾਉਣ ਵਾਲੇ ਸੂਖਮ ਜੀਵ, ਜਿਵੇਂ ਪੋਲੀਹੈਡਰਲ ਵਾਇਰਸ ਦੀ ਵਰਤੋਂ ਰਸਾਇਣਾਂ ਦੀ ਵਰਤੋਂ ਘੱਟ ਕਰਨ ਲਈ ਅਲਫਾ-ਅਲਫਾ ਕੈਟਰਪਿਲਰ ਦੇ ਵਿਰੁੱਧ ਸਫਲਤਾ-ਪੂਰਵਕ ਕੀਤੀ ਗਈ ਹੈ।


**ਕੀੜੇ ਦਾ ਸੁਭਾਅ** : ਕੀੜੇ ਦੇ ਸੁਭਾਅ ਨੂੰ ਸਮਝਣ ਨਾਲ ਰਸਾਇਣ ਦੀ ਵਰਤੋਂ ਕਦੋਂ ਤੇ ਕਿਸ ਜਗ੍ਹਾ 'ਤੇ ਕਰਨੀ ਹੈ, ਇਸ ਦਾ ਪਤਾ ਲਗਾਇਆ ਜਾ ਸਕਦਾ ਹੈ, ਜਿਵੇਂ ਕੱਦੂ ਜਾਤੀ ਦੇ ਫਲ ਦੀ ਮੱਖੀ ਦਿਨ ਵੇਲੇ ਮੱਕੀ ਦੇ ਪੱਤੇ ਦੇ ਹੇਠਲੇ ਪਾਸੇ ਬੈਠ ਕੇ ਆਰਾਮ ਕਰਦੀ ਹੈ। ਇਸ ਦੀ ਰੋਕਥਾਮ ਖਿੜੀ ਧੁੱਪ ਵਾਲੇ ਸਮੇਂ ਤੇ ਕੱਦੂ ਜਾਤੀ ਦੇ ਬੂਟੇ 'ਤੇ ਨਾ ਕਰ ਕੇ ਇਸ ਦੇ ਨੇੜੇ ਲੱਗੀ ਮੱਕੀ 'ਤੇ ਕਰਨ ਨਾਲ ਇਸ ਦਾ ਵਧੇਰੇ ਖ਼ਾਤਮਾ ਕੀਤਾ ਜਾ ਸਕਦਾ ਹੈ।

## ਲੀਗਲ ਰੋਕਥਾਮ

ਜਦੋਂ ਪੌਦੇ ਤੇ ਬੀਜ ਇਕ ਜਗ੍ਹਾ ਤੋਂ ਦੂਸਰੀ ਜਗ੍ਹਾ ਲਿਜਾਏ ਜਾਂਦੇ ਹਨ ਤਾਂ ਇਨ੍ਹਾਂ ਨਾਲ ਬਿਮਾਰੀਆਂ ਤੇ ਕੀੜੇ ਮਕੌੜੇ ਵੀ ਨਵੀਂ ਜਗ੍ਹਾ ਪਹੁੰਚ ਜਾਂਦੇ ਹਨ। ਇਨ੍ਹਾਂ ਕੀੜਿਆਂ ਤੇ ਬਿਮਾਰੀਆਂ ਨੂੰ ਸੰਸਾਰ ਦੇ ਦੂਸਰੇ ਹਿੱਸਿਆਂ 'ਚ ਫੈਲਣ ਤੋਂ ਰੋਕਣ ਲਈ ਬਣਾਏ ਗਏ ਕਨੂੰਨ ਲੀਗਲ ਰੋਕਥਾਮ ਅਖਵਾਉਂਦੇ ਹਨ। ਭਾਰਤ ਵਿਚ ਵੀ ਅਜਿਹੇ ਕਾਨੂੰਨੀ ਪ੍ਰਬੰਧ ਹਨ। ਇਸ ਐਕਟ ਅਧੀਨ ਦਰਾਮਦ ਕੀਤੀਆਂ ਜਾਣ ਵਾਲੀਆਂ ਸਾਰੀਆਂ ਚੀਜ਼ਾਂ ਦਾ ਨਿਰੀਖਣ ਕੀਤਾ ਜਾਂਦਾ ਹੈ ਕਿ ਇਹ ਕੀੜਿਆਂ ਤੇ ਬਿਮਾਰੀਆਂ ਤੋਂ ਮੁਕਤ ਹਨ ਜਾਂ ਨਹੀਂ ਜਾਂ ਇਨ੍ਹਾਂ ਵਸਤਾਂ ਨੂੰ ਜ਼ਹਿਰੀਲੀ ਗੈਸ ਨਾਲ ਕੀੜਿਆਂ ਤੇ ਬਿਮਾਰੀਆਂ ਤੋਂ ਮੁਕਤ ਕੀਤਾ ਜਾਂਦਾ ਹੈ। •

---

*ਮੱਧ ਪ੍ਰਦੇਸ਼ 'ਚ ਅਜਿਹਾ ਬੀਜ ਬੈਂਕ ਹੈ, ਜਿਸ 'ਚ 9 ਹਜ਼ਾਰ ਕਿਸਮਾਂ ਦੇ ਦੇਸੀ ਬੀਜ ਸੰਭਾਲ ਕੇ ਰੱਖੇ ਗਏ ਹਨ। ਇਨ੍ਹਾਂ ਵਿੱਚੋਂ 7 ਹਜ਼ਾਰ ਕਿਸਮਾਂ ਇਕੱਲੇ ਛੋਲਿਆਂ ਨਾਲ ਸਬੰਧਤ ਹਨ। ਪੰਜਾਬ ਨੂੰ ਵੀ ਅਜਿਹੀ ਪਹਿਲਕਦਮੀ ਕਰਨੀ ਚਾਹੀਦੀ ਹੈ...*



# 9 ਹਜ਼ਾਰ ਦੇਸੀ ਫ਼ਸਲਾਂ ਦੇ ਬੀਜ ਸੰਭਾਲਦੇ ਨੇ ਬੀਜ ਬੈਂਕ

• ਬ੍ਰਿਸ ਭਾਨ ਬੁਜਰਕ
98761-01698

ਦੇਸ਼ ਦੇ ਕਈ ਸੂਬਿਆਂ 'ਚ ਕਿਸਾਨਾਂ ਵੱਲੋਂ ਬੀਜਾਂ ਦੀ ਪੈਦਾਵਾਰ ਕਰਨੀ ਛੱਡ ਦਿੱਤੇ ਜਾਣ ਤੋਂ ਬਾਅਦ ਬਹੁਤ ਸਾਰੇ ਕਿਸਾਨ ਫ਼ਸਲਾਂ, ਫੁੱਲਾਂ, ਫਲਾਂ, ਸਬਜ਼ੀਆਂ ਦੇ ਬੀਜਾਂ ਦੀ ਖ਼ਰੀਦ ਲਈ ਬਾਜ਼ਾਰ 'ਤੇ ਨਿਰਭਰ ਹਨ। ਕੋਈ ਸਮਾਂ ਸੀ ਜਦੋਂ ਕਿਸਾਨ ਰਵਾਇਤੀ ਫ਼ਸਲਾਂ ਕਣਕ, ਝੋਨਾ, ਕਪਾਹ, ਛੋਲੇ, ਮੱਕੀ ਸਮੇਤ ਕਈ ਫ਼ਸਲਾਂ ਦੇ ਬੀਜ ਆਪਣੇ ਖੇਤਾਂ ਵਿੱਚੋਂ ਹੀ ਰੱਖ ਕੇ ਅਗਲੀ ਫ਼ਸਲ ਬੀਜਦੇ ਸਨ। ਬੀਜ-ਸੰਭਾਲ ਦੇ ਅਧੁਨਿਕ ਢੰਗ ਨਾ ਹੋਣ ਕਾਰਨ ਕਣਕ ਦਾ ਬੀਜ ਨੂੰ ਪੰਜ-ਛੇ ਮਹੀਨੇ ਤੂੜੀ ਵਾਲੇ ਕੋਠੇ 'ਚ ਰੱਖਿਆ ਜਾਂਦਾ ਸੀ ਤਾਂ ਕਿ ਕੀੜੇ-ਮਕੌੜਿਆਂ ਤੋਂ ਬਚਾਅ ਹੋ ਸਕੇ।

## ਕਈ ਸੂਬਿਆਂ ਨੇ ਬਣਾਏ ਬੀਜ ਬੈਂਕ

ਆਧੁਨਿਕਤਾ ਨੇ ਖੇਤਾਂ ਵਿੱਚੋਂ ਬਹੁਤ ਸਾਰੀਆਂ ਦੇਸੀ ਕਿਸਮਾਂ ਦੀਆਂ ਫ਼ਸਲਾਂ ਦਾ ਖ਼ਾਤਮਾ ਕਰ ਦਿੱਤਾ ਹੈ ਪਰ ਮੱਧ ਪ੍ਰਦੇਸ਼, ਉੱਤਰਾਖੰਡ ਤੇ ਮਹਾਰਾਸ਼ਟਰ ਵਿਚ ਦੇਸੀ ਫ਼ਸਲਾਂ ਦੇ ਬੀਜਾਂ ਨੂੰ ਸੰਭਾਲਿਆ ਜਾ ਰਿਹਾ ਹੈ। ਮੱਧ ਪ੍ਰਦੇਸ਼ ਵਿਚ ਅਜਿਹਾ ਬੈਂਕ ਹੈ, ਜਿਸ ਵਿਚ ਕਰੀਬ 9 ਹਜ਼ਾਰ ਕਿਸਮਾਂ ਦੇ ਦੇਸੀ ਬੀਜ ਸੰਭਾਲ ਕੇ ਰੱਖੇ ਗਏ ਹਨ। ਇਨ੍ਹਾਂ ਵਿੱਚੋਂ 7 ਹਜ਼ਾਰ ਕਿਸਮਾਂ ਇਕੱਲੇ ਛੋਲਿਆਂ ਨਾਲ ਸਬੰਧਤ ਹਨ। ਉੱਤਰਾਖੰਡ ਵਿਚ ਵਿਆਹਾਂ ਮੌਕੇ ਕਿਸੇ ਨਾ ਕਿਸੇ ਕਿਸਮ ਦੇ ਦੇਸੀ ਬੀਜ ਤੋਹਫ਼ੇ ਵਜੋਂ ਵੀ ਦਿੱਤੇ ਜਾਂਦੇ ਹਨ। ਮਹਾਰਾਸ਼ਟਰ ਦੇ ਵਰਧਾ ਜ਼ਿਲ੍ਹੇ ਦੀ ਤਹਿਸੀਲ ਸਮੁੰਦਰਪੁਰ ਦੇ ਗੀਰੜ ਪਿੰਡ ਵਿਚ ਵੀ ਦੇਸੀ ਬੀਜਾਂ ਨੂੰ ਸੰਭਾਲ ਕੇ ਰੱਖਣ ਦੀ ਮੁਹਿੰਮ ਚਲਾਈ ਜਾ ਰਹੀ ਹੈ। ਪੰਜਾਬ ਦੇ ਜੈਵਿਕ ਖੇਤੀ ਕਰਨ ਵਾਲੇ ਜ਼ਿਆਦਾਤਰ ਕਿਸਾਨ ਕਣਕ, ਪਾਲਕ, ਕਮਾਦ, ਮਟਰ, ਛੋਲਿਆਂ ਸਮੇਤ ਕਈ ਤਰ੍ਹਾਂ ਦੇ ਦੇਸੀ ਬੀਜਾਂ ਨਾਲ ਹੀ ਖੇਤੀ ਕਰਦੇ ਹਨ।

## ਕਾਰਗਰ ਹਨ ਦੇਸੀ ਕਿਸਮਾਂ

ਹਾਈਬ੍ਰਿਡ ਬੀਜਾਂ ਦੇ ਮੁਕਾਬਲੇ ਦੇਸੀ ਕਿਸਮਾਂ ਮੌਸਮੀ ਤਬਦੀਲੀਆਂ ਨਾਲ ਟਾਕਰਾ ਕਰਨ ਦੇ ਸਮਰੱਥ ਹਨ ਤੇ ਇਨ੍ਹਾਂ ਅੰਦਰ ਕੀੜਿਆਂ ਤੇ ਬਿਮਾਰੀਆਂ ਦਾ ਮੁਕਾਬਲਾ ਕਰਨ ਦੀ ਵਧੇਰੇ ਸਮਰਥਾ ਹੋਣ ਕਾਰਨ ਕੀੜੇਮਾਰ ਦਵਾਈਆਂ ਤੇ ਰਸਾਇਣਕ ਖਾਦਾਂ ਦੀ ਜ਼ਰੂਰਤ ਵੀ ਘੱਟ ਪੈਂਦੀ ਹੈ। ਕਈ ਦੇਸੀ ਕਿਸਮਾਂ ਆਪਣੇ ਫਲ ਕੁਦਰਤੀ ਤੌਰ 'ਤੇ ਪੈਦਾ ਕਰਦੀਆਂ ਹਨ ਜਦਕਿ ਹਾਈਬ੍ਰਿਡ ਕਿਸਮਾਂ ਕੋਲੋਂ ਕਈ ਗੁਣਾਂ ਵੱਧ ਝਾੜ ਲੈਣ ਲਈ ਖਾਦਾਂ ਤੇ ਕੀੜੇਮਾਰ ਜ਼ਹਿਰਾਂ ਦੀ ਵਰਤੋਂ ਵਧੇਰੇ ਕਰਨੀ ਪੈਂਦੀ ਹੈ। ਇਨ੍ਹਾਂ ਜ਼ਹਿਰਾਂ ਕਾਰਨ ਦੁਸਮਣ ਕੀੜਿਆਂ ਦੇ ਨਾਲ-ਨਾਲ ਕਿਸਾਨ ਦੇ ਮਿੱਤਰ ਕੀੜੇ ਵੀ ਖ਼ਤਮ ਹੋ ਰਹੇ ਹਨ। ਮੌਸਮੀ ਤਬਦੀਲੀਆਂ ਕਾਰਨ ਇਕ ਨਾ ਇਕ ਦਿਨ ਦੇਸੀ ਕਿਸਮਾਂ ਦੀ ਕਾਸ਼ਤ ਵੱਲ ਮੁੜਨਾ ਪਵੇਗਾ। ਹਾਈਬ੍ਰਿਡ ਕਿਸਮਾਂ, ਖ਼ਾਸ ਕਰਕੇ ਜੀਐੱਮ ਫ਼ਸਲਾਂ ਨੇ ਮਨੁੱਖੀ ਸਿਹਤ ਉੱਪਰ ਕਈ ਮਾਰੂ ਅਸਰ ਕੀਤੇ ਹਨ।

ਪੰਜਾਬ ਦੇ ਕਿਸਾਨਾਂ ਨੂੰ ਆਪਣੇ ਖਾਣ ਲਈ ਦੇਸੀ ਕਿਸਮਾਂ ਦੀਆਂ ਫ਼ਸਲਾਂ ਬੀਜਣ ਤੋਂ ਇਲਾਵਾ ਇਨ੍ਹਾਂ ਕਿਸਮਾਂ ਦੇ ਬੀਜਾਂ ਦੀ ਸੰਭਾਲ ਵੱਲ ਖ਼ਾਸ ਧਿਆਨ ਦੇਣਾ ਚਾਹੀਦਾ ਹੈ। •

### ਕੁਦਰਤੀ ਜੜੀਆਂ-ਬੂਟੀਆਂ ਦਾ ਖ਼ਾਤਮਾ

*ਦੇਸੀ ਕਿਸਮਾਂ ਦੇ ਨਾਲ-ਨਾਲ ਅਜਿਹੀ ਬਨਸਪਤੀ ਵੀ ਖ਼ਤਮ ਹੋ ਰਹੀ ਹੈ, ਜਿਹੜੀ ਸਾਡੀਆਂ ਖ਼ੁਰਾਕੀ ਲੋੜਾਂ ਨੂੰ ਪੂਰਾ ਕਰਦੀ ਸੀ। ਔਸ਼ਧੀ ਗੁਣਾਂ, ਵਿਟਾਮਿਨ, ਆਇਰਨ, ਕੈਲਸ਼ੀਅਮ ਆਦਿ ਦੀ ਪੂਰਤੀ ਲਈ ਸਾਨੂੰ ਮੈਡੀਕਲ ਸਟੋਰਾਂ 'ਤੇ ਨਿਰਭਰ ਕਰਨਾ ਪੈ ਰਿਹਾ ਹੈ। ਕਿਸਾਨ ਦੇਸੀ ਕਿਸਮਾਂ ਦੇ ਬੀਜ ਹਰ ਵਾਰ ਉਸੇ ਫ਼ਸਲ ਤੋਂ ਲੈ ਕੇ ਬੀਜ ਸਕਦਾ ਹੈ ਪਰ ਹਾਈਬ੍ਰਿਡ ਕਿਸਮਾਂ ਦਾ ਬੀਜ ਹਰ ਸਾਲ ਨਵਾਂ ਖ਼ਰੀਦਣਾ ਪੈਂਦਾ ਹੈ ਅਤੇ ਇਹ ਮਹਿੰਗਾ ਵੀ ਹੁੰਦਾ ਹੈ। ਅਜਿਹੀਆਂ ਵੱਧ ਝਾੜ ਦੇਣ ਵਾਲੀਆਂ ਹਾਈਬ੍ਰਿਡ ਕਿਸਮਾਂ ਜ਼ਰੀਏ ਜੋ ਵਪਾਰੀ ਕਿਸਾਨਾਂ ਲਈ ਕਮਾਈ ਦੇ ਵਧੇਰੇ ਜ਼ਰੀਏ ਪੈਦਾ ਕਰ ਰਿਹਾ ਹੈ ਤਾਂ ਦੂਜੇ ਪਾਸੇ ਇਹੀ ਵਪਾਰੀ ਵਰਗ ਗੰਭੀਰ ਬਿਮਾਰੀਆਂ ਤੇ ਹੋਰ ਅਲਾਮਤਾਂ ਦੇ ਰੂਪ ਵਿਚ ਕਿਸਾਨਾਂ ਪਾਸੋਂ ਕਈ ਗੁਣਾਂ ਪੈਸਾ ਵਸੂਲ ਵੀ ਰਿਹਾ ਹੈ।*

---

• ਗੁਰਜੀਤ ਸਿੰਘ ਮਾਂਗਟ, ਨਵਜੋਤ ਕੌਰ ਸਿੱਧੂ, 98145-16464

*ਝੋਨੇ ਦੀ ਫ਼ਸਲ ਤੋਂ ਮੁਨਾਫ਼ਾ ਕਾਇਮ ਰੱਖਣ ਲਈ ਸੁਧਰੀਆਂ ਤੇ ਘੱਟ ਸਮੇਂ 'ਚ ਤਿਆਰ ਹੋਣ ਵਾਲੀਆਂ ਕਿਸਮਾਂ ਬੇਹੱਦ ਅਹਿਮ ਹਨ। ਕਿਸਮ ਦੀ ਚੋਣ ਫ਼ਸਲੀ ਚੱਕਰ ਨੂੰ ਧਿਆਨ 'ਚ ਰੱਖ ਕੇ ਹੀ ਕਰੋ...*



# ਝੋਨੇ ਦੀ ਸੁਚੱਜੀ ਕਾਸ਼ਤ

ਝੋਨਾ ਸਾਉਣੀ ਦੀ ਮੁੱਖ ਫ਼ਸਲ ਹੈ। ਸਾਲ 2017-18 ਵਿਚ ਝੋਨੇ ਦੀ ਕਾਸ਼ਤ ਲਗਪਗ 76 ਲੱਖ ਏਕੜ ਰਕਬੇ 'ਚ ਕੀਤੀ ਗਈ, ਜਿਸ ਤੋਂ ਔਸਤ ਝਾੜ 26 ਕੁਇੰਟਲ ਪ੍ਰਤੀ ਏਕੜ ਤੇ ਉਤਪਾਦਨ 2010.9 ਲੱਖ ਕੁਇੰਟਲ ਰਿਹਾ।

ਜ਼ਮੀਨਦੋਜ਼ ਪਾਣੀ ਦੇ ਡਿੱਗ ਰਹੇ ਪੱਧਰ ਤੇ ਪਰਾਲੀ ਦੀ ਸਾਂਭ-ਸੰਭਾਲ ਇਸ ਸਮੇਂ ਵੱਡੀ ਚਿੰਤਾ ਦਾ ਵਿਸ਼ਾ ਹਨ। ਮੌਸਮੀ ਤਬਦੀਲੀਆਂ ਤੇ ਮੰਡੀਕਰਨ ਦੀਆਂ ਸਮੱਸਿਆਵਾਂ ਨੇ ਸਥਿਤੀ ਨੂੰ ਹੋਰ ਗੁੰਝਲਦਾਰ ਬਣਾਇਆ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੁਆਰਾ ਘੱਟ ਸਮੇਂ 'ਚ ਪੱਕਣ ਵਾਲੀਆਂ ਕਿਸਮਾਂ ਪੀਆਰ-121, ਪੀਆਰ-122, ਪੀਆਰ-124, ਪੀਆਰ-126 ਦੀ ਸਿਫ਼ਾਰਸ਼ ਉਪਰੰਤ ਪੀਆਰ ਕਿਸਮਾਂ ਹੇਠ ਰਕਬੇ 'ਚ ਨਿਰੰਤਰ ਵਾਧ ਰਿਹਾ ਹੈ। 2017 ਦੌਰਾਨ ਪੀਆਰ ਕਿਸਮਾਂ ਹੇਠ ਰਕਬਾ 68.5 ਫ਼ੀਸਦੀ ਹੋ ਗਿਆ ਤੇ ਪੂਸਾ-44 ਹੇਠ ਸਿਰਫ਼ 17 ਫ਼ੀਸਦੀ ਰਹਿ ਗਿਆ। ਪੀਆਰ ਕਿਸਮਾਂ ਦੀ ਕਾਸ਼ਤ ਬਦੌਲਤ ਪੰਜਾਬ ਪਿਛਲੇ ਤਿੰਨ ਸਾਲ ਤੋਂ ਪ੍ਰਤੀ ਏਕੜ ਝਾੜ, ਪੈਦਾਵਾਰ ਤੇ ਕੇਂਦਰੀ ਪੂਲ 'ਚ ਯੋਗਦਾਨ ਦੇ ਨਵੇਂ ਕੀਰਤੀਮਾਨ ਸਥਾਪਿਤ ਕਰ ਰਿਹਾ ਹੈ। ਮੁਨਾਫ਼ੇ ਨੂੰ ਕਾਇਮ ਰੱਖਣ ਲਈ ਖੇਤੀ ਦੀਆਂ ਸਮੁੱਚੀਆਂ ਸਿਫ਼ਾਰਸ਼ਾਂ ਨੂੰ ਅਪਨਾਉਣਾ ਪਵੇਗਾ। ਇਨ੍ਹਾਂ ਪਹਿਲੂਆਂ ਨੂੰ ਧਿਆਨ 'ਚ ਰੱਖਦੇ ਹੋਏ, ਝੋਨੇ ਦੀ ਸਫ਼ਲ ਕਾਸ਼ਤ ਲਈ ਕੁਝ ਜ਼ਰੂਰੀ ਗੱਲਾਂ ਨੂੰ ਧਿਆਨ 'ਚ ਰੱਖਣਾ ਬੇਹੱਦ ਲਾਜ਼ਮੀ ਹੈ :

## ਸਹੀ ਕਿਸਮ ਦੀ ਚੋਣ

ਝੋਨੇ ਤੋਂ ਮੁਨਾਫ਼ੇ ਨੂੰ ਕਾਇਮ ਰੱਖਣ ਲਈ ਸੁਧਰੀਆਂ ਕਿਸਮਾਂ ਦਾ ਯੋਗਦਾਨ ਬਹੁਤ ਅਹਿਮ ਹੈ। ਨਤੀਜਿਆਂ ਅਨੁਸਾਰ ਕੁੱਲ ਝਾੜ ਵਿਚ ਅੱਧਾ ਯੋਗਦਾਨ ਕਿਸਮਾਂ ਦਾ ਹੈ ਤੇ ਬਾਕੀ ਅੱਧਾ ਪੈਦਾਵਾਰ ਦੀਆਂ ਤਕਨੀਕਾਂ ਦਾ ਹੁੰਦਾ ਹੈ। ਪ੍ਰਮਾਣਿਤ ਕਿਸਮਾਂ ਖੇਤੀ ਦੀ ਮੁੱਢਲੀ ਸਮਗਰੀ ਹੈ ਕਿਉਂਕਿ ਬਾਕੀ ਸਾਰੀਆਂ ਤਕਨੀਕਾਂ ਇਸ ਉੱਪਰ ਨਿਰਭਰ ਕਰਦੀਆਂ ਹਨ। ਮੌਸਮੀ ਤਬਦੀਲੀਆਂ ਤੇ ਜ਼ਮੀਨਦੋਜ਼ ਪਾਣੀ ਦੇ ਘਟਦੇ ਪੱਧਰ ਨੂੰ ਧਿਆਨ 'ਚ ਰੱਖਦੇ ਹੋਏ ਉਨ੍ਹਾਂ ਕਿਸਮਾਂ ਨੂੰ ਤਵੱਜੋਂ ਦੇਣੀ ਚਾਹੀਦੀ ਹੈ ਜੋ ਵਧੇਰੇ ਝਾੜ ਦੇ ਨਾਲ-ਨਾਲ ਪੱਕਣ 'ਚ ਘੱਟ ਸਮਾਂ ਲੈਂਦੀਆਂ ਹੋਣ। ਕਿਸਮ ਦੀ ਚੋਣ ਇਨ੍ਹਾਂ ਗੱਲਾਂ ਨੂੰ ਧਿਆਨ 'ਚ ਰੱਖ ਕੇ ਕਰਨੀ ਚਾਹੀਦੀ ਹੈ :

**ਫ਼ਸਲੀ ਚੱਕਰ** : ਵੱਖ-ਵੱਖ ਫ਼ਸਲੀ ਚੱਕਰਾਂ ਲਈ ਕਿਸਮਾਂ ਵੀ ਵੱਖਰੀਆਂ-ਵੱਖਰੀਆਂ ਹੁੰਦੀਆਂ ਹਨ, ਜਿਵੇਂ ਕਣਕ-ਝੋਨੇ ਲਈ ਪੀਆਰ-121, ਪੀਆਰ-122, ਪੀਆਰ-124, ਪੀਆਰ-114 ਆਦਿ। ਆਲੂ/ਮੂੰਗੀ/ਖ਼ਰਬੂਜ਼ੇ ਲਈ ਪੀਆਰ-126, ਪੀਆਰ-124, ਪੀਆਰ-121, ਪੂਸਾ ਬਾਸਮਤੀ-1509 ਢੁਕਵੀਆਂ ਹਨ।

**ਮੰਡੀਕਰਨ** : ਸੀਐੱਸਆਰ-30, ਪੰਜਾਬ ਬਾਸਮਤੀ-5, ਪੰਜਾਬ ਬਾਸਮਤੀ-4 ਦੇ ਮੰਡੀਕਰਨ ਲਈ ਅੰਮ੍ਰਿਤਸਰ, ਗੁਰਦਾਸਪੁਰ, ਤਰਨਤਾਰਨ ਜ਼ਿਲ੍ਹੇ ਜ਼ਿਆਦਾ ਢੁਕਵੇਂ ਹਨ।

**ਇਲਾਕੇ ਦੀ ਮੰਗ** : ਪੀਆਰ-114, ਪੀਆਰ-123 ਤੇ ਪੀਆਰ-126 ਕਿਸਮਾਂ ਫ਼ਰੀਦਕੋਟ, ਫ਼ਿਰੋਜ਼ਪੁਰ ਤੇ ਫ਼ਤਹਿਗੜ੍ਹ ਸਾਹਿਬ ਜ਼ਿਲ੍ਹਿਆਂ ਲਈ ਢੁਕਵੀਆਂ ਹਨ।

### ਪਰਮਲ ਤੇ ਬਾਸਮਤੀ ਦਾ ਸਹੀ ਅਨੁਪਾਤ

*ਇਹ ਗੱਲ ਖ਼ਾਸ ਧਿਆਨ ਦੇਣ ਵਾਲੀ ਹੈ ਕਿ ਪਰਮਲ ਤੇ ਬਾਸਮਤੀ ਝੋਨੇ ਦੇ ਅਨੁਪਾਤ ਨੂੰ ਸਹੀ ਰੱਖਿਆ ਜਾਵੇ। ਜੇ ਬਾਸਮਤੀ ਹੇਠ ਰਕਬਾ ਜ਼ਿਆਦਾ ਵਧੇਗਾ ਤਾਂ ਵਾਜਬ ਮੁੱਲ ਨਹੀਂ ਮਿਲੇਗਾ। ਇਸ ਦੀ ਉਦਾਹਰਣ 2014-15, ਅਤੇ 2015-16 ਦੀ ਪੈਦਾਵਾਰ ਤੋਂ ਲਈ ਜਾ ਸਕਦੀ ਹੈ। ਇਨ੍ਹਾਂ ਵਰ੍ਹਿਆਂ ਦੌਰਾਨ ਬਾਸਮਤੀ ਦਾ ਰਕਬਾ 8.62 ਤੋਂ 7.60 ਲੱਖ ਹੈਕਟੇਅਰ ਸੀ, ਜਿਸ ਕਾਰਨ ਬਾਸਮਤੀ ਦੀ ਕੀਮਤ ਝੋਨੇ ਤੋਂ ਵੀ ਹੇਠਾਂ ਚਲੀ ਗਈ ਸੀ।।ਬਾਸਮਤੀ ਦੀ ਵਾਜਬ ਕੀਮਤ ਤਦ ਹੀ ਮਿਲਦੀ ਹਨ ਜੇ ਇਸ ਦਾ ਰਕਬਾ 5 ਤੋਂ 5.5 ਲੱਖ ਹੈਕਟੇਅਰ ਹੋਵੇ। ਬਾਸਮਤੀ ਦੀ ਕੀਮਤ ਕੌਮਾਂਤਰੀ ਤੇ ਘਰੇਲੂ ਮੰਗ, ਦੇਸ਼-ਵਿਦੇਸ਼ ਵਿਚ ਪਿਛਲੇ ਸੀਜ਼ਨ ਦੇ ਬਚੇ ਸਟਾਕ, ਸੰਭਾਵਿਤ ਰਕਬਾ ਆਦਿ 'ਤੇ ਨਿਰਭਰ ਕਰਦੀ ਹੈ।*

## ਤਸੱਲੀਬਖ਼ਸ਼ ਬੀਜ ਦਾ ਪ੍ਰਬੰਧ

ਵੇਖਣ 'ਚ ਆਇਆ ਹੈ ਕਿ ਕਿਸਾਨ ਆਪ ਬੀਜ ਨਹੀਂ ਰੱਖ ਰਹੇ ਤੇ ਹਰ ਸਾਲ ਨਵਾਂ ਬੀਜ ਖ਼ਰੀਦਣ ਦਾ ਰੁਝਾਨ ਹੈ। ਅਜਿਹਾ ਕਰਨਾ ਲਾਹੇਵੰਦ ਨਹੀਂ ਹੈ। ਕਈ ਵਾਰ ਬੀਜ ਦੀ ਵਧੇਰੇ ਮੰਗ ਦੀ ਪੂਰਤੀ ਲਈ ਦੁਕਾਨਦਾਰ ਘਟੀਆ ਬੀਜ ਵੇਚ ਦਿੰਦੇ ਹਨ। ਜਿਸ ਨਾਲ ਫ਼ਸਲ ਨੂੰ ਬਿਮਾਰੀਆਂ ਵੱਧ ਲਗਦੀਆਂ ਅਤੇ ਉਤਪਾਦਨ 'ਚ ਵੀ ਗਿਰਾਵਟ ਆਉਂਦੀ ਹੈ। ਫ਼ਸਲ 'ਤੇ ਇਹ ਇਹ ਬਿਮਾਰੀਆਂ ਬੀਜ ਦੁਆਰਾ ਫ਼ੈਲਦੀਆਂ ਹਨ। ਇਸ ਲਈ ਜ਼ਰੂਰੀ ਹੈ ਕਿ ਵਧੀਆ ਕਿਸਮਾਂ ਦੇ ਨਾਲ-ਨਾਲ ਉੱਤਮ ਕੁਆਲਟੀ ਦਾ ਬੀਜ ਹੀ ਵਰਤਿਆ ਜਾਵੇ। ਇਸ ਦੇ ਲਈ ਜ਼ਰੂਰੀ ਹੈ ਕਿ ਬੀਜ ਭਰੋਸੇਯੋਗ ਅਦਾਰਿਆਂ ਤੋਂ ਹੀ ਲਿਆ ਜਾਵੇ।

## ਨਰੋਈ ਪਨੀਰੀ ਤਿਆਰ ਕਰਨ ਦਾ ਢੰਗ

ਫ਼ਸਲ ਤੋਂ ਪੂਰਾ ਝਾੜ ਲੈਣ ਲਈ ਨਰੋਈ ਪਨੀਰੀ ਉਗਾਉਣਾ ਬਹੁਤ ਜ਼ਰੂਰੀ ਹੈ :

**ਬਿਜਾਈ ਦਾ ਸਮਾਂ** : ਝੋਨੇ ਤੇ ਬਾਸਮਤੀ ਤੋਂ ਉੱਤਮ ਕੁਆਲਟੀ ਦੇ ਚੌਲ ਤੇ ਵਧੇਰੇ ਝਾੜ ਲੈਣ ਲਈ ਪ੍ਰਮਾਣਿਤ ਕਿਸਮਾਂ ਦੀ ਬਿਜਾਈ ਸਿਫ਼ਾਰਸ਼ ਕੀਤੇ ਸਮੇਂ ਮੁਤਾਬਿਕ ਹੀ ਕਰੋ। ਪੀਆਰ-122 ਕਿਸਮ ਦੀ ਪਨੀਰੀ ਲਗਾਉਣ ਲਈ ਢੁਕਵਾਂ ਸਮਾਂ 15-20 ਮਈ ਹੈ ਤੇ ਪਨੀਰੀ ਨੂੰ ਖੇਤ 'ਚ ਬੀਜਣ ਲਈ ਢੁਕਵਾਂ ਸਮਾਂ 15-20 ਜੂਨ ਹੈ। ਪੀਆਰ-127, ਪੀਆਰ-123, ਪੀਆਰ-121, ਪੀਆਰ-114 ਤੇ ਪੀਆਰ-113 ਦੀ ਪਨੀਰੀ ਲਗਾਉਣ ਲਈ 20-25 ਮਈ ਤੇ ਲੁਆਈ ਲਈ ਢੁਕਵਾਂ ਸਮਾਂ 20-25 ਜੂਨ ਹੈ। ਪੀਆਰ-126 ਤੇ ਪੀਆਰ-124 ਲਈ 25 ਤੋਂ 30 ਮਈ ਅਤੇ ਲੁਆਈ ਲਈ 25 ਤੋਂ 30 ਜੂਨ ਦਾ ਸਮਾਂ ਢੁਕਵਾਂ ਹੈ। ਪੂਸਾ ਬਾਸਮਤੀ-1121, ਪੂਸਾ ਬਾਸਮਤੀ-1637, ਪੰਜਾਬ ਬਾਸਮਤੀ-2, 3, 4 ਤੇ 5 ਦੀ ਪਨੀਰੀ ਲਗਾਉਣ ਲਈ ਪਹਿਲੀ ਤੋਂ 15 ਜੂਨ ਤਕ ਤੇ ਲੁਆਈ ਲਈ ਪਹਿਲੀ ਤੋਂ 15 ਜੁਲਾਈ, ਪੂਸਾ ਬਾਸਮਤੀ-1509, ਸੀਐੱਸਆਰ-30, ਬਾਸਮਤੀ-386 ਤੇ ਬਾਸਮਤੀ-370 ਦੀ ਪਨੀਰੀ ਲਗਾਉਣ ਲਈ 15-30 ਜੂਨ ਤੇ ਲੁਆਈ ਲਈ 15-30 ਜੁਲਾਈ ਤਕ ਢੁਕਵਾਂ ਸਮਾਂ ਹੈ।

### ਧਿਆਨ ਰੱਖਣਯੋਗ ਨੁਕਤੇ

*ਮਾੜੇ ਪਾਣੀਆਂ ਲਈ ਪੀਆਰ-121, ਪੀਆਰ-126 ਅਤੇ ਸੀਐੱਸਆਰ-30 ਕਿਸਮਾਂ ਜ਼ਿਆਦਾ ਢੁਕਵੀਆਂ ਹਨ। ਪੀਆਰ-127 ਕਿਸਮ ਦੀ ਮਾੜੇ ਪਾਣੀਆਂ/ਜ਼ਮੀਨਾਂ 'ਚ ਕਾਸ਼ਤ ਨਾ ਕਰੋ। ਪੀਆਰ-126 ਕਿਸਮ ਦੇ ਵਧੀਆ ਫੁਟਾਰੇ ਲਈ 25 ਤੋਂ 30 ਦਿਨ ਦੀ ਪਨੀਰੀ ਖੇਤ ਵਿਚ ਲਗਾਉਣੀ ਜ਼ਰੂਰੀ ਹੈ। ਪੂਸਾ ਬਾਸਮਤੀ-1637 ਕਿਸਮ ਨੂੰ ਪੂਸਾ ਬਾਸਮਤੀ-1 (ਮੁੱਛਲ) ਤੋਂ ਵਿਕਸਿਤ ਕੀਤੀ ਗਈ ਹੈ। ਇਹ ਭੁਰੜ ਰੋਗ ਦਾ ਕੁਝ ਹੱਦ ਤਕ ਟਾਕਰਾ ਕਰਨ ਦੇ ਸਮਰੱਥ ਹੈ। ਇਸੇ ਤਰ੍ਹਾਂ ਪੰਜਾਬ ਬਾਸਮਤੀ-3, ਪੰਜਾਬ ਬਾਸਮਤੀ-4 ਅਤੇ ਪੰਜਾਬ ਬਾਸਮਤੀ-5 ਵੀ ਝੁਲਸ ਰੋਗ ਦਾ ਟਾਕਰਾ ਕਰਨ ਦੇ ਸਮਰੱਥ ਹੈ। ਬਾਸਮਤੀ-1121 ਕਿਸਮ ਦੇ ਰਿੱਝੇ ਹੋਏ ਚਾਵਲ ਲੰਬਾਈ 'ਚ ਸਭ ਤੋਂ ਵੱਡੇ ਹੁੰਦੇ ਹਨ। ਪੂਸਾ ਬਾਸਮਤੀ-1509 ਕਿਸਮ ਘੱਟ ਸਮੇਂ 'ਚ ਪੱਕਣ ਵਾਲੀ ਹੋਣ ਕਾਰ ਬਹੁ-ਫ਼ਸਲੀ ਚੱਕਰ ਲਈ ਬਹੁਤ ਢੁਕਵੀਂ ਹੈ। ਬਾਸਮਤੀ-386 ਦੀ ਅੰਤਰਰਾਸ਼ਟਰੀ ਮੰਡੀ 'ਚ ਕਾਫ਼ੀ ਮੰਗ ਹੋਣ ਕਾਰਨ ਇਹ ਵਧੀਆ ਮੁੱਲ 'ਤੇ ਵਿਕਦੀ ਹੈ।*

**ਪਨੀਰੀ ਲਈ ਖੇਤ ਦੀ ਚੋਣ ਤੇ ਤਿਆਰੀ** : ਪਨੀਰੀ ਦੀ ਬਿਜਾਈ ਲਈ ਜ਼ਮੀਨ ਦਰਮਿਆਨੀ ਤੋਂ ਭਾਰੀ ਹੋਵੇ, ਪਿਛਲੇ ਸਾਲ ਦੇ ਪਿੜ੍ਹ ਦੀ ਥਾਂ ਨਾ ਹੋਵੇ, ਦਰੱਖ਼ਤਾਂ ਜਾਂ ਛਾਂ ਤੋਂ ਪਰ੍ਹੇ ਹੋਵੇ, ਕੁੱਪ ਵਾਲੀ ਜਗ੍ਹਾ ਨਾ ਹੋਵੇ।

**ਬੀਜ ਤੇ ਪਨੀਰੀ ਦੀ ਸੋਧ** : ਬਿਜਾਈ ਤੋਂ ਪਹਿਲਾਂ ਬੀਜ ਨੂੰ 20 ਗ੍ਰਾਮ ਬਾਵਿਸਟਿਨ 50 ਡਬਲਿਊਪੀ (ਕਾਰਬੈਂਡਿਜ਼ਿਮ) ਤੇ ਇਕ ਗ੍ਰਾਮ ਸਟ੍ਰੈਪਟੋਸਾਈਕਲੀਨ ਦੇ 10 ਲਿਟਰ ਪਾਣੀ ਦੇ ਘੋਲ 'ਚ 8 ਤੋਂ 10 ਘੰਟੇ ਡੋਬ ਕੇ ਰੱਖੋ। ਪਨੀਰੀ ਨੂੰ ਖੇਤ 'ਚ ਲਗਾਉਣ ਤੋਂ ਪਹਿਲਾਂ ਜੜ੍ਹਾਂ ਨੂੰ 20 ਗ੍ਰਾਮ ਬਾਵਿਸਟਿਨ 50 ਡਬਲਿਊਪੀ (ਕਾਰਬੈਂਡਿਜ਼ਿਮ) ਦੇ ਘੋਲ 'ਚ 6 ਘੰਟੇ ਲਈ ਡੋਬੋ ਜਾਂ ਇਕ ਏਕੜ ਦੇ ਬੀਜ ਨੂੰ ਬਿਜਾਈ ਤੋਂ ਪਹਿਲਾਂ 5 ਗ੍ਰਾਮ ਬਾਵਿਸਟਿਨ 50 ਡਬਲਿਊਪੀ ਤੇ ਇਕ ਗ੍ਰਾਮ ਸਟ੍ਰੈਪਟੋਸਾਈਕਲੀਨ ਦੇ 10 ਲਿਟਰ ਪਾਣੀ ਦੇ ਘੋਲ 'ਚ 12 ਘੰਟੇ ਡੋਬੋ ਤੇ ਬੀਜਣ ਤੋਂ ਪਹਿਲਾਂ ਟ੍ਰਾਈਕੋਡਰਮਾ ਹਰਜ਼ੀਐਨਮ 15 ਗ੍ਰਾਮ ਪ੍ਰਤੀ ਕਿੱਲੋ ਬੀਜ ਦੇ ਹਿਸਾਬ ਨਾਲ ਸੋਧ ਲਵੋ। ਪਨੀਰੀ ਦੀ ਲੁਆਈ ਤੋਂ ਪਹਿਲਾਂ ਜੜ੍ਹਾਂ ਵੀ ਟ੍ਰਾਈਕੋਡਰਮਾ ਹਰਜ਼ੀਐਨਮ 15 ਗ੍ਰਾਮ ਪ੍ਰਤੀ ਲਿਟਰ ਪਾਣੀ 'ਚ 6 ਘੰਟੇ ਲਈ ਡੋਬੋ।

**ਬੀਜ ਦੀ ਮਾਤਰਾ** : ਅੱਠ ਕਿੱਲੋ ਨਿੱਗਰ ਬੀਜ ਇਕ ਏਕੜ ਦੀ ਪਨੀਰੀ ਲਈ ਕਾਫ਼ੀ ਹੈ।

**ਪਨੀਰੀ ਬੀਜਣ ਦਾ ਢੰਗ** : ਕੱਦੂ ਕਰ ਕੇ ਤਿਆਰ ਕੀਤੇ ਖੇਤ 'ਚ 8 ਕਿੱਲੋ ਪੁੰਗਰੇ ਹੋਏ ਬੀਜ ਦਾ ਸਾਢੇ ਛੇ ਮਰਲੇ 'ਚ ਛੱਟਾ ਦਿਉ। ਕੱਦੂ ਦੀ ਆਖ਼ਰੀ ਵਾਹੀ ਸਮੇਂ 26 ਕਿੱਲੋ ਯੂਰੀਆ, 60 ਕਿੱਲੋ ਸਿੰਗਲ ਸੁਪਰਫਾਸਫੇਟ ਤੇ 40 ਕਿੱਲੋ ਜ਼ਿੰਕ ਸਲਫੇਟ ਹੈਪਟਾਹਾਈਡ੍ਰੇਟ ਜਾਂ 25.5 ਕਿੱਲੋ ਜ਼ਿੰਕ ਸਲਫੇਟ ਮੋਨੋਹਾਈਡ੍ਰੇਟ ਪ੍ਰਤੀ ਏਕੜ ਪਾਉ।

**ਪਨੀਰੀ 'ਚ ਲਘੂ-ਤੱਤਾਂ ਦੀ ਘਾਟ** : ਲੋਹੇ ਦੀ ਘਾਟ ਸਮੇਂ ਪੱਤਿਆਂ ਦਾ ਰੰਗ ਪੀਲਾ ਪੈ ਜਾਂਦਾ ਹੈ। ਇਸ ਲਈ ਅੱਧੇ ਤੋਂ ਇਕ ਕਿੱਲੋ ਫੈਰਸ ਸਲਫੇਟ ਨੂੰ 100 ਲਿਟਰ ਪਾਣੀ 'ਚ ਘੋਲ ਕੇ ਹਫ਼ਤੇ-ਹਫ਼ਤੇ ਦੇ ਫ਼ਰਕ 'ਤੇ 2 ਤੋਂ 3 ਛਿੜਕਾਅ ਕਰੋ। ਜੇ ਲੋਹੇ ਦੀ ਘਾਟ ਪਨੀਰੀ ਪੁੱਟ ਕੇ ਲਗਾਉਣ ਤੋਂ ਬਾਅਦ ਆਵੇ ਤਦ ਵੀ ਫੈਰਸ ਸਲਫੇਟ ਦੇ 2 ਤੋਂ 3 ਛਿੜਕਾਅ ਕਰੋ। ਜ਼ਿੰਕ ਦੀ ਘਾਟ ਸਮੇਂ ਝੋਨੇ ਦੇ ਹੇਠਲੇ ਪੱਤੇ ਜੰਗਾਲੇ ਜਿਹੇ ਹੋ ਜਾਂਦੇ ਹਨ। ਬੂਟੇ ਮਧਰੇ ਰਹਿ ਜਾਂਦੇ ਹਨ ਤੇ ਜਾੜ ਨਹੀਂ ਮਾਰਦੇ। ਇਸ ਘਾਟ ਨੂੰ ਅੱਧਾ ਕਿੱਲੋ ਜ਼ਿੰਕ ਸਲਫੇਟ ਹੈਪਟਾਹਾਈਡ੍ਰੇਟ (21 ਫ਼ੀਸਦੀ ਜਾਂ 300 ਗ੍ਰਾਮ ਜ਼ਿੰਕ ਸਲਫੇਟ ਮੋਨੋਹਾਈਡ੍ਰੇਟ (33 ਫ਼ੀਸਦੀ) ਨੂੰ 100 ਲਿਟਰ ਪਾਣੀ 'ਚ ਘੋਲ ਕੇ ਪ੍ਰਤੀ ਏਕੜ ਛਿੜਕਾਅ ਕਰੋ।

**ਪਨੀਰੀ ਪੁੱਟ ਕੇ ਲਗਾਉਣ ਦਾ ਸਮਾਂ** : ਪਨੀਰੀ ਨੂੰ ਪੁੱਟ ਕੇ ਖੇਤ 'ਚ ਲਗਾਉਣ ਦਾ ਸਮਾਂ ਤੇ ਢੰਗ ਵੀ ਝੋਨੇ ਦੇ ਝਾੜ 'ਤੇ ਅਸਰ ਪਾਉਂਦੇ ਹਨ। ਜਦੋਂ ਪਨੀਰੀ 30 ਦਿਨ ਦੀ ਹੋਵੇ ਤਾਂ ਇਸ ਨੂੰ ਖੇਤ 'ਚ ਲਗਾਉਣ ਲਈ ਪੁੱਟੋ। ਘੱਟ ਸਮਾਂ ਲੈਣ ਵਾਲੀਆਂ ਕਿਸਮਾਂ ਦੀ ਪਨੀਰੀ 25-30 ਦਿਨਾਂ ਦੀ ਲਗਾ ਦੇਣੀ ਚਾਹੀਦੀ ਹੈ। ਇਕ ਵਰਗ ਮੀਟਰ 'ਚ 33 ਬੂਟੇ ਲਗਾਉ। ਜ਼ਿਆਦਾ ਜਾਂ ਘੱਟ ਬੂਟੇ ਝਾੜ ਨੂੰ ਪ੍ਰਭਾਵਿਤ ਕਰਦੇ ਹਨ। •

# ਸਿਹਤ ਮੰਤਰੀ ਵੱਲੋਂ ਪਟਿਆਲਾ ਦਿਹਾਤੀ ਹਲਕੇ ਦੇ ਸਾਰੇ ਪਿੰਡਾਂ ਦੇ ਛੱਪੜਾਂ ਦੀ ਸਫ਼ਾਈ ਕਰਨ ਦੇ ਨਿਰਦੇਸ਼

## ਟਰੈਫ਼ਿਕ ਮੈਨੇਜਮੈਂਟ ਸਮੇਤ ਲਾਅ ਐਂਡ ਆਰਡਰ ਸਬੰਧੀ ਪੁਲਿਸ ਅਧਿਕਾਰੀਆਂ ਨੂੰ ਦਿੱਤੇ ਨਿਰਦੇਸ਼

**ਪਟਿਆਲਾ, 27 ਅਪ੍ਰੈਲ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਪਟਿਆਲਾ ਦਿਹਾਤੀ ਹਲਕੇ 'ਚ ਸ਼ੁਰੂ ਕੀਤੇ ਜਾਣ ਵਾਲੇ ਅਤੇ ਚੱਲ ਰਹੇ ਵਿਕਾਸ ਕਾਰਜਾਂ ਸਬੰਧੀ ਅੱਜ ਜ਼ਿਲ੍ਹਾ ਪ੍ਰੀਸ਼ਦ ਕੰਪਲੈਕਸ ਵਿਖੇ ਸਮੂਹ ਵਿਭਾਗਾਂ ਨਾਲ ਇੱਕ ਉੱਚ ਪੱਧਰੀ ਮੀਟਿੰਗ ਕੀਤੀ। ਇਸ ਮੌਕੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਤੇ ਨਗਰ ਨਿਗਮ ਕਮਿਸ਼ਨਰ ਪਰਮਵੀਰ ਸਿੰਘ ਵੀ ਮੌਜੂਦ ਸਨ।



ਡਾ. ਬਲਬੀਰ ਸਿੰਘ ਨੇ ਹਰੇਕ ਵਿਭਾਗ ਦੀ ਪ੍ਰਗਤੀ ਦਾ ਜਾਇਜ਼ਾ ਲੈਂਦਿਆਂ ਕਿਹਾ ਕਿ ਵਿਕਾਸ ਕਾਰਜ ਦੇ ਕੰਮਾਂ ਨੂੰ ਸਮਾਂਬੱਧ ਕਰਨਾ ਯਕੀਨੀ ਬਣਾਇਆ ਜਾਵੇ ਅਤੇ ਕੰਮ ਵਿੱਚ ਕਿਸੇ ਵੀ ਤਰ੍ਹਾਂ ਦੀ ਦੇਰੀ ਜਾਂ ਤਰੁੱਟੀ ਲਈ ਸਬੰਧਤ ਅਧਿਕਾਰੀ ਜ਼ਿੰਮੇਵਾਰ ਹੋਵੇਗਾ। ਉਨ੍ਹਾਂ ਪਟਿਆਲਾ ਦਿਹਾਤੀ ਹਲਕੇ ਦੇ ਸਾਰੇ 60 ਪਿੰਡਾਂ ਦੇ ਛੱਪੜਾਂ ਦੀ ਸਫ਼ਾਈ ਇੱਕ ਮਹੀਨੇ 'ਚ ਕਰਵਾਉਣ ਦੇ ਨਿਰਦੇਸ਼ ਦਿੰਦਿਆਂ ਕਿਹਾ ਕਿ ਬਰਸਾਤਾਂ ਤੋਂ ਪਹਿਲਾ ਸਾਰੇ ਪਿੰਡਾਂ ਦੇ ਛੱਪੜ ਸਾਫ਼ ਹੋਣ।ਉਨ੍ਹਾਂ ਛੱਪੜਾਂ ਦੇ ਪਾਣੀ ਨੂੰ ਡਰਿੱਪ ਇਰੀਗੇਸ਼ਨ ਨਾਲ ਖੇਤਾਂ 'ਚ ਲਗਾਉਣ ਲਈ ਸਬੰਧਤ ਵਿਭਾਗ ਨੂੰ ਪਲਾਨ ਤਿਆਰ ਕਰਨ ਲਈ ਕਿਹਾ।

ਉਨ੍ਹਾਂ ਟਰੈਫ਼ਿਕ ਸਮੱਸਿਆ ਦੇ ਹੱਲ ਲਈ ਸਬੰਧਤ ਅਧਿਕਾਰੀਆਂ ਨੂੰ ਜਿਥੇ ਥਾਂ ਉਪਲਬਧ ਹੈ, ਉਥੇ ਸਲਿਪ ਰੋਡ ਬਣਾਉਣ ਸਮੇਤ ਹੋਰ ਢੁਕਵੇਂ ਉਪਰਾਲੇ ਕਰਨ ਦੀ ਹਦਾਇਤ ਕੀਤੀ।ਉਨ੍ਹਾਂ ਲਾਅ ਐਂਡ ਆਰਡਰ ਦੀ ਸਥਿਤੀ ਦੀ ਸਮੀਖਿਆ ਕਰਦਿਆਂ ਕਿਹਾ ਕਿ ਰਾਤ ਸਮੇਂ ਖੁੱਲਣ ਵਾਲੇ ਢਾਬਿਆਂ ਸਬੰਧੀ ਪੁਲਿਸ ਤੇ ਸਿਵਲ ਵਿਭਾਗ ਰਣਨੀਤੀ ਤਿਆਰ ਕਰਨ ਤਾਂ ਜੋ ਅਜਿਹੀਆਂ ਥਾਵਾਂ 'ਤੇ ਕੋਈ ਅਣਸੁਖਾਵੀਂ ਘਟਨਾ ਨਾ ਵਾਪਰੇ। ਉਨ੍ਹਾਂ ਖੇਡ ਵਿਭਾਗ ਦੇ ਅਧਿਕਾਰੀਆਂ ਨੂੰ ਹਲਕੇ ਦੇ 10 ਪਿੰਡਾਂ 'ਚ ਖੇਡ ਨਰਸਰੀ ਬਣਾਉਣ ਦੀ ਹਦਾਇਤ ਕਰਦਿਆਂ ਕਿਹਾ ਕਿ ਅਜਨੌਂਦਾ ਵਿਖੇ ਖੇਡ ਨਰਸਰੀ ਬਣੀ ਹੈ ਤੇ ਹੋਰ 9 ਪਿੰਡ ਵਿੱਚ ਵੀ ਖੇਡ ਨਰਸਰੀਆਂ ਬਣਾਈਆਂ ਜਾਣ, ਤਾਂ ਜੋ ਪਿੰਡਾਂ ਦੇ ਬੱਚਿਆਂ ਦੀ ਖੇਡ ਪ੍ਰਤਿਭਾ ਨੂੰ ਹੋਰ ਨਿਖਾਰਿਆ ਜਾ ਸਕੇ। ਉਨ੍ਹਾਂ ਅਧਿਕਾਰੀਆਂ ਨੂੰ ਫੀਲਡ 'ਚ ਰਹਿਣ ਦੇ ਨਿਰਦੇਸ਼ ਦਿੰਦਿਆਂ ਕਿਹਾ ਕਿ ਲੋਕਾਂ ਦੇ ਕੰਮ ਉਨ੍ਹਾਂ ਦੇ ਪਿੰਡਾਂ ਵਿੱਚ ਹੀ ਹੋਣ ਇਸ ਲਈ ਅਧਿਕਾਰੀ ਨਿਰੰਤਰ ਤੌਰ 'ਤੇ ਫੀਲਡ ਵਿਜ਼ਟ ਕਰਨਾ ਯਕੀਨੀ ਬਣਾਉਣ। ਉਨ੍ਹਾਂ ਪਿੰਡਾਂ ਦੀਆਂ ਲਿੰਕ ਸੜਕਾਂ ਦੀ ਮਿਣਤੀ ਤੇ ਮੁਰੰਮਤ ਦਾ ਕੰਮ ਕਰਨ ਦੇ ਵੀ ਨਿਰਦੇਸ਼ ਦਿੱਤੇ।

ਕੈਬਨਿਟ ਮੰਤਰੀ ਨੇ ਗਰੀਬਾਂ ਨੂੰ ਪਲਾਟ ਦੇਣ ਦੀ ਕਾਰਵਾਈ ਅਰੰਭਣ ਲਈ ਵੀ ਸਬੰਧਤ ਵਿਭਾਗਾਂ ਨੂੰ ਨਿਰਦੇਸ਼ ਦਿੰਦਿਆਂ ਕਿਹਾ ਕਿ ਪਿੰਡਾਂ 'ਚ ਅਜਿਹੀਆਂ ਥਾਂਵਾਂ ਦੀ ਪਹਿਚਾਣ ਕੀਤੀ ਜਾਵੇ, ਜਿਥੇ ਪਲਾਟ ਦਿੱਤੇ ਜਾ ਸਕਦੇ ਹਨ। ਮੀਟਿੰਗ ਸ਼ੁਰੂ ਹੋਣ ਤੋਂ ਪਹਿਲਾ ਕੈਬਨਿਟ ਮੰਤਰੀ ਡਾ. ਬਲਬੀਰ ਸਿੰਘ ਤੇ ਹਾਜ਼ਰ ਅਧਿਕਾਰੀਆਂ ਨੇ ਪਿਛਲੇ ਦਿਨੀਂ ਜੰਮੂ-ਕਸ਼ਮੀਰ ਦੇ ਪਹਿਲਗਾਮ ਵਿੱਚ ਦਹਿਸ਼ਤਗਰਦੀ ਹਮਲੇ 'ਚ ਸ਼ਹੀਦ ਹੋਏ ਨਾਗਰਿਕਾਂ ਨੂੰ ਦੋ ਮਿੰਟਾਂ ਦਾ ਮੌਨ ਰੱਖ ਕੇ ਸ਼ਰਧਾਂਜਲੀ ਭੇਂਟ ਕੀਤੀ।

ਮੀਟਿੰਗ 'ਚ ਪੀ.ਡੀ.ਏ. ਦੇ ਮੁੱਖ ਪ੍ਰਸ਼ਾਸਕ ਮਨੀਸ਼ਾ ਰਾਣਾ, ਵਧੀਕ ਡਿਪਟੀ ਕਮਿਸ਼ਨਰ ਇਸ਼ਾ ਸਿੰਗਲਾ, ਐਸ.ਪੀ. ਵੈਭਵ ਚੌਧਰੀ ਸਮੇਤ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

## ਪਟਿਆਲਾ ਵਿਕਾਸ ਅਥਾਰਟੀ ਨੇ ਜਲਾਲਪੁਰ, ਚੌਰਾ ਅਤੇ ਹਸਨਪੁਰ ਪ੍ਰੋਹਤਾਂ ਵਿੱਚ ਤਿੰਨ ਅਣਅਧਿਕਾਰਤ ਕਲੋਨੀਆਂ ਢਾਹੀਆਂ

### ਭਵਿੱਖ ਵਿੱਚ ਕਾਨੂੰਨੀ ਤੇ ਵਿੱਤੀ ਪੇਚੀਦਗੀਆਂ ਤੋਂ ਬਚਣ ਲਈ ਲੋਕ ਪਲਾਟ ਖਰੀਦਣ ਤੋਂ ਪਹਿਲਾਂ ਜ਼ਮੀਨ-ਜਾਇਦਾਦ ਦੀ ਦੀ ਕਾਨੂੰਨੀ ਸਥਿਤੀ ਦੀ ਪੁਸ਼ਟੀ ਕਰਨ:ਮਨੀਸ਼ਾ ਰਾਣਾ



**ਪਟਿਆਲਾ, 27 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਗੈਰ-ਕਾਨੂੰਨੀ ਕਬਜ਼ਿਆਂ ਅਤੇ ਅਣਅਧਿਕਾਰਤ ਕਾਲੋਨੀਆਂ ਦੇ ਵਿਕਾਸ ਨੂੰ ਰੋਕਣ ਲਈ ਇੱਕ ਫੈਸਲਾਕੁੰਨ ਕਦਮ ਚੁੱਕਦੇ ਹੋਏ, ਪਟਿਆਲਾ ਵਿਕਾਸ ਅਥਾਰਟੀ ਨੇ ਜਲਾਲਪੁਰ, ਚੌਰਾ ਅਤੇ ਹਸਨਪੁਰ ਪ੍ਰੋਹਤਾਂ ਵਿੱਚ ਸਥਿਤ ਤਿੰਨ ਅਣਅਧਿਕਾਰਤ ਕਲੋਨੀਆਂ ਵਿੱਚ ਢਾਹੁਣ ਦੀਆਂ ਮੁਹਿੰਮਾਂ ਚਲਾਈਆਂ। ਇਹ ਕਾਰਵਾਈ ਪੀਡੀਏ ਦੇ ਮੁੱਖ ਪ੍ਰਸ਼ਾਸਕ ਮਨੀਸ਼ਾ ਰਾਣਾ ਅਤੇ ਵਧੀਕ ਮੁੱਖ ਪ੍ਰਸ਼ਾਸਕ ਜਸ਼ਨਪ੍ਰੀਤ ਕੌਰ ਗਿੱਲ ਦੀ ਨਿਗਰਾਨੀ ਹੇਠ ਕੀਤੀ ਗਈ।

ਮਨੀਸ਼ਾ ਰਾਣਾ ਨੇ ਦੱਸਿਆ ਕਿ ਪੀਡੀਏ ਵੱਲੋਂ ਗੈਰਕਾਨੂੰਨੀ ਉਸਾਰੀਆਂ ਢਾਹੁਣ ਦੀ ਇਹ ਕਾਰਵਾਈ ਯੋਜਨਾਬੱਧ ਸ਼ਹਿਰੀ ਵਿਕਾਸ ਨੂੰ ਯਕੀਨੀ ਬਣਾਉਣ ਅਤੇ ਕਾਨੂੰਨ ਦੇ ਸ਼ਾਸਨ ਨੂੰ ਬਰਕਰਾਰ ਰੱਖਣ ਲਈ ਚੱਲ ਰਹੇ ਯਤਨਾਂ ਦਾ ਹਿੱਸਾ ਹੈ। ਇਹ ਅਣਅਧਿਕਾਰਤ ਕਲੋਨੀਆਂ ਸਥਾਪਿਤ ਇਮਾਰਤੀ ਨਿਯਮਾਂ ਦੀ ਉਲੰਘਣਾ ਕਰਦੀਆਂ ਪਾਈਆਂ ਗਈਆਂ ਅਤੇ ਇਨ੍ਹਾਂ ਕੋਲ ਲੋੜੀਂਦੀਆਂ ਪ੍ਰਵਾਨਗੀਆਂ ਵੀ ਨਹੀਂ ਲਈਆਂ ਗਈਆਂ ਸਨ।

ਪੀਡੀਏ ਅਥਾਰਟੀ ਨੇ ਗੈਰ-ਕਾਨੂੰਨੀ ਉਸਾਰੀਆਂ ਵਿਰੁੱਧ ਸਖ਼ਤ ਕਾਰਵਾਈ ਕਰਨ ਦੀ ਆਪਣੀ ਵਚਨਬੱਧਤਾ ਨੂੰ ਦੁਹਰਾਇਆ ਹੈ ਅਤੇ ਨਾਗਰਿਕਾਂ ਅਤੇ ਡਿਵੈਲਪਰਾਂ ਨੂੰ ਕਿਸੇ ਵੀ ਵਿਕਾਸ ਗਤੀਵਿਧੀਆਂ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਕਾਨੂੰਨੀ ਪ੍ਰਕਿਰਿਆਵਾਂ ਦੀ ਸਖ਼ਤੀ ਨਾਲ ਪਾਲਣਾ ਕਰਨ ਅਤੇ ਸਾਰੀਆਂ ਲੋੜੀਂਦੀਆਂ ਇਜਾਜ਼ਤਾਂ ਪ੍ਰਾਪਤ ਕਰਨ ਦੀ ਅਪੀਲ ਕੀਤੀ ਹੈ।

ਪੀਡੀਏ ਪ੍ਰਸ਼ਾਸਨ ਨੇ ਆਮ ਲੋਕਾਂ ਨੂੰ ਪਲਾਟ ਖਰੀਦਣ ਵੇਲੇ ਸੁਚੇਤ ਰਹਿਣ ਦੀ ਵੀ ਅਪੀਲ ਕੀਤੀ ਹੈ। ਮਨੀਸ਼ਾ ਰਾਣਾ ਨੇ ਲੋਕਾਂ ਨੂੰ ਸਲਾਹ ਦਿੱਤੀ ਹੈ ਕਿ ਉਹ ਪਲਾਟ ਜਾਂ ਕਿਸੇ ਹੋਰ ਥਾਂ ਖਰੀਦਣ ਤੋਂ ਪਹਿਲਾਂ ਸਬੰਧਤ ਅਧਿਕਾਰੀਆਂ ਜਾਂ ਸਬੰਧਤ ਵਿਭਾਗਾਂ ਤੋਂ ਕਿਸੇ ਵੀ ਜ਼ਮੀਨ ਜਾਂ ਜਾਇਦਾਦ ਦੀ ਕਾਨੂੰਨੀ ਸਥਿਤੀ ਦੀ ਪੁਸ਼ਟੀ ਕਰਨ। ਉਨ੍ਹਾਂ ਕਿਹਾ ਕਿ ਭਵਿੱਖ ਵਿੱਚ ਕਾਨੂੰਨੀ ਅਤੇ ਵਿੱਤੀ ਪੇਚੀਦਗੀਆਂ ਤੋਂ ਬਚਣ ਲਈ ਇਹ ਕਦਮ ਮਹੱਤਵਪੂਰਨ ਹੈ।

ਇਸ ਦੌਰਾਨ ਏਸੀਏ ਜਸ਼ਨਪ੍ਰੀਤ ਕੌਰ ਗਿੱਲ ਨੇ ਕਿਹਾ ਕਿ ਪੀਡੀਏ ਪ੍ਰਸ਼ਾਸਨ ਸਾਰੀਆਂ ਸ਼ਹਿਰੀ ਯੋਜਨਾਬੰਦੀ ਪਹਿਲਕਦਮੀਆਂ ਵਿੱਚ ਪਾਰਦਰਸ਼ਤਾ ਅਤੇ ਜਵਾਬਦੇਹੀ ਬਣਾਈ ਰੱਖਣ ਅਤੇ ਖੇਤਰ ਵਿੱਚ ਟਿਕਾਊ ਵਿਕਾਸ ਨੂੰ ਯਕੀਨੀ ਬਣਾਉਣ ਲਈ ਵਚਨਬੱਧ ਹੈ। ਇਸ ਮੌਕੇ ਪੀਡੀਏ ਦੇ ਡੀਟੀਪੀ ਸੀਮਾ ਕੌਸ਼ਲ ਅਤੇ ਏਟੀਪੀ ਗੁਰਿੰਦਰ ਸਿੰਘ ਤੇ ਪੂਰੀ ਟੀਮ ਮੌਜੂਦ ਰਹੀ।

## ਪਹਿਲਗਾਮ ਵਿੱਚ ਅੱਤਵਾਦੀ ਹਮਲੇ ਦੇ ਵਿਰੋਧ 'ਚ ਪਾਕਿਸਤਾਨ ਦਾ ਝੰਡਾ ਸਾੜ ਕੇ ਕੀਤਾ ਰੋਸ ਪ੍ਰਦਰਸ਼ਨ




**ਪਟਿਆਲਾ, 27 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਜੰਮੂ ਕਸ਼ਮੀਰ ਦੇ ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਵਿੱਚ ਬੇਕਸੂਰ 28 ਭਾਰਤੀਆਂ ਦੀ ਹੋਈਆਂ ਮੌਤਾਂ ਦੇ ਵਿਰੋਧ ਵਿੱਚ ਗੁਰਬਖਸ਼ ਕਲੋਨੀ ਵਿਖੇ ਆਲ ਇੰਡੀਆ ਸ਼੍ਰੋਮਣੀ ਮੰਦਿਰ ਕਮੇਟੀ ਵੱਲੋਂ ਕੌਮੀ ਪ੍ਰਧਾਨ ਰਾਜੇਸ਼ ਕੌਸ਼ਿਕ ਦੀ ਅਗਵਾਈ ਵਿੱਚ ਪਾਕਿਸਤਾਨ ਦੇ ਕੌਮੀ ਝੰਡੇ ਨੂੰ ਅੱਗ ਲਗਾਕੇ ਸਾੜਿਆ ਗਿਆ ਅਤੇ ਪਾਕਿਸਤਾਨ ਮੁਰਦਾਬਾਦ ਦੇ ਨਾਅਰੇ ਲਗਾਏ ਗਏ। ਇਸ ਦੌਰਾਨ ਸ਼ਿਵ ਸੈਨਾ ਹਿੰਦੁਸਤਾਨ ਦੇ ਦਿਹਾਤੀ ਪ੍ਰਧਾਨ ਗੁਰਦੀਪ ਸਿੰਘ ਚੌਹਾਨ, ਸ੍ਰੀ ਸ੍ਰੀ 108 ਮਹਾਂਮੰਡਲੇਸ਼ਵਰ ਸ਼ੁਸ਼ਮਾ ਗਿਰੀ, ਰਾਇਲ ਯੂਥ ਕਲੱਬ ਦੇ ਪ੍ਰਧਾਨ ਰਾਹੁਲ ਬਡੂੰਗਰ ਹਿੰਦੂ ਨੇਤਾ ਗੁਰਮੁੱਖ ਸਿੰਘ, ਭਾਜਪਾ ਮੰਡਲ ਪ੍ਰਧਾਨ ਸੌਰਵ ਸ਼ਰਮਾ ਵੱਲੋਂ ਵਿਰੋਧ ਪ੍ਰਦਰਸ਼ਨ ਵਿੱਚ ਸ਼ਮੂਲੀਅਤ ਕਰ ਇਸ ਹਮਲੇ ਦੀ ਪੁਰਜੋਰ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ। ਇਸ ਮੌਕੇ ਆਲ ਇੰਡੀਆ ਸ਼੍ਰੋਮਣੀ ਮੰਦਿਰ ਕਮੇਟੀ ਪ੍ਰਧਾਨ ਰਾਜੇਸ਼ ਕੌਸ਼ਿਕ, ਭਾਜਪਾ ਮੰਡਲ ਪ੍ਰਧਾਨ ਸੌਰਵ ਸ਼ਰਮਾ ਸ਼ਿਵ ਸੈਨਾ ਦੇ ਦਿਹਾਤੀ ਪ੍ਰਧਾਨ ਗੁਰਦੀਪ ਸਿੰਘ ਚੌਹਾਨ ਨੇ ਕੇਂਦਰ ਦੀ ਮੋਦੀ ਸਰਕਾਰ ਤੋਂ ਪੁਰਜੋਰ ਮੰਗ ਕਰਦਿਆਂ ਕਿਹਾ ਕਿ ਪਾਕਿਸਤਾਨੀ ਦਹਿਸ਼ਤਗਰਦਾਂ ਨੂੰ ਉਨ੍ਹਾਂ ਦੀ ਹੀ ਭਾਸ਼ਾ ਵਿੱਚ ਹੀ ਜਵਾਬ ਦਿੱਤਾ ਜਾਵੇ। 28 ਭਾਰਤੀਆਂ ਦੀਆਂ ਮੌਤਾਂ ਬਦਲੇ 2800 ਪਾਕਿਸਤਾਨੀ ਅੱਤਵਾਦੀਆਂ ਨੂੰ ਵੱਡੀ ਸਰਜੀਕਲ ਸਟਰਾਇਕ ਕਰ ਮੌਤ ਦੇ ਘਾਟ ਉਤਾਰ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਪਹਿਲਗਾਮ ਅੱਤਵਾਦੀ ਹਮਲੇ ਵਿੱਚ ਮਾਰੇ ਗਏ 28 ਭਾਰਤੀਆਂ ਦੀ ਘਟਨਾ ਪ੍ਰਤੀ ਦੇਸ਼ ਵਾਸੀਆਂ ਵਿੱਚ ਭਾਰੀ ਰੋਸ ਦੀ ਲਹਿਰ ਚਲ ਰਹੀ ਹੈ। ਜਿਸਦੇ ਬਦਲੇ ਜਵਾਬੀ ਕਾਰਵਾਈ ਕਰਨ ਵਿੱਚ ਕੇਂਦਰ ਸਰਕਾਰ ਨੂੰ ਦੇਰੀ ਨਹੀਂ ਕਰਨੀ ਚਾਹੀਦੀ ਤਾਂ ਜ਼ੋ ਮਾਰੇ ਗਏ ਇਨ੍ਹਾਂ ਦੇਸ਼ ਵਾਸੀਆਂ ਦੀ ਆਤਮਾਵਾਂ ਨੂੰ ਸ਼ਾਂਤੀ ਮਿਲ ਸਕੇ। ਉਹਨਾ ਕਿਹਾ ਕਿ ਪਾਕਿਸਤਾਨ ਨੂੰ ਅੰਤਰ ਰਾਸ਼ਟਰੀ ਪੱਧਰ ਤੇ ਦਹਿਸ਼ਤਗਰਦ ਦੇਸ਼ ਐਲਾਨਿਆ ਜਾਵੇ।

## ਪੰਜਾਬ ਸਿੱਖਿਆ ਕ੍ਰਾਂਤੀ; ਸਰਕਾਰੀ ਸਕੂਲਾਂ ਦੇ ਬੁਨਿਆਦੀ ਢਾਂਚੇ ਨੂੰ ਵੱਡਾ ਹੁਲਾਰਾ

**ਪਟਿਆਲਾ, 27 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**



ਪਟਿਆਲਾ ਜ਼ਿਲ੍ਹੇ ਦੇ ਹਲਕਾ ਸਮਾਣਾ, ਸਨੌਰ ਤੇ ਨਾਭਾ ਦੇ 11 ਸਕੂਲਾਂ ਵਿੱਚ ਹੋਏ 1.93 ਕਰੋੜ ਰੁਪਏ ਦੇ ਬੁਨਿਆਦੀ ਢਾਂਚੇ 'ਚ ਸੁਧਾਰ ਅਤੇ ਨਵੀਨੀਕਰਨ ਦੇ ਕਾਰਜ ਦਾ ਅੱਜ ਸਮਾਣਾ ਹਲਕੇ ਦੇ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਤੇ ਨਾਭਾ ਦੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਉਦਘਾਟਨ ਕੀਤਾ।

ਇਸ ਮੌਕੇ ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਨੂੰ ਵਿਸ਼ਵ ਪੱਧਰੀ ਸਹੂਲਤਾਂ ਦੇਣ ਵਿੱਚ ਕੋਈ ਕਸਰ ਨਹੀਂ ਛੱਡੀ ਜਾ ਰਹੀ ਹੈ। ਜਿਨ੍ਹਾਂ ਸਕੂਲਾਂ ਵਿੱਚ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਵੱਲੋਂ ਬੁਨਿਆਦੀ ਢਾਂਚੇ ਦੇ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ ਗਿਆ, ਉਨ੍ਹਾਂ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਡਕਾਲਾ, ਪਸਿਆਣਾ ਤੇ ਸ਼ੇਰਮਾਜਰਾ, ਸਰਕਾਰੀ ਮਿਡਲ ਸਕੂਲ ਮੈਣ ਤੇ ਸਰਕਾਰੀ ਪ੍ਰਾਇਮਰੀ ਸਕੂਲ ਸ਼ੇਰਮਾਜਰਾ ਵਿਖੇ 1.18 ਕਰੋੜ ਰੁਪਏ ਨਾਲ ਹੋਏ ਵਿਕਾਸ ਕਾਰਜ ਵਿਦਿਆਰਥੀਆਂ ਨੂੰ ਸਮਰਪਿਤ ਕੀਤੇ। ਇਸੇ ਤਰ੍ਹਾਂ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਲੇਵਾਲ ਤੇ ਸਰਕਾਰੀ ਮਿਡਲ ਸਕੂਲ ਸੁਧੇਵਾਲ ਵਿਖੇ ਕਰੀਬ 42 ਲੱਖ ਰੁਪਏ ਦੇ ਕੰਮ ਵਿਦਿਆਰਥੀਆਂ ਨੂੰ ਸਮਰਪਿਤ ਕੀਤੇ। ਇਨ੍ਹਾਂ ਸਕੂਲਾਂ ਦੇ ਵਿਦਿਆਰਥੀਆਂ ਨਾਲ ਗੱਲਬਾਤ ਕਰਦੇ ਹੋਏ, ਵਿਧਾਇਕ ਸਾਹਿਬਾਨ ਨੇ ਉਨ੍ਹਾਂ ਨੂੰ ਪੜ੍ਹਾਈ ਦਾ ਬਿਹਤਰ ਵਾਤਾਵਰਣ ਮੁਹਈਆ ਕਰਵਾਉਣ ਲਈ ਲੋੜੀਂਦੀਆਂ ਸਾਰੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਦਾ ਭਰੋਸਾ ਦਿੱਤਾ। ਉਨ੍ਹਾਂ ਕਿਹਾ ਕਿ ਇਹ ਵਿਦਿਆਰਥੀ ਸੂਬੇ ਅਤੇ ਦੇਸ਼ ਦਾ ਭਵਿੱਖ ਹਨ, ਉਨ੍ਹਾਂ ਦੁਆਰਾ ਹਰ ਖੇਤਰ ਵਿੱਚ ਉੱਤਮਤਾ ਪ੍ਰਾਪਤ ਕਰਨ ਦੀ ਕਾਮਨਾ ਕਰਦੇ ਹੋਏ, ਉਨ੍ਹਾਂ ਕਿਹਾ ਕਿ ਇਨ੍ਹਾਂ ਵਿਦਿਆਰਥੀਆਂ ਪ੍ਰਤੀ ਸਾਡਾ ਮੁੱਢਲਾ ਫਰਜ਼ ਹੈ ਕਿ ਸਰਕਾਰੀ ਸਕੂਲਾਂ ਵਿੱਚ ਪ੍ਰਾਈਵੇਟ ਸਕੂਲਾਂ ਦੇ ਬਰਾਬਰ ਸਾਰੀਆਂ ਸਹੂਲਤਾਂ ਪ੍ਰਦਾਨ ਕੀਤੀਆਂ ਜਾਣ।

ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਅਤੇ ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਂਸ ਸਰਕਾਰੀ ਸਕੂਲਾਂ ਚ ਵਿਦਿਆਰਥੀਆਂ ਲਈ ਅਨੁਕੂਲ ਮਾਹੌਲ ਪ੍ਰਦਾਨ ਕਰਨ ਲਈ ਹਰ ਸੰਭਵ ਕਦਮ ਚੁੱਕ ਰਹੇ ਹਨ, ਜਿਸ ਵਿੱਚ ਵਧੀਆ ਕਲਾਸ ਰੂਮ, ਪ੍ਰਯੋਗਸ਼ਾਲਾਵਾਂ, ਪਖਾਨੇ ਅਤੇ ਪੀਣ ਵਾਲੇ ਪਾਣੀ ਵਰਗੀਆਂ ਬੁਨਿਆਦੀ ਸਹੂਲਤਾਂ ਸ਼ਾਮਲ ਹਨ।

## ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝੇ ਫਰੰਟ ਨੇ ਪੰਜਾਬ ਸਰਕਾਰ ਦਾ ਪੁਤਲਾ ਫੂਕਿਆ

**ਸਮਾਣਾ, 27 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝੇ ਫਰੰਟ ਪੰਜਾਬ ਦੇ ਸੱਦੇ ਤੇ ਤਹਿਸੀਲ ਕੰਪਲੈਕਸ ਵਿਖੇ ਪੰਜਾਬ ਸਰਕਾਰ ਦਾ ਪੁਤਲਾ ਫੂਕਿਆ ਗਿਆ। ਇਸ ਮੌਕੇ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਤੋਂ ਜਸਵਿੰਦਰ ਸਿੰਘ , ਪੈਨਸ਼ਨਰ ਐਸੋਸੀਏਸ਼ਨ ਦੇ ਪ੍ਰਧਾਨ ਸੋਹਣ ਸਿੰਘ ਵਿਰਕ,ਟੀਡੀਐਫ ਤੋਂ ਹਰਦੀਪ ਟੋਡਰਪੁਰ, ਪੰਜਾਬ ਸੁਬਾਰਡੀਨੇਟ ਸਰਵਿਸਜ਼ ਫੈਡਰੇਸ਼ਨ ਤੋਂ ਹਰਦੇਵ ਸਿੰਘ ਸੀਨੀਅਰ ਸਿਟੀਜਨ ਤੋਂ ਜਸਬੀਰ ਸਿੰਘ,6635 ਅਧਿਆਪਕ ਯੂਨੀਅਨ ਤੋਂ ਰਾਜਵਿੰਦਰ ਸਿੰਘ ਭਿੰਡਰ ਆਗੂਆਂ ਨੇ ਪੰਜਾਬ ਸਰਕਾਰ ਵੱਲੋਂ ਵਾਰ-ਵਾਰ ਮੀਟਿੰਗਾਂ ਤੋਂ ਟਾਲਾ ਵੱਟਣ ਦੀ ਪਰਜੋਰ ਸ਼ਬਦਾਂ ਵਿੱਚ ਨਿਖੇਧੀ ਕੀਤੀ। ਜ਼ਿਕਰਯੋਗ ਹੈ ਕਿ ਮੁਲਾਜ਼ਮ ਅਤੇ ਪੈਨਸ਼ਨਰ ਪਿਛਲੇ ਲੰਬੇ ਸਮੇਂ ਤੋਂ ਆਪਣੀਆਂ ਮੰਗਾਂ ਦਾ ਹੱਲ ਕਰਵਾਉਣ ਲਈ ਸੰਘਰਸ਼ ਦੇ ਰਾਹ ਪਏ ਹੋਏ ਹਨ। ਹਰ ਵਾਰ ਰੋਸ ਪ੍ਰਦਰਸ਼ਨ ਉਪਰੰਤ ਪੰਜਾਬ ਸਰਕਾਰ ਵੱਲੋਂ ਮੀਟਿੰਗ ਦਾ ਸਮਾਂ ਦਿੱਤਾ ਜਾਂਦਾ ਹੈ ਪਰ ਐਨ ਮੌਕੇ ਦੇ ਉੱਤੇ ਮੀਟਿੰਗ ਰੱਦ ਕਰ ਦਿੱਤੀ ਜਾਂਦੀ ਹੈ।

ਆਗੂਆਂ ਨੇ ਕਿਹਾ ਕਿ ਇੱਕ ਪਾਸੇ ਪੰਜਾਬ ਸਰਕਾਰ ਸਿੱਖਿਆ ਕ੍ਰਾਂਤੀ ਦਾ ਝੂਠਾ ਸਰਕਾਰੀ ਡਰਾਮਾ ਕਰ ਰਹੀ ਹੈ ਤੇ ਦੂਜੇ ਪਾਸੇ ਸਕੂਲਾਂ ਵਿੱਚ ਹਜਾਰਾਂ ਪੋਸਟਾਂ ਖਾਲੀ ਹੋਣ ਦੇ ਬਾਵਜੂਦ ਨੌਕਰੀ ਲਈ ਆਰਡਰ ਮੰਗਦੇ ਬੇਰੁਜ਼ਗਾਰ ਅਧਿਆਪਕਾਂ ਤੇ ਸਿੱਖਿਆ ਮੰਤਰੀ ਹਰਜੋਤ ਬੈਂਸ ਦੇ ਘਰ ਸਾਹਮਣੇ ਪੁਲਸੀਆ ਜਬਰ ਢਾਇਆ ਜਾ ਰਿਹਾ ਹੈ। ਜਿਸ ਦੀ ਆਗੂਆਂ ਨੇ ਪੁਰਜ਼ੋਰ ਸ਼ਬਦਾਂ ਵਿੱਚ ਨਿਖੇਧੀ ਕੀਤੀ। ਆਗੂਆਂ ਨੇ ਕਿਹਾ ਕਿ ਪਿਛਲੇ ਲੰਬੇ ਸਮੇਂ ਤੋਂ ਲਟਕਦੀਆਂ ਮੰਗਾਂ ਛੇਵੇਂ ਤਨਖਾਹ ਕਮਿਸ਼ਨ ਦੀ ਸਿਫਾਰਸ਼ ਅਨੁਸਾਰ ਪੈਨਸ਼ਨ ਦੁਹਰਾਈ 2.59 ਗੁਣਾਂਕ ਨਾਲ ਕਰਨ, 1-1-2004 ਤੋਂ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ, ਵੱਖ ਵੱਖ ਵਿਭਾਗਾਂ, ਬੋਰਡਾਂ, ਕਾਰਪੋਰੇਸ਼ਨਾਂ, ਸੁਸਾਇਟੀਆਂ, ਕੇਂਦਰੀ ਸਕੀਮਾਂ ਦੇ ਪੁਨਰ ਗਠਨ ਦੇ ਨਾਂ ਤੇ ਵੱਖ ਵੱਖ ਵਿਭਾਗਾਂ ਵਿੱਚੋਂ ਖਤਮ ਕੀਤੀਆਂ ਹਜ਼ਾਰਾਂ ਅਸਾਮੀਆਂ ਬਹਾਲ ਕਰਦਿਆਂ ਕਰਨ,1-1-2016 ਨੂੰ ਬਣਦਾ ਮਹਿੰਗਾਈ ਭੱਤਾ ਜੋੜ ਕੇ ਤਨਖਾਹ ਅਤੇ ਪੈਨਸ਼ਨ ਦੁਹਰਾਈ ਕਰਨ ਅਤੇ ਬਕਾਏ ਨਗਦ ਰੂਪ ਵਿੱਚ ਦੇਣ, ਮੈਡੀਕਲ ਭੱਤਾ 2000 ਰੁਪਏ ਪ੍ਰਤੀ ਮਹੀਨਾ ਕਰਨ, ਸੋਧਣ ਦੇ ਨਾਂ ਤੇ ਬੰਦ ਕੀਤੇ ਸਮੁੱਚੇ ਭੱਤੇ 2.25 ਦੇ ਗੁਣਾਂਕ ਨਾਲ ਵਾਧਾ ਕਰਕੇ ਬਹਾਲ ਕਰਨ, ਤਨਖਾਹ ਕਮਿਸ਼ਨ ਦੀ ਏਸੀਪੀ ਸਬੰਧੀ ਰਹਿੰਦੀ ਰਿਪੋਰਟ ਜਾਰੀ ਕਰਨ ,ਮਹਿੰਗਾਈ ਭੱਤੇ ਦੀਆਂ ਰਹਿੰਦੀਆਂ ਕਿਸ਼ਤਾਂ ਅਤੇ 258 ਮਹੀਨੇ ਦੇ ਬਕਾਏ ਤੁਰੰਤ ਜਾਰੀ ਕਰਨ, 15-1-2015 ਅਤੇ 17-7-2020 ਦੇ ਪੱਤਰ ਰੱਦ ਕਰਨ, ਪਰਖ ਕਾਲ ਦੌਰਾਨ ਪੂਰੇ ਗ੍ਰੇਡ ਸਮੇਤ ਬਣਦੇ ਬਕਾਏ ਤੁਰੰਤ ਜਾਰੀ ਕਰਨ, ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਹੱਕ ਵਿੱਚ ਹੋਏ ਅਦਾਲਤੀ ਫੈਸਲੇ ਜਨਰਲਾਈਜ਼ ਕਰਨ, ਟਰੇਡ ਯੂਨੀਅਨ ਅਧਿਕਾਰਾਂ ਨੂੰ ਕੁਚਲਣ ਵਾਲਾ 1-1-2020 ਦਾ ਮਾਰੂ ਪੱਤਰ ਵਾਪਸ ਲੈਣ, ਸੰਘਰਸ਼ਾਂ ਦੌਰਾਨ ਵੱਖ ਵੱਖ ਥਾਵਾਂ ਤੇ ਦਰਜ ਕੀਤੇ ਝੂਠੇ ਪੁਲਿਸ ਕੇਸ ਰੱਦ ਕਰਨ ਦੀ ਮੰਗ ਕੀਤੀ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਗੁਰਪ੍ਰੀਤ ਸਿੰਘ ਸਿੱਧੂ, ਭੀਮ ਸਿੰਘ, ਗੁਰਵਿੰਦਰ ਸਿੰਘ ਖੰਗੂੜਾ, ਮਨਿਦਰ ਸਿੰਘ ਜੁਗਪ੍ਰਗਟ ਸਿੰਘ, ਰਜਿੰਦਰ ਸਿੰਘ, ਹਰਵਿੰਦਰ ਸਿੰਘ, ਅਮਰੀਕ ਸਿੰਘ, ਯੋਗਰਾਜ, ਗਰਨੈਬ ਸਿੰਘ, ਧੀਰਜ ਕੁਮਾਰ, ਅਵਤਾਰ ਸਿੰਘ, ਗੁਰਵਿੰਦਰ ਸਿੰਘ ਮਰੌੜੀ, ਮਨੋਜ ਕੁਮਾਰ, ਭੁਪਿੰਦਰ ਸਿੰਘ ਕੌੜਾ, ਨਰਾਇਣ ਦਾਸ, ਬਿੱਕਰ ਸਿੰਘ, ਰੋਹਿਤ ਚੋਪੜਾ, ਨਛੱਤਰ ਸਿੰਘ ਅਤੇ ਸੁਖਦੀਪ ਸਿੰਘ ਹਾਜ਼ਰ ਸਨ।

## ਧਰਮ ਮਨੁੱਖਤਾ ਨੂੰ ਪਿਆਰ ਦੇ ਧਾਗੇ ਵਿੱਚ ਬਣਦਾ ਹੈ: ਸਾਧਵੀ ਗਰਿਮਾ ਭਾਰਤੀ



**ਤਰਨ ਤਾਰਨ, 27 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿਵਯ ਜਯੋਤੀ ਜਾਗਰਤੀ ਸੰਸਥਾਨ ਤਰਨ ਤਾਰਨ ਦੁਆਰਾ ਸ਼੍ਰੀ ਠਾਕੁਰ ਦੁਆਰਾ ਮਦਨ ਮੋਹਨ ਮੰਦਰ ਵਿੱਚ ਪੰਜ ਰੋਜ਼ਾ ਭਗਵਾਨ ਸ਼ਿਵ ਕਥਾ ਦਾ ਆਯੋਜਨ ਕੀਤਾ ਗਿਆ। ਸ਼ਿਵ ਕਥਾ ਦੇ ਪਹਿਲੇ ਦਿਨ ਕਥਾ ਦੀ ਸ਼ੁਰੂਆਤ ਦਿਵਯ ਗੁਰੂ ਸ਼੍ਰੀ ਆਸ਼ੂਤੋਸ਼ ਮਹਾਰਾਜ ਜੀ ਦੀ ਸ਼ਿਸ਼ਯਾ ਸਾਧਵੀ ਗਰਿਮਾ ਭਾਰਤੀ ਨੇ ਕੀਤੀ। ਉਨ੍ਹਾਂ ਸ਼ਿਵ ਮਹਾਪੁਰਾਣ ਦੀ ਕਥਾ ਸੁਣਾਉਂਦੇ ਹੋਏ ਕਿਹਾ ਕਿ ਸ਼ਵ ਤੱਤਵ ਤੋਂ ਉੱਪਰ ਉੱਠ ਕੇ ਸ਼ਿਵ ਤੱਤ ਨੂੰ ਸਮਝਣ ਦਾ ਸੰਦੇਸ਼ ਦਿੱਤਾ । ਭਗਤਾਂ ਦੀਆਂ ਜੀਵਨ ਗਾਥਾ ਸਾਨੂੰ ਸ਼ਿਵ ਦੀ ਭਗਤੀ ਨਾਲ ਆਪਣਾ ਜੀਵਨ ਸਫਲ ਬਣਾਉਣ ਲਈ ਪ੍ਰੇਰਿਤ ਕਰਦੀਆਂ ਹਨ। ਸਾਧਵੀ ਜੀ ਨੇ ਦੱਸਿਆ ਕਿ ਜਦੋਂ ਵੀ ਮਨੁੱਖੀ ਸਮਾਜ ਸੱਚ, ਨਿਆਂ ਅਤੇ ਧਰਮ ਦੀ ਪਰਿਭਾਸ਼ਾ ਨੂੰ ਭੁੱਲ ਕੇ ਅਧਰਮ, ਪਾਖੰਡ ਅਤੇ ਪਾਪ ਦੇ ਰਾਹ ਤੁਰ ਪੈਂਦਾ ਹੈ ਤਾਂ ਸ਼ਿਵ ਰੂਪੀ ਸੱਤਾ ਆਪ ਸੰਤ ਦੇ ਰੂਪ ਵਿੱਚ ਅਵਤਾਰ ਧਾਰਣ ਕਰਕੇ ਮਨੁੱਖ ਨੂੰ ਧਰਮ ਦੇ ਅਸਲ ਸਰੂਪ ਤੋਂ ਜਾਣੂ ਕਰਵਾਉਂਦੀ ਹੈ। ਅੱਜ ਮਨੁੱਖ ਮਾੜੇ ਕਰਮ ਕਰ ਕੇ ਵੀ ਆਪਣੇ ਆਪ ਨੂੰ ਧਾਰਮਿਕ ਅਖਵਾਉਂਦਾ ਹੈ।

ਕਿਉਂਕਿ ਉਹ ਧਰਮ ਸ਼ਬਦ ਤੋਂ ਜਾਣੂ ਹੈ ਪਰ ਇਸ ਦੇ ਅਰਥ ਤੋਂ ਅਣਜਾਣ ਹੈ। ਸਮਾਜ ਵਿੱਚ ਫੈਲੀ ਅਨੈਤਿਕਤਾ, ਅਸ਼ਾਂਤੀ, ਅਨੁਸ਼ਾਸਨਹੀਣਤਾ ਅਤੇ ਭ੍ਰਿਸ਼ਟਾਚਾਰ ਦਾ ਮੂਲ ਕਾਰਨ ਸਾਡੀ ਧਰਮ ਪ੍ਰਤੀ ਅਗਿਆਨਤਾ ਹੀ ਹੈ। ਅਸਲ ਵਿੱਚ ਧਰਮ ਹੀ ਉਹ ਚੀਜ਼ ਹੈ ਜੋ ਮਨੁੱਖ ਨੂੰ ਮਨੁੱਖ ਨਾਲ ਜੋੜਦੀ ਹੈ।

ਧਰਮ ਮਨੁੱਖਤਾ ਨੂੰ ਪਿਆਰ ਦੇ ਧਾਗੇ ਵਿੱਚ ਬੰਨ੍ਹਦਾ ਹੈ। ਜਿਹੜਾ ਧਰਮ ਮਨੁੱਖੀ ਖ਼ੂਨ ਦਾ ਪਿਆਸਾ ਹੋਵੇ, ਉਹ ਧਰਮ ਕਿਵੇਂ ਹੋ ਸਕਦਾ ਹੈ ? ਜਿਸ ਨੂੰ ਅਸੀਂ ਧਰਮ ਵਜੋਂ ਸਵੀਕਾਰ ਕੀਤਾ ਹੈ ਉਹ ਧਰਮ ਨਹੀਂ ਸਗੋਂ ਇੱਕ ਸੰਪਰਦਾਇਕਤਾ ਹੈ। ਇਸ ਕਰਕੇ ਸਾਡੀ ਸੋਚ ਤੰਗ ਹੈ ਜਦੋਂ ਕਿ ਧਰਮ ਵਿਅਕਤੀ ਨੂੰ ਵਿਆਪਕ ਦ੍ਰਿਸ਼ਟੀਕੋਣ ਪ੍ਰਦਾਨ ਕਰਦਾ ਹੈ।

## ਭਾਰਤ ਵਿਕਾਸ ਪ੍ਰੀਸ਼ਦ ਸਮਾਣਾ ਦੀ ਜਨਰਲ ਬਾਡੀ ਦੀ ਮੀਟਿੰਗ



**ਸਮਾਣਾ, 27 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਵਿਕਾਸ ਪ੍ਰੀਸ਼ਦ ਸਮਾਣਾ ਦੀ ਜਨਰਲ ਬਾਡੀ ਦੀ ਮੀਟਿੰਗ ਕਾਲੜਾ ਸਵੀਟਸ ਵਿਖੇ ਚਮਨ ਲਾਲ ਧਨੇਠਾ ਦੀ ਸਰਪ੍ਰਸਤੀ ਹੇਠ ਆਯੋਜਿਤ ਕੀਤੀ ਗਈ। ਜਿਸ ਵਿਚ 2025-26 ਲਈ ਗਠਿਤ ਕੀਤੀ ਨਵੀ ਬਣੀ ਟੀਮ ਨੂੰ ਸਹੁੰ ਚੁਕਾਈ ਗਈ। ਪ੍ਰੋਗਰਾਮ ਦੀ ਸ਼ੁਰੂਆਦ ਜੋਤੀ ਪ੍ਰਚੰਡ ਕਰਕੇ ਵਦੇਮਾਤਰਮ ਨਾਲ ਕੀਤੀ ਗਈ।

ਇਸ ਮੀਟਿੰਗ ਵਿਚ ਜਿਲਾ ਕਨਵੀਨਰ (ਸੇਵਾ) ਵਿਜੇ ਡਾਵਰ ਵੱਲੋਂ ਨਵੇਂ ਚੁਣੇ ਪ੍ਰਧਾਨ ਰਾਜਿੰਦਰ ਪ੍ਰਸ਼ਾਦ(ਹੈਪੀ) ਨੂੰ ਪ੍ਰਧਾਨਗੀ ਅਹੁਦੇ ਦੀ ਸਹੁੰ ਚੁੱਕਾ ਕੇ ਜਿਮੇਵਾਰੀ ਸੌਂਪੀ। ਇਸੇ ਤਰ੍ਹਾ ਹਰੀਸ਼ ਸਡਾਨਾ ਨੂੰ ਸੈਕਟਰੀ ਅਹੁਦੇ ਦੀ ਸਹੁੰ ਜਿਲਾ ਕਨਵੀਨਰ (ਸੰਸਕਾਰ) ਵੱਲੋਂ ਅਤੇ ਗਗਨਦੀਪ ਗੋਇਲ ਨੂੰ ਕੈਸ਼ੀਅਰ ਅਹੁਦੇ ਦੀ ਸੰਹੁ ਪ੍ਰੀਸ਼ਦ ਦੇ ਮੁੱਖ ਸਲਾਹਕਾਰ ਸ਼ਸੀ ਭੂਸ਼ਣ ਸਿੰਗਲਾ ਵੱਲੋਂ ਚੁਕਵਾਈ ਗਈ।

ਮੀਟਿੰਗ ਦੌਰਾਨ ਪ੍ਰੀਸ਼ਦ ਦੇ ਨਵੇਂ ਬਣੇ ਮੈਂਬਰ ਸ੍ਰੀਮਤੀ ਵੰਦਨਾ ਗੁਪਤਾ, ਵਿਜੇ ਪਾਹਵਾ, ਮੁਕੇਸ਼ ਕਾਨ੍ਹਗਨ੍ਹ, ਲਵ ਕੁਮਾਰ ਗੋਇਲ, ਸਾਹਿਲ, ਸੰਜੇ ਅਰੋੜਾ, ਨਰੈਣ ਦਾਸ ਮੰਤਰੀ ਨੂੰ ਸਨਮਾਨ ਚਿਨ੍ਹ ਭੇਟ ਕਰਕੇ ਸਨਮਾਨਿਤ ਕੀਤਾ ਗਿਆ।

## ਵੱਡੀ ਤੇ ਛੋਟੀ ਨਦੀ ਪ੍ਰਾਜੈਕਟ ਦਾ ਕੰਮ ਹੜ੍ਹਾਂ ਦੇ ਸੀਜਨ ਤੋਂ ਪਹਿਲਾਂ-ਪਹਿਲਾਂ ਮੁਕੰਮਲ ਕੀਤਾ ਜਾਵੇਗਾ: ਡਾ. ਪ੍ਰੀਤੀ ਯਾਦਵ

**ਪਟਿਆਲਾ, 27 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਕਿਹਾ ਹੈ ਕਿ ਪਟਿਆਲਾ ਦੀ ਛੋਟੀ ਨਦੀ ਅਤੇ ਵੱਡੀ ਨਦੀ ਦੀ ਪੁਨਰ ਸੁਰਜੀਤੀ ਲਈ ਸੁੰਦਰੀਕਰਨ ਅਤੇ ਨਵੀਨੀਕਰਨ ਪ੍ਰਾਜੈਕਟ ਦਾ ਕੰਮ ਹੜ੍ਹਾਂ ਦੇ ਸੀਜਨ ਤੋਂ ਪਹਿਲਾਂ-ਪਹਿਲਾਂ ਮੁਕੰਮਲ ਕਰ ਲਿਆ ਜਾਵੇਗਾ। ਡਿਪਟੀ ਕਮਿਸ਼ਨਰ ਨੇ ਇਸ ਪ੍ਰਾਜੈਕਟ ਦਾ ਜਾਇਜ਼ਾ ਲੈਣ ਲਈ ਪੀ.ਡੀ.ਏ ਦੇ ਮੁੱਖ ਪ੍ਰਸ਼ਾਸਕ ਮਨੀਸ਼ਾ ਰਾਣਾ ਤੇ ਡਰੇਨੇਜ ਵਿਭਾਗ ਦੇ ਅਧਿਕਾਰੀਆਂ ਨਾਲ ਬੈਠਕ ਕੀਤੀ।

ਡਾ. ਪ੍ਰੀਤੀ ਯਾਦਵ ਨੇ ਡਰੇਨੇਜ ਅਤੇ ਪੰਜਾਬ ਜਲ ਸਪਲਾਈ ਤੇ ਸੀਵਰੇਜ ਬੋਰਡ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਆਦੇਸ਼ਾਂ ਮੁਤਾਬਕ ਆਪਸੀ ਤਾਲਮੇਲ ਨਾਲ ਪ੍ਰਾਜੈਕਟ ਦੇ ਕੰਮ ਨੂੰ ਹੜ੍ਹਾਂ ਦੇ ਸੀਜਨ ਤੋਂ ਪਹਿਲਾਂ-ਪਹਿਲਾਂ ਮੁਕੰਮਲ ਕੀਤਾ ਜਾਵੇ। ਉਨ੍ਹਾਂ ਦੱਸਿਆ ਕਿ ਡਰੇਨੇਜ ਵਿਭਾਗ ਮੁਤਾਬਕ ਦੋਵਾਂ ਨਦੀਆਂ ਦੇ ਬੰਨ੍ਹਾਂ ਨੂੰ ਮਜ਼ਬੂਤ ਕਰਨ ਦਾ ਕੰਮ ਅਤੇ ਸੀਵਰੇਜ ਟ੍ਰੀਟਮੈਂਟ ਪਲਾਂਟ ਦਾ ਕੰਮ 30 ਅਗਸਤ 2025 ਤੱਕ ਮੁਕੰਮਲ ਹੋ ਜਾਵੇਗਾ।ਇਸ ਮੌਕੇ ਡਰੇਨੇਜ ਵਿਭਾਗ ਦੇ ਕਾਰਜਕਾਰੀ ਇੰਜੀਨੀਅਰ ਪ੍ਰਥਮ ਗੰਭੀਰ ਤੇ ਜਲ ਸਪਲਾਈ ਤੇ ਸੈਨੀਟੇਸ਼ਨ ਦੇ ਅਧਿਕਾਰੀ ਵੀ ਮੌਜੂਦ ਸਨ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਵੱਡੀ ਨਦੀ ਦਾ ਕੰਮ ਦਾ ਦਾਇਰਾ ਦੌਲਤਪੁਰ ਤੋਂ ਲੈਕੇ ਡਕਾਲਾ ਪੁਲ ਤੱਕ ਫੈਲਿਆ ਹੋਇਆ ਹੈ ਅਤੇ ਇਸ ਦਰਮਿਆਨ ਰੇਲਵੇ ਲਾਈਨ ਪੁਲ ਤੇ ਰਾਜਪੁਰਾ ਰੋਡ ਵੀ ਪੈਂਦੀ ਹੈ। ਇਸ ਤੋਂ ਇਲਾਵਾ ਟ੍ਰੈਕਟਰ ਮਾਰਕੀਟ ਪੁਲ ਤੋਂ ਰਿਵਰ ਵਿਊ ਹੋਟਲ ਦੇ ਨੇੜੇ ਐਸਕੇਪ ਪੁਆਇੰਟ ਤੱਕ ਦਾ ਕੰਮ ਪੂਰਾ ਹੋ ਗਿਆ ਹੈ।



ਡਾ. ਪ੍ਰੀਤੀ ਯਾਦਵ ਨੇ ਸਬੰਧਤ ਅਧਿਕਾਰੀਆਂ ਤੋਂ ਕੰਮ ਦੀ ਪ੍ਰਗਤੀ ਦਾ ਜਾਇਜ਼ਾ ਲੈਂਦਿਆਂ ਕਿਹਾ ਕਿ ਪਟਿਆਲਾ ਦੀ ਛੋਟੀ ਨਦੀ ਅਤੇ ਵੱਡੀ ਨਦੀ ਦੀ ਪੁਨਰ ਸੁਰਜੀਤੀ ਕਰਕੇ ਇਸਦੇ ਨਵੀਨੀਕਰਨ ਤੇ ਸੁੰਦਰੀਕਰਨ ਨਾਲ ਇੱਕ ਸੈਰਗਾਹ ਵਜੋਂ ਵਿਕਸਤ ਕਰਨਾ, ਪੰਜਾਬ ਸਰਕਾਰ ਦਾ ਇੱਕ ਅਹਿਮ ਪ੍ਰਾਜੈਕਟ ਹੈ, ਜਿਸ ਲਈ ਇਸ ਵਿੱਚ ਕਿਸੇ ਕਿਸਮ ਦੀ ਕੋਈ ਢਿੱਲ-ਮੱਠ ਨਾ ਵਰਤੀ ਜਾਵੇ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜਲ ਸਪਲਾਈ ਤੇ ਸੀਵਰੇਜ ਬੋਰਡ ਮੁਤਾਬਕ ਦੌਲਤਪੁਰ ਨੇੜੇ ਲੱਗ ਰਹੇ 15 ਐਮ.ਐਲ.ਡੀ. ਦੇ ਐਸ.ਟੀ.ਪੀ ਦਾ ਕੰਮ 82 ਫ਼ੀਸਦੀ ਮੁਕੰਮਲ ਹੋ ਚੁੱਕਾ ਹੈ ਜਦੋਂਕਿ ਇੱਥੇ ਹੀ ਫੋਕਲ ਪੁਆਇੰਟ ਦੇ ਇੰਡਸਟ੍ਰੀਅਲ ਵੇਸਟ ਨੂੰ ਟਰੀਟ ਕਰਨ ਲਈ 2.5 ਐਮ.ਐਲ.ਡੀ. ਦੇ ਈ.ਟੀ.ਪੀ. ਦਾ ਕੰਮ 50 ਫ਼ੀਸਦੀ ਮੁਕੰਮਲ ਹੋ ਗਿਆ ਹੈ।ਜਦਕਿ ਸੰਨੀ ਇਨਕਲੇਵ ਦੇ ਪਿਛਲੇ ਪਾਸੇ ਲੱਗ ਰਹੇ 26 ਐਮ.ਐਲ.ਡੀ. ਦੇ ਸੀਵਰੇਜ ਟ੍ਰੀਟਮੈਂਟ ਪਲਾਂਟ ਦਾ ਕੰਮ 85 ਫ਼ੀਸਦੀ ਮੁਕੰਮਲ ਹੋ ਗਿਆ ਹੈ ਅਤੇ ਇਹ ਸਾਰੇ ਕੰਮ 30 ਸਤੰਬਰ 2025 ਤੱਕ ਮੁਕੰਮਲ ਕਰ ਲਏ ਜਾਣਗੇ। ਉਨ੍ਹਾਂ ਕਿਹਾ ਕਿ ਦੋਵਾਂ ਨਦੀਆਂ ਵਿੱਚ ਕਿਸੇ ਤਰ੍ਹਾਂ ਦਾ ਸੀਵਰੇਜ ਦਾ ਗੰਦਾ ਪਾਣੀ ਸਿੱਧਾ ਨਹੀਂ ਪਾਇਆ ਜਾਵੇਗਾ ਤੇ ਇਹ ਟ੍ਰੀਟ ਕਰਕੇ ਹੀ ਇਨ੍ਹਾਂ 'ਚ ਪੈ ਸਕੇਗਾ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਹ ਨਦੀਆਂ ਸ਼ਹਿਰ 'ਚੋਂ ਮੁੱਖ ਨਿਕਾਸੀ ਨਦੀਆਂ ਹਨ ਅਤੇ ਮਾਨਸੂਨ ਦੇ ਸੀਜਨ 'ਚ ਇਨ੍ਹਾਂ 'ਚ ਰੁਕਾਵਟਾਂ ਪੈਦਾ ਹੋਣ ਕਰਕੇ ਹੜ੍ਹਾਂ ਦਾ ਖ਼ਤਰਾ ਪੈਦਾ ਹੁੰਦਾ ਹੈ ਅਤੇ ਹੁਣ ਪੰਜਾਬ ਸਰਕਾਰ ਵੱਲੋਂ ਦੋਵਾਂ ਨਦੀਆਂ ਦੇ ਸੁੰਦਰੀਕਰਨ ਤੇ ਨਵੀਨੀਕਰਨ ਦੇ ਪ੍ਰਾਜੈਕਟ ਦੇ ਮੁਕੰਮਲ ਕਰਵਾਉਣ ਨਾਲ ਜਲ ਨਿਕਾਸ ਠੀਕ ਹੋਵੇਗਾ।

## ਡਾ. ਬਲਬੀਰ ਸਿੰਘ ਨੇ ਪਹਿਲਗਾਮ ਅੱਤਵਾਦ ਪੀੜਤਾਂ ਦੀ ਯਾਦ 'ਚ ਪਟਿਆਲਾ ਦੇ ਸ਼੍ਰੀ ਕਾਲੀ ਦੇਵੀ ਮੰਦਰ ਵਿਖੇ ਪ੍ਰਾਰਥਨਾ ਕੀਤੀ



**ਪਟਿਆਲਾ, 27 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਪਹਿਲਗਾਮ ਵਿਖੇ ਹਾਲ ਹੀ ਵਿੱਚ ਹੋਏ ਅੱਤਵਾਦੀ ਹਮਲੇ ਦੇ ਪੀੜਤਾਂ ਨੂੰ ਸ਼ਰਧਾਂਜਲੀ ਦਿੰਦੇ ਹੋਏ, ਪਟਿਆਲਾ ਦੇ ਸ੍ਰੀ ਕਾਲੀ ਦੇਵੀ ਮੰਦਿਰ ਵਿਖੇ ਪ੍ਰਾਰਥਨਾ ਕੀਤੀ। ਉਨ੍ਹਾਂ ਨੇ ਜ਼ਖ਼ਮੀਆਂ ਦੀ ਸਿਹਤਯਾਬੀ ਅਤੇ ਮ੍ਰਿਤਕਾਂ ਦੀ ਆਤਮਾ ਦੀ ਸ਼ਾਂਤੀ ਲਈ ਕਾਮਨਾ ਕੀਤੀ।

ਸਿਹਤ ਮੰਤਰੀ ਨੇ ਮੰਦਿਰ ਵਿਖੇ ਨਤਮਸਤਕ ਹੋਣ ਬਾਅਦ ਮੀਡੀਆ ਨਾਲ ਗ਼ੈਰਰਸਮੀ ਗੱਲਬਾਤ ਕਰਦਿਆਂ ਕਿਹਾ ਕਿ ਇਸ ਘਟਨਾ ਨਾਲ 140 ਕਰੋੜ ਦੇਸ਼ ਵਾਸੀਆਂ ਦੇ ਹਿਰਦੇ ਵਲੂੰਦਰੇ ਗਏ ਹਨ, ਨਿਹੱਥੇ ਸੈਲਾਨੀਆਂ ਉਤੇ ਹਮਲੇ ਕਾਰਨ ਪੀੜਤਾਂ ਨੇ ਆਪਣੇ ਪਰਿਵਾਰਾਂ ਨੂੰ ਖੋ ਲਿਆ, ਜਿਸ ਕਰਕੇ ਸਾਰਾ ਦੇਸ਼ ਇਸ ਵੇਲੇ ਇਕੱਠਾ ਹੈ ਅਤੇ ਸਾਰੀ ਦੁਨੀਆਂ ਨੇ ਇਸ ਘਿਨੌਣੀ ਹਰਕਤ ਦੀ ਨਿੰਦਾ ਕੀਤੀ ਹੈ ਅਤੇ ਇਹ ਮਨੁੱਖਤਾ ਵਿਰੁੱਧ ਇੱਕ ਘੋਰ ਅਪਰਾਧ ਹੈ।

ਡਾ. ਬਲਬੀਰ ਸਿੰਘ ਨੇ ਕਿਹਾ ਕਿ ਉਨ੍ਹਾਂ ਨੂੰ ਉਮੀਦ ਹੈ ਕਿ ਇਸ ਦਹਿਸ਼ਤੀ ਹਮਲੇ ਪਿੱਛੇ ਸ਼ਕਤੀਆਂ ਦਾ ਪੂਰਾ ਦੇਸ਼ ਇਕੱਠਾ ਹੋਕੇ ਮੁਕਾਬਲਾ ਕਰੇਗਾ ਤੇ ਅਜਿਹੇ ਦਹਿਸ਼ਤਪਸੰਦਾਂ ਦਾ ਮੂੰਹ ਤੋੜ ਜਵਾਬ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਇਸ ਹਮਲੇ ਵਿੱਚ ਸੈਲਾਨੀਆਂ ਦੇ ਨਾਲ ਇੱਕ ਪੋਨੀਵਾਲੇ ਆਦਿਲ ਨੇ ਵੀ ਆਪਣੀ ਜਾਨ ਗਵਾਈ ਹੈ ਅਤੇ ਸਾਰਾ ਕਸ਼ਮੀਰ ਪਹਿਲੀ ਵਾਰ ਅੱਤਵਾਦੀਆਂ ਦੇ ਖ਼ਿਲਾਫ਼ ਉਠਕੇ ਖੜ੍ਹਾ ਹੋਇਆ ਹੈ। ਉਨ੍ਹਾਂ ਕਿਹਾ ਕਿ ਪੂਰਾ ਦੇਸ਼ ਇਸ ਬੁਰਾਈ ਵਿਰੁੱਧ ਇਕੱਠਾ ਹੋਇਆ ਹੈ ਅਤੇ ਪ੍ਰਧਾਨ ਮੰਤਰੀ ਨੇ ਵੀ ਆਲ ਪਾਰਟੀ ਮੀਟਿੰਗ ਸੱਦੀ ਹੈ, ਸਾਰਾ ਦੇਸ਼ ਇਕਜੁੱਟਤਾ ਨਾਲ ਅੱਤਵਾਦ ਦੀ ਬੁਰਾਈ ਨੂੰ ਜੜੋਂ ਖ਼ਤਮ ਕਰੇਗਾ।

ਡਾ. ਬਲਬੀਰ ਸਿੰਘ ਨੇ ਕਿਹਾ ਕਿ ਉਨ੍ਹਾਂ ਨੇ ਅੱਜ ਮਾਤਾ ਰਾਣੀ ਦੇ ਚਰਨਾਂ 'ਚ ਅਰਦਾਸ ਕੀਤੀ ਹੈ ਕਿ ਸਾਨੂੰ ਉਹ ਬਲ ਬਖ਼ਸ਼ੇ ਤਾਂ ਕਿ ਅਸੀਂ ਦੁਨੀਆਂ ਵਿੱਚੋਂ ਅੱਤਵਾਦ ਦਾ ਖਾਤਮਾ ਕਰ ਸਕੀਏ। ਉਨ੍ਹਾਂ ਕਿਹਾ ਕਿ ਦੁਸ਼ਮਣ ਤਾਕਤਾਂ ਹਮੇਸ਼ਾ ਮੌਕੇ ਦੀ ਤਾਕ ਵਿੱਚ ਰਹਿੰਦੀਆਂ ਹਨ, ਪਰੰਤੂ ਅਜਿਹੀਆਂ ਤਾਕਤਾਂ ਆਪਸੀ ਭਾਈਚਾਰੇ ਤੇ ਪਿਆਰ ਨੂੰ ਹਰਾ ਨਹੀਂ ਸਕਣਗੀਆਂ ਤੇ ਅਸੀਂ ਪੂਰੇ ਦੇਸ਼ ਵਾਸੀ ਮਿਲਕੇ ਇਸ ਹਮਲੇ ਦਾ ਜਵਾਬ ਦੇਵਾਂਗੇ।

ਸਿਹਤ ਮੰਤਰੀ ਨੇ ਕਿਹਾ ਕਿ ਇਹ ਪੂਰੇ ਦੇਸ਼ ਵਿੱਚ ਦੁੱਖ ਦੀ ਘੜੀ ਹੈ ਅਤੇ ਇਸੇ ਲਈ ਅਸੀਂ ਵੀ ਆਮ ਆਦਮੀ ਪਾਰਟੀ ਵੱਲੋਂ ਕੌਮੀ ਕਨਵੀਨਰ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਦੁਖੀ ਪਰਿਵਾਰਾਂ ਦੇ ਨਾਲ ਖੜ੍ਹੇ ਹਾਂ। ਉਨ੍ਹਾਂ ਅੱਗੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਪਹਿਲਾਂ ਹੀ ਇਸ ਵਹਿਸ਼ੀ, ਕਾਇਰਤਾਪੂਰਨ ਅਤੇ ਅਣਮਨੁੱਖੀ ਕਾਰਵਾਈ ਦੀ ਨਿੰਦਾ ਕਰ ਚੁੱਕੀ ਹੈ। ਮੰਤਰੀ ਦੇ ਨਾਲ ਜਸਬੀਰ ਸਿੰਘ ਗਾਂਧੀ ਤੇ ਹੋਰ ਆਗੂ ਮੌਜੂਦ ਸਨ।

## ਕਾਮਰਸ ਵਿਭਾਗ ਦੇ ਵਿਦਿਆਰਥੀਆਂ ਨੂੰ ਵਿਦਾਇਗੀ ਪਾਰਟੀ ਦਿੱਤੀ



**ਧੂਰੀ, 27 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਯੂਨੀਵਰਸਿਟੀ ਕਾਲਜ ਬੇਨੜਾ ਵਿਖੇ ਪ੍ਰਿੰਸੀਪਲ ਡਾ. ਹਰਵਿੰਦਰ ਸਿੰਘ ਦੀ ਅਗਵਾਈ ਵਿੱਚ ਬੀ.ਕਾਮ ਭਾਗ ਤੀਜਾ ਅਤੇ ਐੱਮ.ਕਾਮ ਭਾਗ ਦੂਜਾ ਦੇ ਵਿਦਿਆਰਥੀਆਂ ਨੂੰ ਵਿਦਾਇਗੀ ਪਾਰਟੀ ਦਿੱਤੀ ਗਈ। ਵਿਭਾਗ ਦੇ ਕੋਆਰਡੀਨੇਟਰ ਡਾ.ਅਮਿਤਾ ਜੈਨ ਨੇ ਕਿਹਾ ਕਿ ਕੋਰਸ ਦੇ ਅੰਤਿਮ ਸਮੈਸਟਰ ਵਾਲੇ ਵਿਦਿਆਰਥੀਆਂ ਨੂੰ ਬਾਕੀ ਵਿਦਿਆਰਥੀਆਂ ਵੱਲੋਂ ਵਿਦਾਇਗੀ ਪਾਰਟੀ ਕਰਨਾ ਇੱਕ ਚੰਗੀ ਪਰੰਪਰਾ ਹੋਣ ਦੇ ਨਾਲ ਨਾਲ ਭਾਈਚਾਰਕ ਸਾਂਝ ਦਾ ਪ੍ਰਤੀਕ ਵੀ ਹੈ।

ਪਾਰਟੀ ਵਿੱਚ ਵੱਖ ਵੱਖ ਮੁਕਾਬਲਿਆਂ ਦੌਰਾਨ ਬੀ.ਕਾਮ ਭਾਗ ਤੀਜਾ ਵਿੱਚੋਂ ਰਾਜਨੰਦਨੀ ਤੇ ਸ਼ੁਭਮ ਗਰਗ ਅਤੇ ਐੱਮ.ਕਾਮ ਭਾਗ ਦੂਜਾ ਵਿੱਚੋਂ ਖ਼ੁਸ਼ਪ੍ਰੀਤ ਕੌਰ ਤੇ ਅਰਜੁਨ ਨੂੰ ਕ੍ਰਮਵਾਰ ਮਿਸ ਤੇ ਮਿਸਟਰ ਫੇਅਰਵੈੱਲ ਚੁਣਿਆ ਗਿਆ। ਇਸ ਮੌਕੇ ਕਾਮਰਸ ਵਿਭਾਗ ਦੇ ਪ੍ਰੋ. ਅਮਨੀਤ ਸਿੰਘ, ਪ੍ਰੋ.ਰਾਮਫਲ, ਪ੍ਰੋ. ਪ੍ਰਭਜੋਤ ਕੌਰ ਅਤੇ ਪ੍ਰੋ.ਰੂਪਾਲੀ ਗਰਗ ਤੋਂ ਇਲਾਵਾ ਸਮੂਹ ਸਟਾਫ਼ ਮੈਂਬਰ ਮੌਜੂਦ ਸਨ।

## ਚੇਅਰਮੈਨ ਬਲਕਾਰ ਸਿੰਘ ਭੋਖੜਾ ਵੱਲੋਂ ਬਿਨਾਂ ਸਰਕਾਰ ਦੀ ਮਨਜ਼ੂਰੀ ਲਏ ਬਣਾਏ ਯਾਰਡਾਂ ਵਿੱਚ ਕਣਕ ਦੀ ਖ਼ਰੀਦ ਕਰ ਰਹੇ ਲੋਕਾਂ ਉਪਰ ਕੀਤੀ ਕਰਵਾਈ

**ਬਠਿੰਡਾ, 27 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**



ਮਾਰਕੀਟ ਕਮੇਟੀ ਗੋਨਿਆਣਾ ਮੰਡੀ ਦੇ ਚੇਅਰਮੈਨ ਬਲਕਾਰ ਸਿੰਘ ਭੋਖੜਾ ਨੇ ਪ੍ਰੈੱਸ ਨਾਲ ਜਾਣਕਾਰੀ ਸਾਂਝੀ ਕਰਦੇ ਹੋਏ ਦੱਸਿਆ ਕਿ ਕੁੱਝ ਲੋਕਾਂ ਵੱਲੋਂ ਮਾਰਕੀਟ ਕਮੇਟੀ ਦੀ ਫ਼ੀਸ ਦਿੱਤੇ ਬਿਨਾਂ ਕਿਸਾਨਾਂ ਤੋਂ ਕਣਕ ਦੀ ਸਿੱਧੀ ਖ਼ਰੀਦ ਕੀਤੀ ਜਾ ਰਹੀ ਸੀ ਜਿਸ ਨੂੰ ਰੋਕਣ ਲਈ ਮਾਰਕੀਟ ਕਮੇਟੀ ਗੋਨਿਆਣਾ ਮੰਡੀ ਦੇ ਚੇਅਰਮੈਨ ਬਲਕਾਰ ਸਿੰਘ ਭੋਖੜਾ ਦੀ ਅਗਵਾਈ ਵਿੱਚ ਮਾਰਕੀਟ ਕਮੇਟੀ ਦੇ ਸਕੱਤਰ ਬਲਕਾਰ ਸਿੰਘ ਅਤੇ ਸਮੂਹ ਸਟਾਫ ਵੱਲੋਂ ਵੱਖ ਵੱਖ ਥਾਂਵਾਂ ਉਪਰ ਛਾਪੇਮਾਰੀ ਕੀਤੀ ਗਈ। ਇਸ ਛਾਪੇਮਾਰੀ ਦੌਰਾਨ ਪਿੰਡ ਨੇਹੀਆਂ ਵਾਲਾ ਤੋਂ ਮਹਿਮਾ ਸਰਜਾ ਨੂੰ ਜਾਂਦੀ ਸੜਕ ਉਪਰ ਇੱਕ ਚਾਰ ਦੀਵਾਰੀ ਅੰਦਰ ਸੰਤ ਟਰੇਡਰਜ ਅਤੇ ਖੁਸ਼ੀ ਫੀਡ ਫੈਕਟਰੀ ਵੱਲੋਂ ਸਰਕਾਰ ਦੀ ਮਨਜ਼ੂਰੀ ਲਏ ਬਿਨਾਂ ਕਣਕ ਨੂੰ ਇਕੱਠਾ ਕੀਤਾ ਜਾ ਰਿਹਾ ਸੀ ਅਤੇ ਖ਼ਰੀਦ ਕੀਤੀ ਜਾ ਰਹੀ ਸੀ ਜਦੋਂ ਇਸ ਇਕੱਠੀ ਕੀਤੀ ਹੋਈ ਕਣਕ ਬਾਰੇ ਜਾਣਕਾਰੀ ਲਈ ਗਈ ਤਾਂ ਪਤਾ ਲੱਗਿਆ ਕਿ ਇਹ ਕਣਕ ਇਹਨਾ ਫਰਮਾ ਵੱਲੋਂ ਕਿਸਾਨਾਂ ਤੋਂ ਸਿੱਧੀ ਖ਼ਰੀਦ ਕੀਤੀ ਗਈ ਹੈ ਅਤੇ ਸਰਕਾਰ ਤੋਂ ਯਾਰਡ ਬਣਾਉਣ ਦੀ ਮਨਜ਼ੂਰੀ ਵੀ ਨਹੀਂ ਲਈ ਗਈ ਅਤੇ ਮਾਰਕੀਟ ਕਮੇਟੀ ਦੀ ਫੀਸ ਵੀ ਨਹੀਂ ਭਰੀ ਗਈ ਤਾਂ ਉਸ ਇਕੱਠੀ ਕੀਤੀ ਹੋਈ ਕਣਕ ਦਾ ਮੁਲਾਂਕਣ ਕਰਨ ਤੇ ਪਤਾ ਲੱਗਾ ਕਿ ਇਹ ਇਕੱਠੀ ਕੀਤੀ ਹੋਈ ਕਣਕ ਸੰਤ ਟਰੇਡਰ ਕੋਲ ਲੱਗਭਗ 5000 ਹਜ਼ਾਰ ਗੱਟਾ (2500 ਕੁਇੰਟਲ) ਅਤੇ ਖ਼ੁਸ਼ੀ ਫੀਡ ਫੈਕਟਰੀ ਕੋਲ ਲੱਗਭਗ 300ਗੱਟਾ (150 ਕੁਇੰਟਲ) ਹੈ। ਸਾਰੀ ਜਾਂਚ ਕਰਨ ਤੋਂ ਬਾਅਦ ਮਾਰਕੀਟ ਕਮੇਟੀ ਗੋਨਿਆਣਾ ਮੰਡੀ ਵੱਲੋਂ ਇਹਨਾਂ ਫਰਮਾ ਤੋਂ 3% ਮਾਰਕੀਟ ਕਮੇਟੀ ਦੀ ਫੀਸ ਅਤੇ 3-3% ਆਰ ਡੀ ਐਫ ਸਹਿਤ ਜੁਰਮਾਨਾ ਭਰਵਾਇਆ ਗਿਆ ਜਿਸ ਦੀ ਕੀਮਤ ਲੱਗਭਗ ਪੰਜ ਲੱਖ ਅੱਸੀ ਹਜ਼ਾਰ ਰੁਪਏ ਬਣਦੀ ਹੈ।

ਓਹਨਾਂ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਵੀ ਸੰਤ ਟਰੇਡਰ ਤੋਂ ਇਸ ਜਗ੍ਹਾ ਉਪਰ ਕਣਕ ਇਕੱਠੀ ਕਰਨ ਤੇ ਮਾਰਕੀਟ ਕਮੇਟੀ ਵੱਲੋਂ ਲੱਗਭਗ 62 ਹਜ਼ਾਰ ਰੁਪਏ ਦੀ ਫ਼ੀਸ ਅਤੇ ਜ਼ੁਰਮਾਨਾ ਭਰਵਾਇਆ ਗਿਆ ਸੀ ਅਤੇ ਅੱਗੇ ਤੋਂ ਇਸ ਜਗ੍ਹਾ ਉਪਰ ਕਣਕ ਦੀ ਖ਼ਰੀਦ ਨਾਂ ਕਰਨ ਦੇ ਚੇਤਾਵਨੀ ਦਿੱਤੀ ਗਈ ਸੀ ਪਰ ਇਹਨਾਂ ਵੱਲੋਂ ਕੁੱਝ ਦਿਨ ਰੁਕ ਕੇ ਦੁਬਾਰਾ ਤੋਂ ਫੇਰ ਇਸ ਜਗ੍ਹਾ ਉਪਰ ਕਣਕ ਦੀ ਖ਼ਰੀਦ ਸ਼ੁਰੂ ਕਰ ਦਿੱਤੀ ਗਈ ਸੀ ਜਿਸ ਦਾ ਪਤਾ ਲੱਗਦੇ ਹੀ ਮਾਰਕੀਟ ਕਮੇਟੀ ਵੱਲੋਂ ਦੁਬਾਰਾ ਸੰਤ ਟਰੇਡਰ ਨੂੰ 546750/- ਰੁਪਏ ਮਾਰਕੀਟ ਕਮੇਟੀ ਦੀ ਫ਼ੀਸ ਸਮੇਤ ਜ਼ੁਰਮਾਨਾ ਭਰਵਾਇਆ ਗਿਆ ਅਤੇ 15 ਦਿਨਾਂ ਲਈ ਇਹਨਾਂ ਦਾ ਲਾਇਸੈਂਸ ਦੀ ਰੱਦ ਕਰ ਦਿੱਤਾ ਗਿਆ ਹੈ।

# ਸੇਂਟ ਪੀਟਰਜ਼ ਬੇਸਿਲਿਕਾ 'ਚ ਪੋਪ ਫਰਾਂਸਿਸ ਦੇ ਅੰਤਿਮ ਸੰਸਕਾਰ ਦੀਆਂ ਰਸਮਾਂ ਸੰਪਨ

**ਵੈਟੀਕਨ ਸਿਟੀ, 27 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**



ਪੋਪ ਫਰਾਂਸਿਸ, ਜਿਨ੍ਹਾਂ ਦਾ ਸੋਮਵਾਰ ਨੂੰ ਦੇਹਾਂਤ ਹੋ ਗਿਆ ਸੀ, ਦਾ ਅੰਤਿਮ ਸੰਸਕਾਰ ਸ਼ਨਿੱਚਰਵਾਰ ਨੂੰ ਸੇਂਟ ਪੀਟਰਜ਼ ਸਕੁਏਅਰ ਵਿਖੇ ਸੇਂਟ ਪੀਟਰਜ਼ ਬੇਸਿਲਿਕਾ ਦੀਆਂ ਘੰਟੀਆਂ ਵਜਾਉਣ ਨਾਲ ਸਮਾਪਤ ਹੋ ਗਿਆ। ਘੰਟੀਆਂ ਦੀ ਇਹ ਆਵਾਜ਼ 2 ਘੰਟੇ ਅਤੇ 10 ਮਿੰਟ ਲੰਬੀ ਸਰਵਿਸ ਦੇ ਅੰਤ ਦਾ ਸੰਕੇਤ ਸੀ। ਪੋਪ ਫਰਾਂਸਿਸ ਨੂੰ ਸ਼ਰਧਾਂਜਲੀ ਦੇਣ ਲਈ ਰੋਮ ਦੀਆਂ ਸੜਕਾਂ 'ਤੇ ਵੱਡੀ ਭੀੜ ਕਤਾਰ ਵਿੱਚ ਖੜ੍ਹੀ ਸੀ ਕਿਉਂਕਿ ਉਨ੍ਹਾਂ ਦਾ ਤਾਬੂਤ ਲੈ ਕੇ ਜਾਣ ਵਾਲਾ ਚਿੱਟਾ ਪੋਪਮੋਬਾਈਲ ਵੈਟੀਕਨ ਦੇ ਪਾਰ ਮੋਟਰਸਾਈਕਲਾਂ ਨਾਲ ਪੋਪ ਦੇ ਅੰਤਿਮ ਵਿਰਾਮ ਸਥਾਨ ਵੱਲ ਜਾ ਰਿਹਾ ਸੀ, ਜੋ ਉਨ੍ਹਾਂ ਦੀ ਪਸੰਦ ਦੀ ਜਗ੍ਹਾ ਸੀ। ਪੋਪ ਫਰਾਂਸਿਸ ਦੇ ਤਾਬੂਤ ਨੂੰ ਟਾਈਬਰ ਦਰਿਆ ਦੇ ਪਾਰ ਰੋਮ ਦੇ ਪੰਜਵੀਂ ਸਦੀ ਦੇ ਚਰਚ, ਬੇਸਿਲਿਕਾ ਡੀ ਸਾਂਤਾ ਮਾਰੀਆ ਮੈਗੀਓਰ ਵਿੱਚ ਲਿਜਾਇਆ ਗਿਆ, ਜਿੱਥੇ ਪੋਪ ਦੀ ਦੇਹ ਦੇ ਆਉਣ ਤੋਂ ਪਹਿਲਾਂ ਘੰਟੀਆਂ ਵਜਾਈਆਂ ਗਈਆਂ। ਸੇਂਟ ਮੈਰੀ ਮੇਜਰ ਦੀ ਬੇਸਿਲਿਕਾ ਇੱਕ ਅਜਿਹੀ ਜਗ੍ਹਾ ਸੀ ਜਿੱਥੇ ਪੋਪ ਆਪਣੇ 12 ਸਾਲਾਂ ਦੇ ਪੋਪ ਕਾਰਜਕਾਲ ਦੌਰਾਨ ਅਕਸਰ ਆਉਂਦੇ-ਜਾਂਦੇ ਸਨ। ਪੋਪ ਫਰਾਂਸਿਸ ਦਾ ਤਾਬੂਤ ਇਟਲੀ ਦੀ ਰਾਜਧਾਨੀ ਦੇ ਇਤਿਹਾਸਕ ਸਥਾਨਾਂ ਵਿੱਚੋਂ ਇੱਕ, ਕੋਲੋਸੀਅਮ ਕੋਲੋਂ ਲੰਘਿਆ। ਉਪਰੋਂ ਖੁੱਲ੍ਹੇ ਤਾਬੂਤ ਨੂੰ ਪੋਪਮੋਬਾਈਲ ਵਿੱਚ ਲਿਜਾਇਆ ਗਿਆ ਸੀ ਜਿਸਨੂੰ ਪੋਪ ਨੇ 2015 ਦੀ ਫਿਲੀਪੀਨਜ਼ ਦੀ ਆਪਣੀ ਯਾਤਰਾ ਦੌਰਾਨ ਵਰਤਿਆ ਸੀ। ਵੈਟੀਕਨ ਨੇ ਇੱਕ ਬਿਆਨ ਵਿੱਚ ਕਿਹਾ, ਸਮਰੱਥ ਅਧਿਕਾਰੀ ਸਾਨੂੰ ਸੂਚਿਤ ਕਰਦਾ ਹੈ ਕਿ, ਜਦੋਂ ਕਿ ਪੋਪ ਫਰਾਂਸਿਸ ਦਾ ਅੰਤਿਮ ਸੰਸਕਾਰ ਖਤਮ ਹੋ ਗਿਆ ਹੈ, ਤੇ ਇਸ ਮੌਕੇ 250,000 ਤੋਂ ਵੱਧ ਲੋਕ ਮੌਜੂਦ ਹਨ। ਸਰਵਿਸ ਦਾ ਸਮਾਪਨ ਬਲੈੱਸਡ ਵਰਜਿਨ ਮੈਰੀ ਦੇ ਕੈਂਟੀਕਲ ਨਾਲ ਹੋਇਆ, ਜਿਸਨੂੰ ਮੈਗਨੀਫਿਕੇਟ ਵੀ ਕਿਹਾ ਜਾਂਦਾ ਹੈ। ਇਸ ਮੌਕੇ ਲੋਕ ਬਹੁਤ ਹੀ ਸੋਗ ਦੇ ਆਲਮ ਵਿਚ ਸਨ। ਕਾਰਡੀਨਲ ਬੈਟਿਸਟਾ ਰੇ ਨੇ ਕਿਹਾ, ਮਨੁੱਖੀ ਨਿੱਘ ਨਾਲ ਭਰਪੂਰ ਅਤੇ ਅੱਜ ਦੀਆਂ ਚੁਣੌਤੀਆਂ ਪ੍ਰਤੀ ਡੂੰਘੇ ਸੰਵੇਦਨਸ਼ੀਲ, ਪੋਪ ਫਰਾਂਸਿਸ ਨੇ ਸੱਚਮੁੱਚ ਇਸ ਸਮੇਂ ਦੀਆਂ ਚਿੰਤਾਵਾਂ, ਦੁੱਖਾਂ ਅਤੇ ਉਮੀਦਾਂ ਨੂੰ ਸਾਂਝਾ ਕੀਤਾ ਉਨ੍ਹਾਂ ਇਹ ਵੀ ਕਿਹਾ ਕਿ ਮਰਹੂਮ ਪੋਪ ਨੇ ਸਿੱਧੇ ਅਤੇ ਤਰੀਕੇ ਨਾਲ ਲੋਕਾਂ ਦੇ ਦਿਲਾਂ ਨੂੰ ਛੂਹਿਆ ਤੇ ਉਹ 'ਲੋਕਾਂ ਦੇ ਪੋਪ' ਸਨ।

# ਭਾਰਤ ਤੇ ਪਾਕਿਸਤਾਨ ਦੋਵੇਂ ਮੇਰੇ ਕਰੀਬ, ਕਸ਼ਮੀਰ ਵਿਵਾਦ ਹਜ਼ਾਰ ਸਾਲ ਪੁਰਾਣਾ : ਟਰੰਪ

**ਵਾਸ਼ਿੰਗਟਨ, 27 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਪਹਿਲਗਾਮ ਵਿਚ ਹੋਏ ਦਹਿਸ਼ਤੀ ਹਮਲੇ ਨੂੰ 'ਬਹੁਤ ਬੁਰਾ ਹਮਲਾ' ਦੱਸਿਆ ਹੈ। ਹਾਲਾਂਕਿ ਕਸ਼ਮੀਰ ਵਿਵਾਦ ਬਾਰੇ ਇਕ ਟਿੱਪਣੀ ਨੂੰ ਲੈ ਕੇ ਅਮਰੀਕੀ ਸਦਰ ਨੂੰ ਸੋਸ਼ਲ ਮੀਡੀਆ 'ਤੇ ਜਮ ਕੇ ਟਰੌਲ ਕੀਤਾ ਜਾ ਰਿਹਾ ਹੈ।

ਟਰੰਪ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ, "ਮੈਂ ਭਾਰਤ ਤੇ ਪਾਕਿਸਤਾਨ ਦੋਵਾਂ ਦੇ ਬਹੁਤ ਕਰੀਬ ਹਾਂ। ਕਸ਼ਮੀਰ ਨੂੰ ਲੈ ਕੇ ਦੋਵਾਂ ਦੇਸ਼ਾਂ ਦਰਮਿਆਨ ਹਜ਼ਾਰ ਸਾਲ ਤੋਂ ਵਿਵਾਦ ਜਾਰੀ ਹੈ, ਸ਼ਾਇਦ ਉਸ ਤੋਂ ਵੀ ਪਹਿਲਾਂ ਤੋਂ। ਤੇ ਇਹ (ਅਤਿਵਾਦੀ ਹਮਲਾ) ਬਹੁਤ ਹੀ ਬੁਰਾ ਸੀ, ਬਹੁਤ ਹੀ ਖਰਾਬ ਹਮਲਾ।"

ਅਮਰੀਕੀ ਰਾਸ਼ਟਰਪਤੀ ਨੂੰ ਭਾਰਤ-ਪਾਕਿਸਤਾਨ ਸਰਹੱਦ 'ਤੇ ਵਧਦੇ ਤਣਾਅ ਬਾਰੇ ਸਵਾਲ ਕੀਤਾ ਗਿਆ, ਤਾਂ ਉਨ੍ਹਾਂ ਕਿਹਾ, "ਸਰਹੱਦ 'ਤੇ 1,500 ਸਾਲਾਂ ਤੋਂ ਤਣਾਅ ਰਿਹਾ ਹੈ। ਇਸ ਲਈ ਇਹ ਨਵਾਂ ਨਹੀਂ ਹੈ। ਪਰ ਮੈਨੂੰ ਵਿਸ਼ਵਾਸ ਹੈ ਕਿ ਉਹ ਇਸ ਦਾ ਹੱਲ ਕੱਢ ਲੈਣਗੇ। ਮੈਂ ਦੋਵਾਂ ਆਗੂਆਂ ਨੂੰ ਜਾਣਦਾ ਹਾਂ, ਦੋਵਾਂ ਦੇਸ਼ਾਂ ਦਰਮਿਆਨ ਬਹੁਤ ਤਣਾਅ ਹੈ, ਪਰ ਅਜਿਹਾ ਹਮੇਸ਼ਾ ਤੋਂ ਰਿਹਾ ਹੈ।"

**ਸੋਸ਼ਲ ਮੀਡੀਆ 'ਤੇ ਉੱਡਿਆ ਮਜ਼ਾਕ**




ਟਰੰਪ ਦੇ ਇਸ ਬਿਆਨ ਨੂੰ ਲੈ ਕੇ ਸੋਸ਼ਲ ਮੀਡੀਆ 'ਤੇ ਤਿੱਖਾ ਪ੍ਰਤੀਕਰਮ ਦੇਖਣ ਨੂੰ ਮਿਲਿਆ ਹੈ। ਬਹੁਤ ਸਾਰੇ ਲੋਕਾਂ ਨੇ ਅਮਰੀਕੀ ਸਦਰ ਦੇ ਇਤਿਹਾਸਕ ਗਿਆਨ 'ਤੇ ਸਵਾਲ ਉਠਾਏ ਹਨ। ਇੱਕ ਯੂਜ਼ਰ ਨੇ ਲਿਖਿਆ, "500 ਸਾਲ ਪਹਿਲਾਂ ਗੁਪਤ ਸਾਮਰਾਜ ਰਾਜ ਕਰਦਾ ਸੀ, ਉਸ ਸਮੇਂ ਇਸਲਾਮ ਅਤੇ ਪਾਕਿਸਤਾਨ ਮੌਜੂਦ ਨਹੀਂ ਸਨ।" ਇੱਕ ਹੋਰ ਨੇ ਮਜ਼ਾਕ ਉਡਾਇਆ, "ਕੀ ਤੁਹਾਨੂੰ ਸੁਆਦ ਆਇਆ? ਇਸ ਦਾ ਸਿੱਧਾ ਮਤਲਬ ਹੈ 'ਭਾਰਤ ਅਤੇ ਪਾਕਿਸਤਾਨ ਦੋਵੇਂ ਮੇਰੇ ਦੋਸਤ ਹਨ, ਕਸ਼ਮੀਰ ਉਨ੍ਹਾਂ ਦਾ ਆਪਸੀ ਮਾਮਲਾ ਹੈ, ਅਮਰੀਕਾ ਕਿਸੇ ਵੀ ਪਾਸੇ ਨਹੀਂ ਹੈ'। ਅਤੇ ਹਾਂ, ਪਾਕਿਸਤਾਨ ਬਣਨ ਤੋਂ ਪਹਿਲਾਂ ਵੀ ਕਸ਼ਮੀਰ ਇੱਕ ਮੁੱਦਾ ਸੀ?"

# ਦਬਾਅ 'ਚ ਆਏ ਸ਼ਾਹਬਾਜ਼ ਸ਼ਰੀਫ, ਪਹਿਲਗਾਮ ਹਮਲੇ ਦੀ ਨਿਰਪੱਖ ਜਾਂਚ ਦੀ ਕੀਤੀ ਅਪੀਲ

**ਖ਼ੈਬਰ ਪਖ਼ਤੂਨਖ਼ਵਾ, 27 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਜਿਵੇਂ ਕਿ ਭਾਰਤ ਨੂੰ ਪਹਿਲਗਾਮ ਅੱਤਵਾਦੀ ਹਮਲੇ, ਜਿਸ ਵਿੱਚ 26 ਲੋਕ ਮਾਰੇ ਗਏ ਸਨ, ਵਿਰੁੱਧ ਆਲਮੀ ਸਮਰਥਨ ਮਿਲ ਰਿਹਾ ਹੈ, ਉਸ ਤੋਂ ਪਾਕਿਸਤਾਨੀ ਨਿਜ਼ਾਮ 'ਤੇ ਦਬਾਅ ਵਧ ਰਿਹਾ ਹੈ। ਪਾਕਿਸਤਾਨ ਦੇ ਅੰਗਰੇਜ਼ੀ ਅਖ਼ਬਾਰ 'ਡਾਅਨ' ਦੀ ਰਿਪੋਰਟ ਅਨੁਸਾਰ, ਸ਼ਨਿੱਚਰਵਾਰ ਨੂੰ, ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਨੇ ਹਮਲੇ ਦੀ ਨਿਰਪੱਖ, ਪਾਰਦਰਸ਼ੀ ਅਤੇ ਭਰੋਸੇਯੋਗ ਜਾਂਚ ਵਿੱਚ ਹਿੱਸਾ ਲੈਣ ਲਈ ਇਸਲਾਮਾਬਾਦ ਦੀ ਇੱਛਾ ਜ਼ਾਹਰ ਕੀਤੀ।

ਖੈਬਰ ਪਖਤੂਨਖਵਾ ਸੂਬੇ ਵਿੱਚ ਸਥਿਤ ਕਾਕੁਲ ਵਿੱਚ ਪਾਕਿਸਤਾਨ ਮਿਲਟਰੀ ਅਕੈਡਮੀ ਵਿੱਚ ਇੱਕ ਪਾਸਿੰਗ-ਆਊਟ ਪਰੇਡ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਸ਼ਾਹਬਾਜ਼ ਨੇ ਕਿਹਾ, ਇੱਕ ਜ਼ਿੰਮੇਵਾਰ ਮੁਲਕ ਵਜੋਂ ਆਪਣੀ ਭੂਮਿਕਾ ਨੂੰ ਜਾਰੀ ਰੱਖਦੇ ਹੋਏ, ਪਾਕਿਸਤਾਨ ਕਿਸੇ ਵੀ ਨਿਰਪੱਖ, ਪਾਰਦਰਸ਼ੀ ਅਤੇ ਭਰੋਸੇਯੋਗ ਜਾਂਚ ਵਿੱਚ ਹਿੱਸਾ ਲੈਣ ਲਈ ਤਿਆਰ ਹੈ। ਪਾਕਿਸਤਾਨ ਨੂੰ ਅੱਤਵਾਦ ਵਿਰੁੱਧ ਦੁਨੀਆ ਦਾ ਮੋਹਰੀ ਮੁਲਕ ਦੱਸਦਿਆਂ



ਸ਼ਾਹਬਾਜ਼ ਸ਼ਰੀਫ ਨੇ ਦਾਅਵਾ ਕੀਤਾ ਕਿ ਦੇਸ਼ ਨੇ ਇਸ ਕਾਰਨ ਭਾਰੀ ਨੁਕਸਾਨ ਝੱਲਿਆ ਹੈ।

'ਡਾਅਨ' ਦੀ ਰਿਪੋਰਟ ਅਨੁਸਾਰ ਪ੍ਰਧਾਨ ਮੰਤਰੀ ਸ਼ਰੀਫ਼ ਨੇ ਕਿਹਾ, ਦਹਿਸ਼ਤਗਰਦੀ ਖ਼ਿਲਾਫ਼ ਦੁਨੀਆ ਦੇ ਮੋਹਰੀ ਮੁਲਕ ਹੋਣ ਦੇ ਨਾਤੇ, ਅਸੀਂ ਬਹੁਤ ਵੱਡਾ ਨੁਕਸਾਨ ਝੱਲਿਆ ਹੈ, ਜਿਵੇਂ 90,000 ਲੋਕਾਂ ਦਾ ਜਾਨੀ ਨੁਕਸਾਨ ਅਤੇ ਕਲਪਨਾ ਤੋਂ ਪਰੇ ਆਰਥਿਕ ਨੁਕਸਾਨ, ਜੋ 600 ਅਰਬ ਡਾਲਰ ਤੋਂ ਵੱਧ ਬਣਦਾ ਹੈ।

ਇੱਕ ਦਿਨ ਪਹਿਲਾਂ, ਪਾਕਿਸਤਾਨ ਦੇ ਰੱਖਿਆ ਮੰਤਰੀ ਖਵਾਜਾ ਆਸਿਫ ਨੇ ਮੰਨਿਆ ਸੀ ਕਿ ਉਨ੍ਹਾਂ ਦਾ ਮੁਲਕ ਅੱਤਵਾਦੀ ਸਮੂਹਾਂ ਨੂੰ ਫੰਡਿੰਗ ਅਤੇ ਸਮਰਥਨ ਦੇ ਰਿਹਾ ਹੈ। ਵਾਇਰਲ ਹੋਈ ਇੱਕ ਵੀਡੀਓ ਕਲਿੱਪ ਵਿੱਚ, ਪਾਕਿਸਤਾਨ ਦੇ ਰੱਖਿਆ ਮੰਤਰੀ ਸਕਾਈ ਨਿਊਜ਼ ਦੀ ਪੇਸ਼ਕਾਰ ਯਲਦਾ ਹਕੀਮ ਨਾਲ ਗੱਲਬਾਤ ਕਰ ਰਹੇ ਸਨ।

ਜਦੋਂ ਉਸਨੇ ਉਨ੍ਹਾਂ ਨੂੰ ਪੁੱਛਿਆ, ਤੁਸੀਂ ਮੰਨਦੇ ਹੋ, ਸਰ, ਕਿ ਪਾਕਿਸਤਾਨ ਦਾ ਇਨ੍ਹਾਂ ਅੱਤਵਾਦੀ ਸੰਗਠਨਾਂ ਦਾ ਸਮਰਥਨ ਅਤੇ ਸਿਖਲਾਈ ਅਤੇ ਫੰਡਿੰਗ ਦਾ ਇੱਕ ਲੰਮਾ ਇਤਿਹਾਸ ਰਿਹਾ ਹੈ? ਤਾਂ ਖਵਾਜਾ ਆਸਿਫ਼ ਨੇ ਆਪਣੇ ਜਵਾਬ ਵਿੱਚ ਕਿਹਾ, ਅਸੀਂ ਲਗਭਗ ਤਿੰਨ ਦਹਾਕਿਆਂ ਤੋਂ ਅਮਰੀਕਾ ਲਈ ਇਹ ਗੰਦਾ ਕੰਮ ਕਰ ਰਹੇ ਹਾਂ ਅਤੇ ਨਾਲ ਹੀ ਪੱਛਮ, ਜਿਸ ਵਿੱਚ ਬ੍ਰਿਟੇਨ ਵੀ ਸ਼ਾਮਲ ਹੈ ਇਹ ਇੱਕ ਗਲਤੀ ਸੀ, ਅਤੇ ਅਸੀਂ ਇਸਦਾ ਦੁੱਖ ਝੱਲਿਆ, ਅਤੇ ਇਸੇ ਲਈ ਤੁਸੀਂ ਮੈਨੂੰ ਇਹ ਕਹਿ ਰਹੇ ਹੋ। ਜੇ ਅਸੀਂ ਸੋਵੀਅਤ ਯੂਨੀਅਨ ਵਿਰੁੱਧ ਜੰਗ ਅਤੇ ਬਾਅਦ ਵਿੱਚ 9/11 ਤੋਂ ਬਾਅਦ ਜੰਗ ਵਿੱਚ ਸ਼ਾਮਲ ਨਾ ਹੁੰਦੇ, ਤਾਂ ਪਾਕਿਸਤਾਨ ਦਾ ਟਰੈਕ ਰਿਕਾਰਡ ਨਿਰਦੋਸ਼ ਹੁੰਦਾ। ਪਾਕਿਸਤਾਨੀ ਰੱਖਿਆ ਮੰਤਰੀ ਨੇ ਯਲਦਾ ਹਕੀਮ ਨਾਲ ਇੰਟਰਵਿਊ ਵਿੱਚ ਭਾਰਤ ਨਾਲ ਪੂਰੀ ਜੰਗ ਦੀ ਚੇਤਾਵਨੀ ਵੀ ਦਿੱਤੀ।

# ਕੇਂਦਰੀ ਕਾਨੂੰਨ ਅਤੇ ਨਿਆਂ ਮੰਤਰੀ ਅਰਜੁਨ ਰਾਮ ਮੇਘਵਾਲ ਨੇ ਪੰਚਕੂਲਾ ਵਿੱਚ ਰੋਜ਼ਗਾਰ ਮੇਲੇ ਦੇ 15ਵੇਂ ਪੜਾਅ ਦੌਰਾਨ 56 ਨੌਜਵਾਨਾਂ ਨੂੰ ਨਿਯੁਕਤੀ ਪੱਤਰ ਵੰਡੇ

**ਪੰਚਕੂਲਾ/ਚੰਡੀਗੜ੍ਹ, 26 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਰੋਜ਼ਗਾਰ ਮੇਲੇ ਦੇ 15ਵੇਂ ਪੜਾਅ ਦੇ ਹਿੱਸੇ ਵਜੋਂ ਅੱਜ ਆਯੋਜਿਤ ਇੱਕ ਸ਼ਾਨਦਾਰ ਸਮਾਰੋਹ ਵਿੱਚ, ਪ੍ਰਧਾਨ ਮੰਤਰੀ, ਸ਼੍ਰੀ ਨਰੇਂਦਰ ਮੋਦੀ ਨੇ ਦੇਸ਼ ਭਰ ਦੇ ਵੱਖ-ਵੱਖ ਸਰਕਾਰੀ ਵਿਭਾਗਾਂ ਅਤੇ ਸੰਗਠਨਾਂ ਵਿੱਚ 51,000 ਤੋਂ ਵੱਧ ਨਵ-ਨਿਯੁਕਤ ਨੌਜਵਾਨਾਂ ਨੂੰ ਨਿਯੁਕਤੀ ਪੱਤਰ ਵੰਡੇ। ਨਵੀਂ ਦਿੱਲੀ ਤੋਂ ਵਰਚੁਅਲੀ ਪ੍ਰੋਗਰਾਮਾਂ ਨੂੰ ਸੰਬੋਧਨ ਕਰਦੇ ਹੋਏ, ਪ੍ਰਧਾਨ ਮੰਤਰੀ ਨੇ ਇਸ ਪਹਿਲਕਦਮੀ ਨੂੰ ਆਤਮਨਿਰਭਰ ਭਾਰਤ ਬਣਾਉਣ ਵੱਲ ਇੱਕ ਮਹੱਤਵਪੂਰਨ ਕਦਮ ਦੱਸਿਆ। ਆਪਣੀਆਂ ਸ਼ੁਭਕਾਮਨਾਵਾਂ ਦਿੰਦੇ ਹੋਏ, ਉਨ੍ਹਾਂ ਨੇ ਨਵ-ਨਿਯੁਕਤ ਕਰਮਚਾਰੀਆਂ ਨੂੰ ਅਟੁੱਟ ਵਚਨਬੱਧਤਾ ਨਾਲ ਦੇਸ਼ ਦੀ ਸੇਵਾ ਕਰਨ ਦਾ ਸੰਕਲਪ ਲੈਣ ਦੀ ਅਪੀਲ ਕੀਤੀ।



ਪੰਚਕੂਲਾ ਦੇ ਪ੍ਰਿੰਸੀਪਲ ਕਮਿਸ਼ਨਰ ਆਫ਼ ਇਨਕਮ ਟੈਕਸ ਦੇ ਦਫ਼ਤਰ ਵੱਲੋਂ ਵੱਕਾਰੀ ਰੈੱਡ ਬਿਸ਼ਪ ਕੰਪਲੈਕਸ ਵਿਖੇ ਇੱਕ ਰੋਜ਼ਗਾਰ ਮੇਲਾ ਲਗਾਇਆ ਗਿਆ। ਇਸ ਮੌਕੇ ਮੁੱਖ ਮਹਿਮਾਨ ਵਜੋਂ ਮੌਜੂਦ ਕੇਂਦਰੀ ਕਾਨੂੰਨ ਅਤੇ ਨਿਆਂ ਅਤੇ ਸੰਸਦੀ ਮਾਮਲੇ ਰਾਜ ਮੰਤਰੀ (ਸੁਤੰਤਰ ਚਾਰਜ), ਸ਼੍ਰੀ ਅਰਜੁਨ ਰਾਮ ਮੇਘਵਾਲ ਨੇ ਗ੍ਰਹਿ ਮੰਤਰਾਲੇ, ਇਨਕਮ ਟੈਕਸ ਡਿਪਾਰਟਮੈਂਟ, ਬੈਂਕ ਆਫ਼ ਬੜੌਦਾ, ਕਰਮਚਾਰੀ ਰਾਜ ਬੀਮਾ ਨਿਗਮ (ਈਐੱਸਆਈਸੀ), ਇੰਡੀਅਨ ਰੇਲਵੇ, ਟੈਲੀਕੌਮ ਡਿਪਾਰਟਮੈਂਟ, ਫੂਡ ਐਂਡ ਸਪਲਾਈ ਡਾਇਰੈਕਟੋਰੇਟ ਜਨਰਲ (ਡੀਐੱਫਐੱਸਓ) ਅਤੇ ਹੋਰ ਸਰਕਾਰੀ ਵਿਭਾਗਾਂ ਵਿੱਚ ਨਿਯੁਕਤ 56 ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਸੌਂਪੇ।

ਆਪਣੇ ਸੰਬੋਧਨ ਵਿੱਚ, ਕੇਂਦਰੀ ਮੰਤਰੀ ਨੇ ਨਵ-ਨਿਯੁਕਤ ਨੌਜਵਾਨਾਂ ਅਤੇ ਉਨ੍ਹਾਂ ਦੇ ਮਾਣ ਨਾਲ ਭਰੇ ਪਰਿਵਾਰਾਂ ਨੂੰ ਵਧਾਈ ਦਿੱਤੀ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਹ ਨਿਯੁਕਤੀਆਂ ਸਿਰਫ਼ ਰੋਜ਼ਗਾਰ ਦੇ ਮੌਕੇ ਨਹੀਂ ਹਨ, ਸਗੋਂ ਦੇਸ਼ ਦੇ ਸਮੁੱਚੇ ਵਿਕਾਸ ਵਿੱਚ ਯੋਗਦਾਨ ਪਾਉਣ ਦੇ ਮਹੱਤਵਪੂਰਨ ਮੌਕੇ ਹਨ। ਨਿਯੁਕਤ ਲੋਕਾਂ ਨੂੰ ਇਮਾਨਦਾਰੀ, ਲਗਨ ਅਤੇ ਸਮਰਪਣ ਨਾਲ ਆਪਣੇ ਫਰਜ਼ ਨਿਭਾਉਣ ਦੀ ਅਪੀਲ ਕਰਦਿਆਂ, ਉਨ੍ਹਾਂ ਨੇ 10 ਲੱਖ ਸਰਕਾਰੀ ਨੌਕਰੀਆਂ ਪੈਦਾ ਕਰਨ ਦੀ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਇਆ। ਉਨ੍ਹਾਂ ਨੇ ਨਵ-ਨਿਯੁਕਤਾਂ ਨੂੰ ਆਪਣੀ ਭੂਮਿਕਾ ਨੂੰ ਇੱਕ ਜੀਵੰਤ ਅਤੇ ਖੁਸ਼ਹਾਲ ਭਾਰਤ ਦੇ ਨਿਰਮਾਣ ਵਿੱਚ ਹਿੱਸਾ ਲੈਣ ਦੇ ਮੌਕੇ ਵਜੋਂ ਵੇਖਣ ਲਈ ਉਤਸ਼ਾਹਿਤ ਕੀਤਾ।

ਦੇਸ਼ ਦੀ ਪਰਿਵਰਤਨਸ਼ੀਲ ਯਾਤਰਾ 'ਤੇ ਚਾਨਣਾ ਪਾਉਂਦੇ ਹੋਏ, ਸ਼੍ਰੀ ਮੇਘਵਾਲ ਨੇ ਮਾਣ ਨਾਲ ਕਿਹਾ ਕਿ ਭਾਰਤ, ਜੋ ਕਿ 2014 ਵਿੱਚ ਦੁਨੀਆ ਦੀ 10ਵੀਂ ਸਭ ਤੋਂ ਵੱਡੀ ਅਰਥਵਿਵਸਥਾ ਸੀ, ਅੱਜ 5ਵੇਂ ਸਥਾਨ 'ਤੇ ਪਹੁੰਚ ਗਿਆ ਹੈ ਅਤੇ 2027 ਤੱਕ ਦੁਨੀਆ ਦੀ ਤੀਜੀ ਸਭ ਤੋਂ ਵੱਡੀ ਅਰਥਵਿਵਸਥਾ ਬਣਨ ਦੀ ਰਾਹ 'ਤੇ ਹੈ। ਭਾਰਤ ਦੀ ਆਰਥਿਕ ਮੁੜ-ਸੁਰਜੀਤੀ ਬਾਰੇ ਵਿਸਥਾਰ ਨਾਲ ਦੱਸਦੇ ਹੋਏ, ਸ਼੍ਰੀ ਮੇਘਵਾਲ ਨੇ ਵਸਤੂਆਂ ਅਤੇ ਸੇਵਾਵਾਂ ਟੈਕਸ (ਜੀਐੱਸਟੀ) ਅਤੇ ਇਨਕਮ ਟੈਕਸ ਕਲੈਕਸ਼ਨ ਵਿੱਚ ਮਹੱਤਵਪੂਰਨ ਵਾਧੇ ਦਾ ਕਾਰਨ ਸਰਕਾਰ ਦੀਆਂ ਪਾਰਦਰਸ਼ੀ, ਜਵਾਬਦੇਹ ਅਤੇ ਲਚਕਦਾਰ ਆਰਥਿਕ ਨੀਤੀਆਂ ਨੂੰ ਦੱਸਿਆ।

ਉਨ੍ਹਾਂ ਨੇ ਨਵ-ਨਿਯੁਕਤ ਲੋਕਾਂ ਨੂੰ ਕਰਮਯੋਗੀ ਪੋਰਟਲ ਦਾ ਲਾਭ ਉਠਾਉਣ ਦਾ ਸੱਦਾ ਦਿੱਤਾ, ਜੋ ਕਿ ਇੱਕ ਇਨੋਵੇਟਿਵ ਈ-ਲਰਨਿੰਗ ਪਲੇਟਫਾਰਮ ਹੈ ਜੋ ਵਿਆਪਕ ਸਿਖਲਾਈ ਮੌਡਿਊਲ ਪ੍ਰਦਾਨ ਕਰਦਾ ਹੈ, ਤਾਂ ਜੋ ਉਹ ਆਪਣੇ ਕੌਸ਼ਲ ਨੂੰ ਨਿਖਾਰ ਸਕਣ ਅਤੇ ਭਵਿੱਖ ਦੀਆਂ ਲੀਡਰਸ਼ਿਪ ਭੂਮਿਕਾਵਾਂ ਲਈ ਤਿਆਰ ਹੋ ਸਕਣ।

# ਪੰਜਾਬ ਸਰਕਾਰ ਨੇ ਸੂਬੇ ਦੀਆਂ ਸੜਕਾਂ ਲਈ 3500 ਕਰੋੜ ਰੁਪਏ ਮਨਜ਼ੂਰ ਕੀਤੇ : ਗੁਰਮੀਤ ਸਿੰਘ ਖੁੱਡੀਆਂ

## ਮਹਿੰਗਾ ਸਿੰਘ ਬਰਾੜ ਨੇ ਖੁੱਡੀਆਂ, ਵਿਧਾਇਕ ਬਾਜੀਗਰ, ਜੌੜਾਮਾਜਰਾ, ਕੋਹਲੀ, ਚੇਅਰਮੈਨ ਬਰਸਟ ਤੇ ਹੋਰਨਾਂ ਦੀ ਮੌਜੂਦਗੀ 'ਚ ਸੰਭਾਲਿਆ ਮਾਰਕੀਟ ਕਮੇਟੀ ਦੇ ਚੇਅਰਮੈਨ ਦਾ ਅਹੁਦਾ



**ਪਾਤੜਾਂ, 27 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਮਹਿੰਗਾ ਸਿੰਘ ਬਰਾੜ ਨੇ ਪੰਜਾਬ ਦੇ ਖੇਤੀਬਾੜੀ ਤੇ ਕਿਸਾਨ ਭਲਾਈ ਮੰਤਰੀ ਗੁਰਮੀਤ ਸਿੰਘ ਖੁੱਡੀਆਂ, ਹਲਕਾ ਵਿਧਾਇਕ ਕੁਲਵੰਤ ਸਿੰਘ ਬਾਜੀਗਰ, ਚੇਤਨ ਸਿੰਘ ਜੌੜਾਮਾਜਰਾ, ਅਜੀਤਪਾਲ ਸਿੰਘ ਕੋਹਲੀ ਤੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਸਮੇਤ ਹੋਰਨਾਂ ਦੀ ਮੌਜੂਦਗੀ 'ਚ ਅੱਜ ਇੱਥੇ ਮਾਰਕੀਟ ਕਮੇਟੀ ਦੇ ਚੇਅਰਮੈਨ ਵਜੋਂ ਅਹੁਦਾ ਸੰਭਾਲ ਲਿਆ।

ਇਸ ਮੌਕੇ ਨਵ-ਨਿਯੁਕਤ ਚੇਅਰਮੈਨ ਮਹਿੰਗਾ ਸਿੰਘ ਬਰਾੜ ਨੂੰ ਵਧਾਈ ਦਿੰਦਿਆਂ ਪਸ਼ੂ ਪਾਲਣ, ਮੱਛੀ ਪਾਲਣ ਤੇ ਫੂਡ ਪ੍ਰੋਸੈਸਿੰਗ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਪਾਤੜਾਂ ਇਲਾਕੇ ਵਿਖੇ ਨਵੀਂ ਅਨਾਜ ਮੰਡੀ ਬਣਾਉਣ ਦਾ ਫ਼ੈਸਲਾ ਕੀਤਾ ਹੈ ਅਤੇ ਬਹੁਤ ਜਲਦ ਇਲਾਕਾ ਨਿਵਾਸੀਆਂ ਨੂੰ ਮਾਡਲ ਅਨਾਜ ਮੰਡੀ ਮਿਲੇਗੀ। ਉਨ੍ਹਾਂ ਦੱਸਿਆ ਕਿ ਹਲਕਾ ਵਿਧਾਇਕ ਕੁਲਵੰਤ ਸਿੰਘ ਨੇ ਲੋਕਾਂ ਦੀ ਇਹ ਮੰਗ ਬਹੁਤ ਜੋਰਦਾਰ ਢੰਗ ਨਾਲ ਉਠਾਈ ਹੈ, ਜਿਸ ਨੂੰ ਮੰਨ ਲਿਆ ਗਿਆ ਹੈ ਪਰ ਇਹ ਬਹੁਤ ਦੁੱਖ ਦੀ ਗੱਲ ਹੈ ਕਿ ਪਿਛਲੇ ਨੁਮਾਇੰਦਿਆਂ ਤੇ ਸਰਕਾਰਾਂ ਨੇ ਇਸ ਇਲਾਕੇ ਦੀ ਇਸ ਸਮੱਸਿਆ ਵੱਲ ਕੋਈ ਧਿਆਨ ਨਹੀਂ ਦਿੱਤਾ।

ਖੇਤੀਬਾੜੀ ਮੰਤਰੀ ਨੇ ਦੱਸਿਆ ਕਿ ਕੇਂਦਰ ਸਰਕਾਰ ਨੇ ਪੰਜਾਬ ਦੇ ਕਰੀਬ 7000 ਕਰੋੜ ਰੁਪਏ ਦਿਹਾਤੀ ਵਿਕਾਸ ਫੰਡ ਨੂੰ ਗ਼ੈਰਕਾਨੂੰਨੀ ਤੌਰ 'ਤੇ ਨੱਪਿਆ ਹੋਇਆ ਹੈ ਜਿਸ ਲਈ ਪੰਜਾਬ ਸਰਕਾਰ ਨੇ ਸੁਪਰੀਮ ਕੋਰਟ ਤੱਕ ਪਹੁੰਚ ਕੀਤੀ ਹੈ। ਉਨ੍ਹਾਂ ਕਿਹਾ ਕਿ ਇਸ ਦੇ ਬਾਵਜੂਦ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਦੀਆਂ ਦਿਹਾਤੀ ਖੇਤਰਾਂ ਦੀਆਂ ਸੜਕਾਂ ਦੇ ਨਿਰਮਾਣ ਲਈ 3500 ਕਰੋੜ ਰੁਪਏ ਮਨਜ਼ੂਰ ਕੀਤੇ ਗਏ ਹਨ।

ਗੁਰਮੀਤ ਸਿੰਘ ਖੁੱਡੀਆਂ ਨੇ ਨਵੇਂ ਬਣੇ ਚੇਅਰਮੈਨ ਮਹਿੰਗਾ ਸਿੰਘ ਬਰਾੜ ਨੂੰ ਸਲਾਹ ਦਿੱਤੀ ਕਿ ਉਹ ਜੇਕਰ ਪਰਮਾਤਮਾ ਦਾ ਓਟ ਆਸਰਾ ਲੈ ਕੇ ਇਸੇ ਤਰ੍ਹਾਂ ਲੋਕਾਂ ਦੀ ਸੇਵਾ ਕਰਦੇ ਰਹਿਣਗੇ।

# ਪਾਕਿਸਤਾਨ ਵੱਲੋਂ ਕੰਟਰੋਲ ਰੇਖਾ 'ਤੇ ਗੋਲੀਬੰਦੀ ਦੀ ਉਲੰਘਣਾ ਲਗਾਤਾਰ ਜਾਰੀ

**ਸ੍ਰੀਨਗਰ/ਨਵੀਂ ਦਿੱਲੀ, 27 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**



ਪਾਕਿਸਤਾਨੀ ਫੌਜ ਵੱਲੋਂ ਕੰਟਰੋਲ ਰੇਖਾ 'ਤੇ ਗੋਲੀਬੰਦੀ ਦੀ ਉਲੰਘਣਾ ਲਗਾਤਾਰ ਦੂਜੇ ਦਿਨ ਵੀ ਜਾਰੀ ਹੈ। ਮੰਗਲਵਾਰ ਨੂੰ ਪਹਿਲਗਾਮ ਅਤਿਵਾਦੀ ਹਮਲੇ ਤੋਂ ਬਾਅਦ ਭਾਰਤ ਅਤੇ ਪਾਕਿਸਤਾਨ ਵਿਚਕਾਰ ਵਧੇ ਤਣਾਅ ਦੇ ਵਿਚਕਾਰ ਲਗਾਤਾਰ ਦੂਜੀ ਰਾਤ ਗੋਲੀਬਾਰੀ ਹੋਈ। ਹਾਲਾਂਕਿ ਭਾਰਤੀ ਫੌਜਾਂ ਨੇ ਉਨ੍ਹਾਂ ਦਾ ਪ੍ਰਭਾਵਸ਼ਾਲੀ ਢੰਗ ਨਾਲ ਜਵਾਬ ਦਿੱਤਾ। ਇਸ ਤੋਂ ਪਹਿਲਾਂ ਪਾਕਿਸਤਾਨੀ ਫੌਜਾਂ ਨੇ ਵੀਰਵਾਰ ਰਾਤ ਨੂੰ ਵੀ ਕੰਟਰੋਲ ਰੇਖਾ (ਐਲਓਸੀ) ਦੇ ਨਾਲ ਭਾਰਤੀ ਚੌਕੀਆਂ 'ਤੇ ਗੋਲੀਬਾਰੀ ਕੀਤੀ ਅਤੇ ਭਾਰਤ ਨੇ ਢੁਕਵਾਂ ਜਵਾਬ ਦਿੱਤਾ।

ਇਕ ਸੂਤਰ ਨੇ ਕਿਹਾ, "25 ਅਤੇ 26 ਅਪਰੈਲ ਦੀ ਰਾਤ ਨੂੰ ਕਸ਼ਮੀਰ ਵਿਚ ਕੰਟਰੋਲ ਰੇਖਾ ਦੇ ਪਾਰ ਵੱਖ-ਵੱਖ ਪਾਕਿਸਤਾਨੀ ਫੌਜ ਦੀਆਂ ਚੌਕੀਆਂ ਵੱਲੋਂ ਬਿਨਾਂ ਕਿਸੇ ਭੜਕਾਹਟ ਦੇ ਛੋਟੇ ਹਥਿਆਰਾਂ ਨਾਲ ਗੋਲੀਬਾਰੀ ਕੀਤੀ ਗਈ। ਉਨ੍ਹਾਂ ਕਿਹਾ, ਭਾਰਤੀ ਫੌਜਾਂ ਨੇ ਛੋਟੇ ਹਥਿਆਰਾਂ ਨਾਲ ਢੁਕਵਾਂ ਜਵਾਬ ਦਿੱਤਾ। ਗੋਲੀਬਾਰੀ ਵਿਚ ਕੋਈ ਜਾਨੀ ਨੁਕਸਾਨ ਨਹੀਂ ਹੋਇਆ।" ਭਾਰਤ ਦੇ ਇਸ ਦਾਅਵੇ ਤੋਂ ਬਾਅਦ ਪਾਕਿਸਤਾਨੀ ਫੌਜ ਨੂੰ ਹਾਈ ਅਲਰਟ 'ਤੇ ਰੱਖਿਆ ਗਿਆ ਹੈ ਕਿ ਉਹ ਪਹਿਲਗਾਮ ਹਮਲੇ ਵਿਚ ਸ਼ਾਮਲ ਅਤਿਵਾਦੀਆਂ ਦਾ ਸ਼ਿਕਾਰ ਕਰੇਗਾ।

ਪਹਿਲਗਾਮ ਹਮਲੇ ਨਾਲ ਲਾਂਘਾ ਬੰਦ ਕਰਨ ਦੇ ਮੱਦੇਨਜ਼ਰ ਭਾਰਤ ਨੇ ਬੁੱਧਵਾਰ ਨੂੰ ਕਈ ਤਰ੍ਹਾਂ ਦੇ ਉਪਾਵਾਂ ਦਾ ਐਲਾਨ ਕੀਤਾ, ਜਿਸ ਵਿੱਚ 65 ਸਾਲ ਪੁਰਾਣੀ ਸਿੰਧੂ ਜਲ ਸੰਧੀ ਨੂੰ ਮੁਅੱਤਲ ਕਰਨਾ, ਅਟਾਰੀ ਜ਼ਮੀਨੀ ਸਰਹੱਦ ਪਾਰ ਕਰਨਾ ਬੰਦ ਕਰਨਾ ਅਤੇ ਪਾਕਿਸਤਾਨੀ ਫੌਜੀ ਅਟੈਚੀਆਂ ਨੂੰ ਕੱਢਣਾ ਸ਼ਾਮਲ ਹੈ। ਨਵੀਂ ਦਿੱਲੀ ਨੇ ਅਟਾਰੀ ਜ਼ਮੀਨੀ ਸਰਹੱਦ ਰਾਹੀਂ ਦੇਸ਼ ਵਿਚ ਦਾਖਲ ਹੋਣ ਵਾਲੇ ਸਾਰੇ ਪਾਕਿਸਤਾਨੀਆਂ ਨੂੰ 1 ਮਈ ਤੱਕ ਦੇਸ਼ ਛੱਡਣ ਲਈ ਵੀ ਕਿਹਾ। ਇਸ ਦੇ ਜਵਾਬ ਵਿੱਚ ਪਾਕਿਸਤਾਨ ਨੇ ਵੀਰਵਾਰ ਨੂੰ ਸਾਰੀਆਂ ਭਾਰਤੀ ਏਅਰਲਾਈਨਾਂ ਲਈ ਆਪਣਾ ਹਵਾਈ ਖੇਤਰ ਬੰਦ ਕਰਨ ਅਤੇ ਤੀਜੇ ਦੇਸ਼ਾਂ ਰਾਹੀਂ ਨਵੀਂ ਦਿੱਲੀ ਨਾਲ ਵਪਾਰ ਮੁਅੱਤਲ ਕਰਨ ਦਾ ਐਲਾਨ ਕੀਤਾ।

# ਨੂਹ 'ਚ ਦਿੱਲੀ-ਮੁੰਬਈ ਐਕਸਪ੍ਰੈਸਵੇਅ 'ਤੇ ਹਾਦਸੇ 'ਚ 6 ਸਫ਼ਾਈ ਮਜ਼ਦੂਰ ਹਲਾਕ, ਪੰਜ ਜ਼ਖ਼ਮੀ

## ਜ਼ਖ਼ਮੀਆਂ ਦੀ ਹਾਲਤ ਨਾਜ਼ੁਕ; ਪਿਕਅੱਪ ਡਰਾਈਵਰ ਮੌਕੇ ਤੋਂ ਫ਼ਰਾਰ

**ਗੁਰੂਗ੍ਰਾਮ, 27 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**



ਜ਼ਿਲ੍ਹਾ ਨੂਹ ਦੇ ਫਿਰੋਜ਼ਪੁਰ ਝਿਰਕਾ ਪੁਲੀਸ ਸਟੇਸ਼ਨ ਅਧੀਨ ਦਿੱਲੀ-ਮੁੰਬਈ ਐਕਸਪ੍ਰੈਸਵੇਅ 'ਤੇ ਇਬਰਾਹਿਮਬਾਸ ਪਿੰਡ ਨੇੜੇ ਅੱਜ ਸਵੇਰੇ ਤੇਜ਼ ਰਫ਼ਤਾਰ ਪਿਕ-ਅੱਪ ਗੱਡੀ ਨੇ ਸਫਾਈ ਦੇ ਕੰਮ ਵਿੱਚ ਲੱਗੇ ਮਜ਼ਦੂਰਾਂ ਨੂੰ ਟੱਕਰ ਮਾਰ ਦਿੱਤੀ। ਹਾਦਸੇ ਵਿਚ ਛੇ ਜਣਿਆਂ ਦੀ ਮੌਕੇ 'ਤੇ ਹੀ ਮੌਤ ਹੋ ਗਈ ਜਦੋਂਕਿ 5 ਹੋਰ ਗੰਭੀਰ ਜ਼ਖਮੀ ਹੋ ਗਏ। ਜ਼ਖ਼ਮੀਆਂ ਨੂੰ ਇਲਾਜ ਲਈ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਹੈ ਜਿੱਥੇ ਉਨ੍ਹਾਂ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ।

ਹਾਦਸਾ ਸਵੇਰੇ 10:00 ਵਜੇ ਦੇ ਕਰੀਬ ਉਦੋਂ ਹੋਇਆ ਜਦੋਂ ਲਗਪਗ 11 ਸਫਾਈ ਕਰਮਚਾਰੀ ਐਕਸਪ੍ਰੈਸਵੇਅ ਦੀ ਸਫਾਈ ਕਰ ਰਹੇ ਸਨ। ਅਚਾਨਕ ਇੱਕ ਤੇਜ਼ ਰਫ਼ਤਾਰ ਪਿਕ-ਅੱਪ ਗੱਡੀ ਨੇ ਇਨ੍ਹਾਂ ਮਜ਼ਦੂਰਾਂ ਨੂੰ ਟੱਕਰ ਮਾਰ ਦਿੱਤੀ। ਟੱਕਰ ਇੰਨੀ ਭਿਆਨਕ ਸੀ ਕਿ 6 ਮਜ਼ਦੂਰਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਹਾਦਸੇ ਵਾਲੀ ਥਾਂ 'ਤੇ ਹਫੜਾ-ਦਫੜੀ ਮਚ ਗਈ। ਸਥਾਨਕ ਲੋਕਾਂ ਨੇ ਤੁਰੰਤ ਪੁਲੀਸ ਨੂੰ ਸੂਚਿਤ ਕੀਤਾ ਅਤੇ ਜ਼ਖ਼ਮੀਆਂ ਨੂੰ ਹਸਪਤਾਲ ਲਿਜਾਣ ਵਿੱਚ ਮਦਦ ਕੀਤੀ। ਇਸ ਦੌਰਾਨ ਸੜਕ 'ਤੇ ਭਾਰੀ ਭੀੜ ਇਕੱਠੀ ਹੋ ਗਈ। ਐਂਬੂਲੈਂਸਾਂ, ਸੜਕ ਸੁਰੱਖਿਆ ਏਜੰਸੀ ਦੀਆਂ ਗੱਡੀਆਂ ਅਤੇ ਪੁਲੀਸ ਟੀਮਾਂ ਵੀ ਮੌਕੇ 'ਤੇ ਪਹੁੰਚ ਗਈਆਂ।

ਇੱਕ ਸੀਨੀਅਰ ਪੁਲੀਸ ਅਧਿਕਾਰੀ ਨੇ ਦੱਸਿਆ ਕਿ ਮ੍ਰਿਤਕਾਂ ਦੀ ਅਜੇ ਤੱਕ ਪਛਾਣ ਨਹੀਂ ਹੋ ਸਕੀ ਹੈ। ਪੰਜ ਮ੍ਰਿਤਕ ਖੇੜੀ ਕਲਾਂ ਪਿੰਡ ਦੇ ਵਸਨੀਕ ਅਤੇ ਇਕ ਝਿਮਰਾਵਤ ਪਿੰਡ ਦਾ ਨਿਵਾਸੀ ਦੱਸਿਆ ਜਾ ਰਿਹਾ ਹੈ। ਹਾਦਸੇ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਪਿਕਅੱਪ ਡਰਾਈਵਰ ਵਿਰੁੱਧ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ, ਜੋ ਮੌਕੇ ਤੋਂ ਭੱਜਣ ਵਿੱਚ ਸਫ਼ਲ ਰਿਹਾ।

ਫਿਰੋਜ਼ਪੁਰ ਝਿਰਕਾ ਪੁਲੀਸ ਸਟੇਸ਼ਨ ਦੇ ਐੱਸਐੱਚਓ ਇੰਸਪੈਕਟਰ ਅਮਨ ਸਿੰਘ ਨੇ ਕਿਹਾ, "ਸੀਸੀਟੀਵੀ ਫੁਟੇਜ ਅਤੇ ਹੋਰ ਸਬੂਤਾਂ ਦੀ ਮਦਦ ਨਾਲ ਹਾਦਸੇ ਦੇ ਕਾਰਨਾਂ ਦਾ ਪਤਾ ਲਗਾਇਆ ਜਾਵੇਗਾ।


# ਤਿਰੂਵਨੰਤਪੁਰਮ ਦੇ ਵੱਖ-ਵੱਖ ਹੋਟਲਾਂ ਨੂੰ ਬੰਬ ਦੀ ਧਮਕੀ

**ਤਿਰੂਵਨੰਤਪੁਰਮ, 27 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਨਿੱਚਰਵਾਰ ਨੂੰ ਸੂਬੇ ਦੀ ਰਾਜਧਾਨੀ ਦੇ ਵੱਖ-ਵੱਖ ਹੋਟਲਾਂ ਵਿਚ ਈਮੇਲ ਰਾਹੀਂ ਬੰਬ ਹੋਣ ਦੀ ਧਮਕੀ ਮਿਲੀ, ਜਿਸ ਉਪਰੰਤ ਪੁਲੀਸ ਨੂੰ ਜਾਂਚ ਕਰਨ ਲਈ ਬੰਬ ਨੁੱਸ ਇਕਾਈਆਂ ਅਤੇ ਖੋਜੀ ਕੁੱਤਿਆਂ ਦੇ ਦਸਤੇ ਤਾਇਨਾਤ ਕੀਤੇ। ਛਾਉਣੀ ਪੁਲੀਸ ਸਟੇਸ਼ਨ ਦੇ ਇਕ ਅਧਿਕਾਰੀ ਨੇ ਕਿਹਾ ਕਿ ਉਨ੍ਹਾਂ ਵੱਲੋਂ ਸਾਰੇ ਹੋਟਲਾਂ ਵਿਚ ਜਾਂਚ ਕੀਤੀ ਜਾ ਰਹੀ ਹੈ, ਜਿਥੇ ਬੰਬ ਦੀ ਧਮਕੀ ਮਿਲੀ ਸੀ। ਉਨ੍ਹਾਂ ਕਿਹਾ ਕਿ ਹੁਣ ਤੱਕ ਉੱਥੋਂ ਕੁਝ ਨਹੀਂ ਮਿਲਿਆ ਹੈ ਅਤੇ ਜਾਂਚ ਜਾਰੀ ਹੈ।

ਅਧਿਕਾਰੀ ਨੇ ਕਿਹਾ ਕਿ ਪੁਲੀਸ ਧਮਕੀ ਭਰੇ ਈਮੇਲ ਦੇ ਮੂਲ ਦੀ ਵੀ ਜਾਂਚ ਕਰ ਰਹੀ ਹੈ ਜਿਸ ਵਿਚ ਦਾਅਵਾ ਕੀਤਾ ਗਿਆ ਸੀ ਵੱਖ-ਵੱਖ ਹੋਟਲਾਂ ਵਿਚ ਆਈਈਡੀ ਧਮਾਕੇ ਹੋਣਗੇ। ਤਿਰੂਵਨੰਤਪੁਰਮ ਸ਼ਹਿਰ ਦੇ ਵਿਚਕਾਰ ਸਥਿਤ ਹਿਲਟਨ ਹੋਟਲ ਨੂੰ ਵੀ ਧਮਕੀ ਵਾਲੀ ਈਮੇਲ ਭੇਜੀ ਗਈ। ਪਿਛਲੇ ਕੁਝ ਮਹੀਨਿਆਂ ਵਿਚ ਸੂਬੇ ਭਰ ਦੇ ਜ਼ਿਲ੍ਹਾ ਕੁਲੈਕਟਰਾਂ ਅਤੇ ਮਾਲ ਵਿਭਾਗੀ ਅਧਿਕਾਰੀਆਂ ਦੇ ਦਫਤਰਾਂ ਵਿਚ ਈਮੇਲ ਰਾਹੀਂ ਬੰਬ ਦੀ ਧਮਕੀ ਮਿਲੀ ਅਤੇ ਹਾਲ ਹੀ ਵਿਚ ਕੇਰਲ ਹਾਈ ਕੋਰਟ ਵਿਚ ਵੀ ਇਸੇ ਤਰ੍ਹਾਂ ਦੀ ਈਮੇਲ ਮਿਲੀ। ਹਾਲਾਂਕਿ ਵਿਆਪਕ ਜਾਂਚ ਕਰਨ ਤੋਂ ਬਾਅਦ ਪੁਲੀਸ ਨੇ ਇਨ੍ਹਾਂ ਸਾਰੀਆਂ ਧਮਕੀਆਂ ਨੂੰ ਝੂਠਾ ਕਰਾਰ ਦਿੱਤਾ ਸੀ।

# ਅਹਿਮਦਾਬਾਦ, ਸੂਰਤ ਵਿਚ 1,000 ਤੋਂ ਵੱਧ ਗੈਰਕਾਨੂੰਨੀ ਬੰਗਲਾਦੇਸ਼ੀ ਹਿਰਾਸਤ 'ਚ ਲਏ



**ਅਹਿਮਦਾਬਾਦ, 27 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਗੁਜਰਾਤ ਦੇ ਸ਼ਹਿਰਾਂ ਅਹਿਮਦਾਬਾਦ ਅਤੇ ਸੂਰਤ ਵਿਚ ਤਲਾਸ਼ੀ ਮੁਹਿੰਮਾਂ ਦੌਰਾਨ ਔਰਤਾਂ ਅਤੇ ਬੱਚਿਆਂ ਸਮੇਤ 1,000 ਤੋਂ ਵੱਧ ਗੈਰਕਾਨੂੰਨੀ ਬੰਗਲਾਦੇਸ਼ੀ ਪਰਵਾਸੀਆਂ ਨੂੰ ਹਿਰਾਸਤ ਵਿਚ ਲਿਆ ਗਿਆ ਹੈ ਅਤੇ ਉਨ੍ਹਾਂ ਨੂੰ ਦੇਸ਼ ਨਿਕਾਲਾ ਦੇਣ ਦੀਆਂ ਕੋਸ਼ਿਸ਼ਾਂ ਜਾਰੀ ਹਨ। ਗ੍ਰਹਿ ਰਾਜ ਮੰਤਰੀ ਹਰਸ਼ ਸਾਂਘਵੀ ਨੇ ਸ਼ਨਿੱਚਰਵਾਰ ਨੂੰ ਕਿਹਾ ਕਿ ਅਹਿਮਦਾਬਾਦ ਵਿਚ ਘੱਟੋ-ਘੱਟ 890 ਬੰਗਲਾਦੇਸ਼ੀਆਂ ਨੂੰ ਅਤੇ ਸੂਰਤ ਵਿਚ 134 ਨੂੰ ਹਿਰਾਸਤ ਵਿਚ ਲਿਆ ਗਿਆ, ਜੋ ਕਿ ਗੁਜਰਾਤ ਪੁਲੀਸ ਵੱਲੋਂ ਹੁਣ ਤੱਕ ਦੀ ਆਪਣੀ ਕਿਸਮ ਦੀ ਸਭ ਤੋਂ ਵੱਡੀ ਕਾਰਵਾਈ ਹੈ।

ਸਾਂਘਵੀ ਨੇ ਗੁਜਰਾਤ ਵਿਚ ਰਹਿ ਰਹੇ ਗੈਰ-ਕਾਨੂੰਨੀ ਪਰਵਾਸੀਆਂ ਨੂੰ ਆਪਣੀ ਮਰਜ਼ੀ ਨਾਲ ਪੁਲੀਸ ਅੱਗੇ ਆਤਮ ਸਮਰਪਣ ਕਰਨ ਦੀ ਚੇਤਾਵਨੀ ਦਿੱਤੀ, ਨਹੀਂ ਤਾਂ ਉਨ੍ਹਾਂ ਨੂੰ ਫੜ ਕੇ ਦੇਸ਼ ਨਿਕਾਲਾ ਦਿੱਤਾ ਜਾਵੇਗਾ। ਉਨ੍ਹਾਂ ਨੇ ਗੈਰ-ਕਾਨੂੰਨੀ ਪਰਵਾਸੀਆਂ ਨੂੰ ਪਨਾਹ ਦੇਣ ਵਾਲੇ ਲੋਕਾਂ ਵਿਰੁੱਧ ਕਾਨੂੰਨੀ ਕਾਰਵਾਈ ਦੀ ਵੀ ਚੇਤਾਵਨੀ ਦਿੱਤੀ ਹੈ।

ਸਾਂਗਵੀ ਨੇ ਸੂਰਤ ਵਿਚ ਸੀਨੀਅਰ ਪੁਲੀਸ ਅਧਿਕਾਰੀਆਂ ਨਾਲ ਵੀਡੀਓ-ਕਾਨਫਰੰਸਿੰਗ ਰਾਹੀਂ ਮੀਟਿੰਗ ਦੀ ਪ੍ਰਧਾਨਗੀ ਕਰਨ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕੀਤੀ। ਉਨ੍ਹਾਂ ਕਿਹਾ ਕਿ ਹਿਰਾਸਤ ਵਿਚ ਲਏ ਗਏ ਵਿਅਕਤੀਆਂ ਨੇ ਗੁਜਰਾਤ ਆਉਣ ਤੋਂ ਪਹਿਲਾਂ ਭਾਰਤ ਦੇ ਵੱਖ-ਵੱਖ ਹਿੱਸਿਆਂ ਵਿਚ ਰਹਿਣ ਲਈ ਪੱਛਮੀ ਬੰਗਾਲ ਤੋਂ ਪ੍ਰਾਪਤ ਜਾਅਲੀ ਦਸਤਾਵੇਜ਼ਾਂ ਦੀ ਵਰਤੋਂ ਕੀਤੀ। ਮੰਤਰੀ ਨੇ ਕਿਹਾ, ਇਨ੍ਹਾਂ ਵਿਚੋਂ ਬਹੁਤ ਸਾਰੇ ਲੋਕ ਡਰੱਗ ਕਾਰਟੈਲ, ਮਨੁੱਖੀ ਤਸਕਰੀ ਵਿਚ ਸ਼ਾਮਲ ਹਨ ਅਤੇ ਜਿਵੇਂ ਕਿ ਅਸੀਂ ਦੇਖਿਆ ਕਿ ਕਿਵੇਂ ਹਾਲ ਹੀ ਵਿਚ ਗ੍ਰਿਫ਼ਤਾਰ ਕੀਤੇ ਗਏ ਚਾਰ ਬੰਗਲਾਦੇਸ਼ੀਆਂ ਵਿਚੋਂ ਦੋ ਅਲ-ਕਾਇਦਾ ਦੇ ਸਲੀਪਰ ਸੈੱਲਾਂ ਵਿਚ ਕੰਮ ਕਰਦੇ ਸਨ। ਉਨ੍ਹਾਂ ਕਿਹਾ, "ਇਨ੍ਹਾਂ ਬੰਗਲਾਦੇਸ਼ੀਆਂ ਦੇ ਪਿਛੋਕੜ ਅਤੇ ਗੁਜਰਾਤ ਵਿਚ ਉਨ੍ਹਾਂ ਦੀਆਂ ਗਤੀਵਿਧੀਆਂ ਦੀ ਜਾਂਚ ਕੀਤੀ ਜਾਵੇਗੀ ਅਤੇ ਦੇਸ਼ ਨਿਕਾਲਾ ਲਈ ਸਾਰੀਆਂ ਪ੍ਰਕਿਰਿਆਵਾਂ ਨੂੰ ਜਲਦੀ ਤੋਂ ਜਲਦੀ ਪੂਰਾ ਕਰਨ ਦੇ ਪ੍ਰਬੰਧ ਕੀਤੇ ਗਏ ਹਨ।

# ਭਾਰਤ ਨੇ ਜੇ ਦਰਿਆਈ ਪਾਣੀ ਰੋਕਿਆ ਤਾਂ ਖ਼ੂਨ ਵਹੇਗਾ: ਬਿਲਾਵਲ ਭੁੱਟੋ

## ਭੁੱਟੋ ਨੇ ਧਮਕੀ ਦਿੰਦਿਆਂ ਕਿਹਾ: 'ਸਿੰਧ ਦਰਿਆ ਸਾਡਾ ਹੈ ਤੇ ਸਾਡਾ ਹੀ ਰਹੇਗਾ - ਜਾਂ ਤਾਂ ਸਾਡਾ ਪਾਣੀ ਇਸ 'ਚੋਂ ਵਹੇਗਾ, ਜਾਂ ਉਨ੍ਹਾਂ ਦਾ ਖ਼ੂਨ'

**ਇਸਲਾਮਾਬਾਦ, 27 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪਹਿਲਗਾਮ ਅਤਿਵਾਦੀ ਹਮਲੇ ਤੋਂ ਬਾਅਦ ਭਾਰਤ ਵੱਲੋਂ ਸਿੰਧ ਜਲ ਸੰਧੀ (ਆਈਡਬਲਯੂਟੀ) ਨੂੰ ਮੁਅੱਤਲ ਕਰਨ ਦੇ ਫੈਸਲੇ 'ਤੇ ਤਿੱਖਾ ਪ੍ਰਤੀਕਰਮ ਦਿੰਦਿਆਂ ਪਾਕਿਸਤਾਨ ਪੀਪਲਜ਼ ਪਾਰਟੀ (ਪੀਪੀਪੀ) ਦੇ ਚੇਅਰਮੈਨ ਬਿਲਾਵਲ ਭੁੱਟੋ-ਜ਼ਰਦਾਰੀ ਨੇ ਧਮਕੀ ਦਿੱਤੀ ਹੈ ਕਿ ਜੇ ਪਾਣੀ ਰੋਕਿਆ ਗਿਆ ਤਾਂ ਦਰਿਆਵਾਂ ਵਿਚ ਖ਼ੂਨ ਵਹਿ ਜਾਵੇਗਾ। ਮੁਲਕ ਦੇ ਸਾਬਕਾ ਵਿਦੇਸ਼ ਮੰਤਰੀ ਦੇ ਹਵਾਲੇ ਨਾਲ ਸ਼ੁੱਕਰਵਾਰ ਨੂੰ ਦ ਨਿਊਜ਼ ਨੇ ਇਹ ਰਿਪੋਰਟ ਨਸ਼ਰ ਕੀਤੀ ਹੈ।

ਬਿਲਾਵਲ ਨੇ ਆਪਣੇ ਜੱਦੀ ਸਿੰਧ ਸੂਬੇ ਦੇ ਸੁੱਕਰ ਇਲਾਕੇ ਵਿਚ ਇਕ ਜਨਤਕ ਰੈਲੀ ਨੂੰ ਸੰਬੋਧਨ ਕਰਦਿਆਂ ਕਿਹਾ, "ਸਿੰਧ ਦਰਿਆ ਸਾਡਾ ਹੈ ਅਤੇ ਸਾਡਾ ਹੀ ਰਹੇਗਾ - ਜਾਂ ਤਾਂ ਸਾਡਾ ਪਾਣੀ ਇਸ ਵਿਚੋਂ ਵਹੇਗਾ, ਜਾਂ ਉਨ੍ਹਾਂ ਦਾ ਖ਼ੂਨ।

ਸਿੰਧ ਦਰਿਆ ਸਿੰਧ ਸੂਬੇ ਵਿਚੋਂ ਵਗਦਾ ਹੈ ਅਤੇ ਸਿੰਧੂ ਘਾਟੀ ਸੱਭਿਅਤਾ ਦਾ ਸ਼ਹਿਰ ਮੋਹਿੰਜੋਦੜੋ ਇਸ ਦੇ ਕੰਢਿਆਂ 'ਤੇ ਵਧਿਆ-ਫੁੱਲਿਆ।" ਬਿਲਾਵਲ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦਾਅਵਾ ਕੀਤਾ ਹੈ ਕਿ ਭਾਰਤ ਹਜ਼ਾਰਾਂ ਸਾਲ ਪੁਰਾਣੀ ਸੱਭਿਅਤਾ ਦਾ ਵਾਰਿਸ ਹੈ ਪਰ ਉਹ ਸੱਭਿਅਤਾ ਲੜਕਾਨਾ ਦੇ ਮੋਹਿੰਜੋਦੜੋ ਵਿਚ ਹੈ। ਅਸੀਂ ਇਸਦੇ ਸੱਚੇ ਰਖਵਾਲੇ ਹਾਂ ਅਤੇ ਅਸੀਂ ਇਸਦੀ ਰੱਖਿਆ ਕਰਾਂਗੇ।



ਬਿਲਾਵਲ ਨੇ ਕਿਹਾ ਕਿ ਮੋਦੀ ਸਿੰਧ ਦਰਿਆ ਅਤੇ ਸਿੰਧ ਸੂਬੇ ਦੇ ਲੋਕਾਂ ਵਿਚਕਾਰ ਯੁੱਗਾਂ ਪੁਰਾਣੇ ਰਿਸ਼ਤੇ ਨੂੰ ਤੋੜ ਨਹੀਂ ਸਕਦੇ। ਉਨ੍ਹਾਂ ਕਿਹਾ, ਭਾਰਤ ਸਰਕਾਰ ਨੇ ਆਪਣੀਆਂ ਅੱਖਾਂ ਪਾਕਿਸਤਾਨ ਦੇ ਪਾਣੀ 'ਤੇ ਰੱਖੀਆਂ ਹਨ ਅਤੇ ਸਥਿਤੀ ਚਾਰਾਂ ਸੂਬਿਆਂ ਵਿਚ ਏਕਤਾ ਦੀ ਮੰਗ ਕਰਦੀ ਹੈ ਤਾਂ ਜੋ ਉਨ੍ਹਾਂ ਦੇ ਪਾਣੀ ਦੀ ਰੱਖਿਆ ਕੀਤੀ ਜਾ ਸਕੇ। ਉਨ੍ਹਾਂ ਕਿਹਾ, "ਨਾਂ ਤਾਂ ਪਾਕਿਸਤਾਨ ਦੇ ਲੋਕ ਅਤੇ ਨਾ ਹੀ ਕੌਮਾਂਤਰੀ ਭਾਈਚਾਰਾ ਮੋਦੀ ਦੇ ਜੰਗੀ ਜਾਂ ਸਿੰਧ ਦੇ ਪਾਣੀ ਨੂੰ ਪਾਕਿਸਤਾਨ ਤੋਂ ਦੂਰ ਕਰਨ ਦੀਆਂ ਕਿਸੇ ਵੀ ਕੋਸ਼ਿਸ਼ ਨੂੰ ਬਰਦਾਸ਼ਤ ਕਰਨਗੇ।

ਅਸੀਂ ਦੁਨੀਆ ਨੂੰ ਸੁਨੇਹਾ ਭੇਜਾਂਗੇ ਕਿ ਸਿੰਧ 'ਤੇ ਡਾਕਾ ਮਨਜ਼ੂਰ ਨਹੀਂ ਕੀਤਾ ਜਾਵੇਗਾ।" ਪੀਪੀਪੀ ਚੇਅਰਮੈਨ ਨੇ ਆਪਣੇ ਸਮਰਥਕਾਂ ਨੂੰ ਭਾਰਤੀ ਹਮਲੇ ਤੋਂ ਆਪਣੇ ਦਰਿਆ ਦੀ ਰੱਖਿਆ ਲਈ ਦ੍ਰਿੜ੍ਹ ਸੰਘਰਸ਼ ਲਈ ਤਿਆਰ ਰਹਿਣ ਦੀ ਅਪੀਲ ਕੀਤੀ। ਬਿਲਾਵਲ, ਜੋ ਪਾਕਿਸਤਾਨ ਦੇ ਸਭ ਤੋਂ ਛੋਟੀ ਉਮਰ ਦੇ ਵਿਦੇਸ਼ ਮੰਤਰੀ ਵੀ ਰਹਿ ਚੁੱਕੇ ਹਨ, ਨੇ ਕਿਹਾ ਕਿ ਦੇਸ਼ ਅਤੇ ਇਸਦੇ ਲੋਕ ਭਾਰਤ ਵਿਚ ਹੋਏ ਹਾਲ ਹੀ ਦੇ ਅਤਿਵਾਦੀ ਹਮਲੇ ਦੀ ਨਿੰਦਾ ਕਰਦੇ ਹਨ ਕਿਉਂਕਿ ਖ਼ੁਦ ਪਾਕਿਸਤਾਨੀ ਵੀ ਅਤਿਵਾਦ ਦਾ ਸ਼ਿਕਾਰ ਹਨ।

# ਪੰਜਾਬ ਸਰਕਾਰ ਦੀ ਵਿਲੱਖਣ ਪਹਿਲ, ਹੁਣ ਢਾਣੀਆਂ ਵਿੱਚ ਵੀ ਮੁਫ਼ਤ ਯੋਗਾ ਦੀ ਸਹੂਲਤ ਉਪਲਬਧ ਹੈ

**ਫਾਜ਼ਿਲਕਾ, 27 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਹਤਮੰਦ ਪੰਜਾਬ ਬਣਾਉਣ ਲਈ ਇੱਕ ਵੱਡੀ ਪਹਿਲਕਦਮੀ ਕਰਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸਰਕਾਰ ਨੇ *"ਸੀ.ਐਮ.' ਦੀ ਯੋਗਸ਼ਾਲਾ ਸ਼ੁਰੂਆਤ ਕੀਤੀ ਹੈ। @ਯੋਜਨਾ ਦੇ ਤਹਿਤ ਰਾਜ ਭਰ ਵਿੱਚ ਮੁਫ਼ਤ ਯੋਗਾ ਕਲਾਸਾਂ ਸ਼ੁਰੂ ਕੀਤੀਆਂ ਗਈਆਂ ਹਨ। ਖਾਸ ਗੱਲ ਇਹ ਹੈ ਕਿ ਹੁਣ ਇਹ ਯੋਗਾ ਕਲਾਸਾਂ ਸਿਰਫ਼ ਸ਼ਹਿਰਾਂ ਅਤੇ ਕਸਬਿਆਂ ਵਿੱਚ ਹੀ ਨਹੀਂ ਸਗੋਂ ਦੂਰ-ਦੁਰਾਡੇ ਦੀਆਂ ਢਾਣੀਆਂ ਅਤੇ ਪਿੰਡਾਂ ਵਿੱਚ ਵੀ ਪਹੁੰਚ ਗਈਆਂ ਹਨ।

ਇਹ ਯੋਜਨਾ ਫਾਜ਼ਿਲਕਾ ਜ਼ਿਲ੍ਹੇ ਦੇ ਸਜਰਾਣਾ ਪਿੰਡ ਅਤੇ ਆਸ ਪਾਸ ਦੇ ਇਲਾਕਿਆਂ ਵਿੱਚ ਇੱਕ ਜਨ ਲਹਿਰ ਦਾ ਰੂਪ ਲੈਂਦੀ ਜਾਪਦੀ ਹੈ। ਪਿੰਡਾਂ ਦੇ ਵਸਨੀਕ ਯੋਗਾ ਇੰਸਟ੍ਰਕਟਰਾਂ ਦੀ ਨਿਯਮਤ ਮੌਜੂਦਗੀ ਅਤੇ ਮੁਫ਼ਤ ਯੋਗਾ ਸਿੱਖਿਆ ਤੋਂ ਬਹੁਤ ਲਾਭ ਉਠਾ ਰਹੇ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਕਦੇ ਨਹੀਂ ਸੋਚਿਆ ਸੀ ਕਿ ਅਜਿਹੀ ਸਰਕਾਰੀ ਯੋਜਨਾ ਉਨ੍ਹਾਂ ਦੇ ਪਿੰਡਾਂ ਤੱਕ ਪਹੁੰਚੇਗੀ।



ਇਸ ਯੋਜਨਾ ਦਾ ਲਾਭ ਲੈ ਰਹੇ ਲਾਭਪਾਤਰੀ ਅਨੀਤਾ ਰਾਣੀ, ਸੋਨੂੰ ਬਾਲਾ, ਬਿਮਲਾ ਰਾਣੀ, ਲਕਸ਼ਮੀ ਬਾਈ ਅਤੇ ਸੀਮਾ ਰਾਣੀ ਨੇ ਕਿਹਾ ਕਿ ਯੋਗ ਨੇ ਨਾ ਸਿਰਫ਼ ਉਨ੍ਹਾਂ ਦੀ ਸਿਹਤ ਵਿੱਚ ਸੁਧਾਰ ਕੀਤਾ ਹੈ ਬਲਕਿ ਮਾਨਸਿਕ ਤਣਾਅ ਨੂੰ ਵੀ ਘਟਾਇਆ ਹੈ। ਪੰਜਾਬ ਸਰਕਾਰ ਦਾ ਧੰਨਵਾਦ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਉਪਰਾਲਾ ਸਮਾਜ ਵਿੱਚ ਆਪਸੀ ਸਦਭਾਵਨਾ ਅਤੇ ਸਿਹਤ ਜਾਗਰੂਕਤਾ ਦੋਵਾਂ ਨੂੰ ਉਤਸ਼ਾਹਿਤ ਕਰ ਰਿਹਾ ਹੈ। ਮੁੱਖ ਮੰਤਰੀ ਦੀ ਯੋਗਸ਼ਾਲਾ ਦਾ ਉਦੇਸ਼ ਲੋਕਾਂ ਨੂੰ ਬਿਮਾਰੀਆਂ ਤੋਂ ਮੁਕਤ ਕਰਨਾ ਅਤੇ ਯੋਗ ਨੂੰ ਹਰ ਕਿਸੇ ਦੀ ਜੀਵਨ ਸ਼ੈਲੀ ਦਾ ਹਿੱਸਾ ਬਣਾਉਣਾ ਹੈ। ਜ਼ਿਲ੍ਹਾ ਕੋਆਰਡੀਨੇਟਰ ਰਾਧੇਸ਼ਿਆਮ ਨੇ ਕਿਹਾ ਕਿ ਜੇਕਰ ਕੋਈ ਆਪਣੇ ਇਲਾਕੇ ਵਿੱਚ ਯੋਗਾ ਕਲਾਸਾਂ ਸ਼ੁਰੂ ਕਰਨਾ ਚਾਹੁੰਦਾ ਹੈ, ਤਾਂ ਉਹ ਪੰਜਾਬ ਸਰਕਾਰ ਦੀ ਹੈਲਪਲਾਈਨ 76694-00500 @ਤੇ ਸੰਪਰਕ ਕਰ ਸਕਦਾ ਹੈ। ਇਸ ਸਹੂਲਤ ਦਾ ਲਾਭ ਸਿਰਫ਼ 25 ਲੋਕਾਂ ਦਾ ਸਮੂਹ ਬਣਾ ਕੇ ਲਿਆ ਜਾ ਸਕਦਾ ਹੈ।

# ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਡਕਾਲਾ ਦਾ ਸਮੂਹ ਸਟਾਫ ਤੇ ਵਿਦਿਆਰਥੀ ਵਰਗ ਸਿੱਖਿਆ ਕ੍ਰਾਂਤੀ ਵਾਲੀਆਂ ਲੀਹਾਂ ‘ਤੇ ਚੱਲ ਰਿਹਾ ਹੈ : ਚੇਤਨ ਸਿੰਘ ਜੌੜਾਮਾਜਰਾ

## ਸਕੂਲ ਦੀ ਚਾਰ ਦੀਵਾਰੀ ਦਾ ਕੀਤਾ ਉਦਘਾਟਨ ਵਿਦਿਆਰਥੀਆਂ ਵੱਲੋਂ ਲਾਈਆਂ ਪ੍ਰਦਰਸ਼ਨੀਆਂ ਦੀ ਵਿਧਾਇਕ ਵਲੋਂ ਵਿਦਿਆਰਥੀਆਂ ਦੀ ਸ਼ਲਾਘਾ

**ਸਮਾਣਾ, 27 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿੱਖਿਆ ਕ੍ਰਾਂਤੀ ਤਹਿਤ ਸਰਕਾਰ ਜੋ ਉਮੀਦ ਸਕੂਲਾਂ ਵਿਚ ਚੰਗੀ ਗੁਣਵੱਤਾ ਤੋਂ ਕਰਦੀ ਹੈ ਉਸੇ ਲੀਹਾਂ ‘ਤੇ ਸਕੂਲ ਦੇ ਅਧਿਆਪਕ ਸਾਹਿਬਾਨ ਤੇ ਹੋਣਹਾਰ ਵਿਦਿਆਰਥੀ ਹਰ ਖੇਤਰ ਵਿੱਚ ਪ੍ਰਾਪਤੀਆਂ ਪੱਖੋਂ ਵਚਨਬੱਧਤਾ ਨਿਭਾ ਰਹੇ ਹਨ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਐਮਐਲਏ ਚੇਤਨ ਸਿੰਘ ਜੌੜਾਮਾਜਰਾ ਨੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਡਕਾਲਾ ਦੀ ਚਾਰ ਦੀਵਾਰੀ ਦੇ ਉਦਘਾਟਨ ਉਪਰੰਤ ਕੀਤਾ। ਪ੍ਰਿੰਸੀਪਲ ਸੀਮਾ ਰਾਣੀ ਸਰਪੰਚ ਸਾਹਿਬਾਨ ਤੇ ਸਟਾਫ ਤੇ ਵਿਦਿਆਰਥੀਆਂ ਨੇ ਵਿਧਾਇਕ ਨੂੰ ਜੀ ਆਇਆਂ ਆਖਿਆ। ਵਿਦਿਆਰਥੀਆਂ ਨੇ ਸਿਹਤ, ਖੇਤੀਬਾੜੀ, ਬਿਜਨਸ ਬਲਾਸਟਰ, ਰੋਬੋਟਿਕ ਲੈਬ ਸਬੰਧਤ ਲਾਈਆਂ ਪ੍ਰਦਰਸ਼ਨੀਆਂ ਨੂੰ ਵੇਖਦੇ ਹੋਏ ਜੌੜਾਮਾਜਰਾ ਨੇ ਵਿਦਿਆਰਥੀਆਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਪ੍ਰਦਰਸ਼ਨੀ ਦੀ ਸ਼ਲਾਘਾ ਕੀਤੀ।



ਵਿਧਾਇਕ ਨੇ ਜਿੱਥੇ ਹੋਣ ਹਰ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਅਤੇ ਦੱਸਿਆ ਕਿ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਪਾਰਦਰਸ਼ੀ ਢੰਗ ਨਾਲ ਜਿੱਥੇ ਵਿਕਾਸ ਕਾਰਜ ਕਰਵਾ ਰਹੀ ਹੈ। ਉਨ੍ਹਾਂ ਕਿਹਾ ਕਿ ਸਾਲ 2025-26 ਲਈ 17975 ਕਰੋੜ ਰੁਪਏ ਸਿੱਖਿਆ ਬਜਟ ਵਿੱਚ ਰੱਖੇ ਗਏ ਹਨ ਪਟਿਆਲਾ ਜਿਲ੍ਹੇ ਦੇ ਪ੍ਰਾਇਮਰੀ ਮਿਡਲ ਹਾਈ ਤੇ ਸੀਨੀਅਰ ਸੈਕੈਂਡਰੀ ਸਕੂਲਾਂ ਵਿੱਚ ਵਿਕਾਸ ਕਾਰਜਾਂ ਦੇ ਨੀਹ ਪੱਥਰ ਰੱਖੇ ਜਾ ਰਹੇ ਹਨ ਤਾਂ ਜੋ ਇਹਨਾਂ ਸਕੂਲਾਂ ਦੀ ਕਾਇਆ ਕਲਪ ਕੀਤੀ ਜਾ ਸਕੇ। ਸਰਕਾਰ ਵੱਲੋਂ ਸਕੂਲਾਂ ਵਿੱਚ ਅਧਿਆਪਕਾਂ ਦੀਆਂ ਖਾਲੀ ਅਸਾਮੀਆਂ ਦੀ ਜਿੱਥੇ ਪੂਰਤੀ ਕੀਤੀ ਜਾ ਰਹੀ ਹੈ ਉੱਥੇ ਹੀ ਸਕੂਲੀ ਢਾਂਚੇ ਨੂੰ ਸਮਾਰਟ ਸਕੂਲਾਂ ਦਾ ਰੂਪ ਦਿੱਤਾ ਜਾ ਰਿਹਾ ਹੈ।

ਚੇਤਨ ਸਿੰਘ ਜੌੜਾਮਾਜਰਾ ਨੇ ਕਿਹਾ ਕਿ ਸਕੂਲ ਮੁਖੀਆਂ ਅਧਿਆਪਕਾਂ ਦੀ ਗੁਣਵੱਤਾ ਨੂੰ ਦੇਸ਼ਾਂ ਵਿੱਚ ਟ੍ਰੇਨਿੰਗ ਲੈਣ ਲਈ ਭੇਜਿਆ ਜਾ ਰਿਹਾ ਹੈ, ਜਿਸ ਦੇ ਸਕਾਰਾਤਮਕ ਨਤੀਜੇ ਵੀ ਸਾਹਮਣੇ ਆ ਰਹੇ ਹਨ। ਹੋਣਹਾਰ ਤੇ ਪੜ੍ਹਾਈ ਪੱਖੋਂ ਚੰਗੇ ਵਿਦਿਆਰਥੀ ਜੋ ਉੱਚ ਅਧਿਕਾਰੀ ਬਣਨ ਦਾ ਜਜ਼ਬਾ ਰੱਖਦੇ ਹਨ ਉਹਨਾਂ ਲਈ ਸਰਕਾਰ ਵੱਲੋਂ ਆਈਪੀਐਸ ਆਈ ਏ ਐਸ ਅਧਿਕਾਰੀ ਸਕੂਲਾਂ ਵਿੱਚ ਭੇਜ ਕੇ ਵਿਦਿਆਰਥੀ ਵਰਗ ਨੂੰ ਉਤਸ਼ਾਹਿਤ ਕੀਤਾ ਜਾਵੇਗਾ। ਸਰਕਾਰੀ ਸਕੂਲਾਂ ਵਿੱਚ ਦਾਖਲਾ ਮੁਹਿੰਮ ਨੂੰ ਹੁਲਾਰਾ ਦੇਣ ਲਈ ਮੋਬਾਇਲ ਵੈਨਾਂ ਦੀ ਪ੍ਰਬੰਧ ਵੀ ਕੀਤੇ ਗਏ ਹਨ।

ਉਹਨਾਂ ਦੱਸਿਆ ਸਕੂਲ ਦੇ ਵਿਕਾਸ ਕਾਰਜਾਂ ਵਿੱਚ 5 ਲੱਖ ਚਾਰ ਦੀਵਾਰੀ ਲਈ 10 ਲੱਖ ਰਿਪੇਅਰ ਵਾਸਤੇ 9 ਲੱਖ ਕਲਾਸ ਰੂਮ ਲਈ 62 ਲੱਖ ਰੁਪਏ ਲੈਬ ਦੇ ਨਾਲ ਨਾਲ ਤੇ ਹੋਰ ਵਿਕਾਸ ਕਾਰਜਾਂ ‘ਤੇ ਖਰਚ ਕੀਤੇ ਗਏ ਹਨ। ਸਕੂਲ ਮੁਖੀ ਨੇ ਕਿਹਾ ਕੀ ਸਮੁੱਚੇ ਸਟਾਫ ਵੱਲੋਂ ਮਿਹਨਤ ਲਗਣ ਜਿੰਮੇਵਾਰੀ ਨਾਲ ਆਪਣੀ ਡਿਊਟੀ ਨਿਭਾਈ ਜਾ ਰਹੀ ਹੈ ਉੱਥੇ ਹੀ ਵਿਦਿਆਰਥੀਆਂ ਵੱਲੋਂ ਵੱਖ ਵੱਖ ਖੇਤਰਾਂ ਵਿੱਚ ਪ੍ਰਾਪਤੀਆਂ ਕਰਕੇ ਸਕੂਲ ਦਾ ਨਾਮ ਵੀ ਰੋਸ਼ਨ ਕੀਤਾ ਜਾ ਰਿਹਾ ਹੈ।ਇਸ ਮੌਕੇ ਵਿਦਿਆਰਥੀਆਂ ਨੇ ਸੱਭਿਆਚਾਰ ਗਤੀਵਿਧੀਆਂ ਦੀ ਕਲਾ ਦਾ ਪ੍ਰਦਰਸ਼ਨ ਕੀਤਾ। ਇਸ ਮੌਕੇ ਸਮਾਣਾ ਮਾਰਕੀਟ ਕਮੇਟੀ ਦੇ ਚੇਅਰਮੈਨ ਬਲਕਾਰ ਸਿੰਘ ਗੱਜੂ ਮਾਜਰਾ, ਗੁਰਦੇਵ ਸਿੰਘ ਟਿਵਾਣਾ ਤੇ ਸਕੂਲ ਦੇ ਸਮੂਹ ਅਧਿਆਪਕ ਸਾਹਿਬਾਨ ਤੇ ਵਿਦਿਆਰਥੀ ਹਾਜ਼ਰ ਸਨ।

# ਕਣਕ ਨੂੰ ਲੱਗੀਆਂ ਅੱਗਾਂ ਅਤੇ ਕੁਦਰਤੀ ਆਫ਼ਤਾਂ ਨਾਲ ਮਾਲੀ ਨੁਕਸਾਨ ਦੀ ਸਰਕਾਰ ਭਰਪਾਈ ਕਰੇ: ਐਸ.ਕੇ.ਐਮ.

**ਪਟਿਆਲਾ, 27 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸਯੁੰਕਤ ਕਿਸਾਨ ਮੋਰਚੇ ਦੇ ਸੱਦੇ ਤੇ ਡਿਪਟੀ ਕਮਿਸਨਰ ਪਟਿਆਲਾ ਰਾਹੀਂ ਮੰਗ ਪੱਤਰ ਦਿੱਤਾ ਗਿਆ। ਜਿਸਦੀ ਅਗਵਾਈ ਕੁੱਲ ਹਿੰਦ ਕਿਸਾਨ ਸਭਾ ਵੱਲੋਂ ਕੁਲਵੰਤ ਸਿੰਘ ਮੋਲਵੀਵਾਲਾ, ਜਮਹੂਰੀ ਕਿਸਾਨ ਸਭਾ ਵੱਲੋਂ ਦਰਸ਼ਨ ਸਿੰਘ ਬੇਲੂ ਮਾਜਰਾ , ਕਿਰਤੀ ਕਿਸਾਨ ਯੂਨੀਅਨ ਵੱਲੋ ਸੁਰਿੰਦਰ ਸਿੰਘ ਖਾਲਸਾ, ਕ੍ਰਾਤੀਕਾਰੀ ਕਿਸਾਨ ਯੂਨੀਅਨ ਵੱਲੋਂ ਅਵਤਾਰ ਸਿੰਘ ਕੌਰਜੀਵਾਲਾ, ਕੁੱਲ ਹਿੰਦ ਕਿਸਾਨ ਸਭਾ ਵੱਲੋਂ ਧਰਮਪਾਲ ਸੀਲ ਨੇ ਕੀਤੀ। ਇਸ ਵਕਤ ਉਹਨਾਂ ਨਾਲ ਰਾਜ ਕਿਸਨ ਨੂਰ ਖੇੜੀਆ,ਜੈ ਰਾਮ ਭਾਨਰਾ,ਲਖਵਿੰਦਰ ਸਿੰਘ ਬਲਵੇੜਾ, ਰਣਧੀਰ ਸਿੰਘ ਪਟਿਆਲਾ ਅਤੇ ਕੁਲਦੀਪ ਸਿੰਘ ਗਲੋਲੀ ਹਾਜਰ ਸਨ। ਪ੍ਰੈਸ ਨੂੰ ਜਾਣਕਾਰੀ ਦੇਦਿਆ ਆਗੂਆਂ ਨੇ ਦਸਿਆ ਕਿ ਪੰਜਾਬ ਵਿੱਚ ਅਣਗਿਣਤ ਥਾਵਾਂ ਤੇ ਕਣਕ ਅਤੇ ਨਾੜ ਨੂੰ ਅੱਗਾ ਲੱਗੀਆਂ ਹਨ। ਇਸ ਦੇ ਨਾਲ ਹੀ ਕੁਦਰਤੀ ਆਫ਼ਤਾਂ ਬੇਮੌਸਮੀ ਮੀਂਹ ਹਨੇਰੀ ਗੜੇਮਾਰੀ ਨਾਲ ਭਾਰੀ ਮਾਲੀ ਅਤੇ ਕਈ ਥਾਵਾਂ ਤੇ ਜਾਨੀ ਨੁਕਸਾਨ ਹੋਇਆ ਹੈ। ਇਹਨਾ ਕਰੋਪੀਆਂ ਦਾ ਪੂਰਾ ਮੁਆਵਜ਼ਾ ਦਿੱਤਾ ਜਾਵੇ ਕਿਉਕਿ ਪੂਰੇ ਮੁਆਵਜੇ ਬਗੈਰ ਪੀੜਤ ਪਰਿਵਾਰਾਂ ਦੀ ਜਿੰਦਗੀ ਦੁਬਾਰਾ ਲੀਹ ਤੇ ਨਹੀਂ ਆ ਸਕਦੀ। ਇਸ ਲਈ ਸਯੁੰਕਤ ਕਿਸਾਨ ਮੋਰਚਾ ਮੰਗ ਕਰਦਾ ਹੈ ਕਿ ਸਾਰੇ ਪੰਜਾਬ ਵਿੱਚ ਸਪੈਸ਼ਲ ਗਿਰਦਾਵਰੀ ਕਰਕੇ ਜਾ ਸਰਵੇ ਕਰਕੇ ਪੀੜਤ ਪਰਿਵਾਰਾਂ ਨੂੰ ਮੁਆਵਜ਼ਾ ਦਿੱਤਾ ਜਾਵੇ। ਮੰਗ ਪਤਰ ਦੇਣ ਉਪਰੰਤ ਹੋਈ ਮੀਟਿੰਗ ਵਿੱਚ ਪਹਿਲਗਾਮ ਵਿੱਚ ਅੱਤਵਾਦੀਆਂ ਵਲੋ ਕੀਤੀ ਕਾਇਰਤਾ ਭਰਪੂਰ ਘਟਨਾ ਦੀ ਨਿੰਦਿਆ ਕੀਤੀ ਗਈ। ਅਤੇ ਪੀੜਤ ਪਰਿਵਾਰਾਂ ਨਾਲ ਹਮਦਰਦੀ ਪ੍ਰਗਟ ਕੀਤੀ ਗਈ। ਉਹਨਾਂ ਕਿਹਾ ਕਿ ਕੇਂਦਰ ਸਰਕਾਰ ਕਸ਼ਮੀਰ ਵਿੱਚ ਅੱਤਵਾਦ ਖਤਮ ਕਰਕੇ ਸ਼ਾਂਤੀ ਸਥਾਪਤ ਕਰਨ ਵਿਚ ਨਾਕਾਮ ਹੋਈ ਹੈ।



ਉਹਨਾਂ ਮੰਗ ਕੀਤੀ ਕਿ ਕਸ਼ਮੀਰ ਦੇ ਲੋਕਾਂ ਤੇ ਸੈਲਾਨੀਆਂ ਦੀ ਸੁਰੱਖਿਆ ਦੇ ਸਰਕਾਰ ਪੁਖਤਾ ਪ੍ਰਬੰਧ ਕਰੇ। ਉਹਨਾਂ ਸੱਦਾ ਦਿੱਤਾ ਕਿ ਅੱਤਵਾਦੀਆਂ ਦੇ ਮਨਸੂਬਿਆਂ ਦਾ ਇਕਜੁੱਟ ਹੋ ਕਿ ਵਿਰੋਧ ਕੀਤਾ ਜਾਵੇ।

# ਪੰਜਾਬ ਪੁਲਿਸ ਨੇ ਰਾਜ-ਵਿਆਪੀ ਆਪ੍ਰੇਸ਼ਨ ਵਿੱਚ ਸੈਲੂਨ, ਮੈਅ ਖਾਨਿਆਂ, ਸਪਾ ਸੈਂਟਰਾਂ ਦੀ ਕੀਤੀ ਤਲਾਸ਼ੀ

## ‘ਯੁੱਧ ਨਸ਼ਿਆਂ ਵਿਰੁਧ’ 55ਵੇਂ ਦਿਨ ਪੁਲਿਸ ਨੇ 89 ਨਸ਼ਾ ਤਸਕਰਾਂ ਨੂੰ ਕੀਤਾ ਗ੍ਰਿਫ਼ਤਾਰ ਕੀਤਾ; 2.8 ਕਿਲੋ ਹੈਰੋਇਨ, 3.5 ਕਿਲੋ ਅਫੀਮ, 1 ਲੱਖ ਰੁਪਏ ਦੀ ਡਰੱਗ ਮਨੀ ਬਰਾਮਦ

**ਚੰਡੀਗੜ੍ਹ, 27 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ, ਪੰਜਾਬ ਪੁਲਿਸ ਨੇ ਵੀਰਵਾਰ ਨੂੰ ਰਾਜ ਦੇ ਸਾਰੇ 28 ਪੁਲਿਸ ਜ਼ਿਲ੍ਹਿਆਂ ਵਿੱਚ ਸਪਾ ਸੈਂਟਰਾਂ, ਮੈਅ ਖਾਨਿਆਂ, ਸੈਲੂਨਾਂ, ਸੱਟਾ ਪੁਆਇੰਟਾਂ ਅਤੇ ਸਰਾਵਾਂ ਸਮੇਤ ਹੋਰ ਸੰਵੇਦਨਸ਼ੀਲ ਥਾਵਾਂ ’ਤੇ ਘੇਰਾਬੰਦੀ ਅਤੇ ਖੋਜ ਆਪ੍ਰੇਸ਼ਨ (ਕਾਸੋ) ਚਲਾਇਆ । ਇਹ ਆਪ੍ਰੇਸ਼ਨ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਦੇ ਨਿਰਦੇਸ਼ਾਂ ’ਤੇ ਚਲਾਇਆ ਗਿਆ। ਇਸ ਤਲਾਸ਼ੀ ਅਭਿਆਨ ਨੂੰ ਅੰਜਾਮ ਦੇਣ ਲਈ 2500 ਤੋਂ ਵੱਧ ਪੁਲਿਸ ਕਰਮੀਆਂ ਨੇ ਰਾਜ ਭਰ ਵਿੱਚ ਦੁਪਹਿਰ 1 ਵਜੇ ਤੋਂ ਸ਼ਾਮ 5 ਵਜੇ ਤੱਕ ਚੈਕਿੰਗ ਕੀਤੀ। ਇਸ ਕਾਰਵਾਈ ਨੂੰ ਸਫਲ ਬਣਾਉਣ ਲਈ ਸਾਰੇ ਸੀਪੀ/ ਐਸਐਸਪੀ ਨੂੰ ਵੱਧ ਤੋਂ ਵੱਧ ਪੁਲਿਸ ਫੋਰਸ ਤਾਇਨਾਤ ਕਰਨ ਲਈ ਕਿਹਾ ਗਿਆ ਸੀ। ਵਧੀਕ ਡਾਇਰੈਕਟਰ ਜਨਰਲ ਆਫ਼ ਪੁਲਿਸ (ਏਡੀਜੀਪੀ) ਮਨੁੱਖੀ ਅਧਿਕਾਰ ਅਤੇ ਕਾਨੂੰਨ ਵਿਵਸਥਾ ਨਰੇਸ਼ ਅਰੋੜਾ ਨੇ ਕਿਹਾ ਕਿ ਇਸ ਗੱਲ ਨੂੰ ਧਿਆਨ ਵਿੱਚ ਰੱਖਦੇ ਹੋਏ ਕਿ ਅਜਿਹੀਆਂ ਸੰਵੇਦਨਸ਼ੀਲ ਥਾਵਾਂ ਨੂੰ ਗੈਰ-ਕਾਨੂੰਨੀ ਗਤੀਵਿਧੀਆਂ ਅੰਜਾਮ ਦੇਣ ਲਈ ਵਰਤਿਆ ਜਾ ਸਕਦਾ ਹੈ, ਪੰਜਾਬ ਪੁਲਿਸ ਨੇ ਸੂਬੇ ਭਰ ਵਿੱਚ ਇਹ ਆਪ੍ਰੇਸ਼ਨ ਚਲਾਇਆ ਹੈ। ਉਨ੍ਹਾਂ ਕਿਹਾ, “ਅਸੀਂ ਸਾਰੇ ਪੁਲਿਸ ਕਰਮਚਾਰੀਆਂ ਨੂੰ ਇਸ ਕਾਰਵਾਈ ਦੌਰਾਨ ਹਰੇਕ ਵਿਅਕਤੀ ਨਾਲ ਦੋਸਤਾਨਾ ਅਤੇ ਨਿਮਰਤਾ ਨਾਲ ਪੇਸ਼ ਆਉਣ ਦੇ ਸਖ਼ਤ ਨਿਰਦੇਸ਼ ਦਿੱਤੇ ਸਨ,”।

ਉਨ੍ਹਾਂ ਕਿਹਾ ਕਿ ਪੁਲਿਸ ਟੀਮਾਂ ਨੇ ਰਾਜ ਵਿੱਚ 87 ਸਪਾ ਸੈਂਟਰਾਂ, 24 ਮੈਅ ਖਾਨਿਆਂ, 666 ਸੈਲੂਨਾਂ, 25 ਸੱਟਾ ਪੁਆਇੰਟਾਂ ਅਤੇ 111 ਸਰਾਵਾਂ ’ਤੇ ਤਲਾਸ਼ੀ ਲਈ ।

# ਪੰਜਾਬ ਵਿਚ ਝੋਨੇ ਦੀ ਲਵਾਈ ਪਹਿਲੀ ਜੂਨ ਤੋਂ, ਸਰਕਾਰ ਵੱਲੋਂ ਪੱਤਰ ਜਾਰੀ

**ਚੰਡੀਗੜ੍ਹ, 27 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਰਾਜ ਵਿੱਚ ਝੋਨੇ ਦੀ ਲਵਾਈ ਆਰੰਭ ਹੋਣ ਲਈ ਇਕ ਪੱਤਰ ਜਾਰੀ ਕਰ ਦਿੱਤਾ ਗਿਆ ਹੈ। ਇਸ ਪੱਤਰ ਅਨੁਸਾਰ ਝੋਨੇ ਦੀ ਸਿੱਧੀ ਬਿਜਾਈ 15 ਮਈ ਤੋਂ ਸ਼ੁਰੂ ਹੋਵੇਗੀ, ਜਦੋਂ ਕਿ ਲਵਾਈ ਪਹਿਲੀ ਜੂਨ ਸੂਬੇ ਭਰ ਵਿਚ ਪੜਾਅਵਾਰ ਢੰਗ ਨਾਲ ਸ਼ੁਰੂ ਕੀਤੀ ਜਾਵੇਗੀ।

ਪੱਤਰ ਮੁਤਾਬਕ ਪਹਿਲਾਂ ਫਰੀਦਕੋਟ, ਬਠਿੰਡਾ, ਫਿਰੋਜ਼ਪੁਰ, ਫਾਜ਼ਿਲਕਾ ਜ਼ਿਲ੍ਹਿਆਂ ਵਿਚ ਲਵਾਈ ਪਹਿਲੀ ਜੂਨ ਤੋਂ ਆਰੰਭ ਹੋਵੇਗੀ। ਇਸੇ ਤਰ੍ਹਾਂ 5 ਜੂਨ ਤੋਂ ਗੁਰਦਾਸਪੁਰ, ਪਠਾਨਕੋਟ, ਅੰਮ੍ਰਿਤਸਰ, ਤਰਨ ਤਾਰਨ, ਹੁਸ਼ਿਆਰਪੁਰ, ਰੂਪਨਗਰ, ਐਸਏਐਸ ਨਗਰ (ਮੁਹਾਲੀ) ਅਤੇ ਫਤਿਹਗੜ੍ਹ ਸਾਹਿਬ ਵਿਖੇ ਲਵਾਈ ਦਾ ਆਗਾਜ਼ ਹੋਵੇਗਾ। ਬਾਕੀ ਰਹਿੰਦੇ ਜ਼ਿਲ੍ਹਿਆਂ ਮਾਨਸਾ, ਮੋਗਾ, ਬਰਨਾਲਾ, ਲੁਧਿਆਣਾ, ਮਲੇਰਕੋਟਲਾ, ਪਟਿਆਲਾ, ਸੰਗਰੂਰ, ਕਪੂਰਥਲਾ, ਜਲੰਧਰ ਅਤੇ ਸ਼ਹੀਦ ਭਗਤ ਸਿੰਘ ਨਗਰ ਵਿਚ 9 ਜੂਨ ਤੋਂ ਝੋਨੇ ਦੀ ਲਵਾਈ ਦਾ ਸਮਾਂ ਤੈਅ ਕੀਤਾ ਗਿਆ ਹੈ।

# ਖਾਸ ਮੁਹਿੰਮ ਹੇਠ 56.26% ਆਂਗਨਵਾੜੀ ਵਰਕਰਾਂ ਅਤੇ 46.15% ਆਂਗਨਵਾੜੀ ਹੈਲਪਰਾਂ ਨੂੰ ਜਾਰੀ ਹੋਏ ਆਯੁਸ਼ਮਾਨ ਕਾਰਡ :ਡਾ. ਬਲਜੀਤ ਕੌਰ

**ਚੰਡੀਗੜ੍ਹ, 27 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਫਰੰਟਲਾਈਨ ਵਰਕਰਾਂ ਨੂੰ ਸਿਹਤ ਸਹੂਲਤਾਂ ਯਕੀਨੀ ਬਣਾਉਣ ਵੱਲ ਇੱਕ ਮਹੱਤਵਪੂਰਨ ਕਦਮ ਚੁੱਕਦਿਆਂ ਪੰਜਾਬ ਦੀ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਅੱਜ ਦੱਸਿਆ ਕਿ ਵਿਭਾਗ ਵੱਲੋਂ ਚਲਾਈ ਗਈ ਖਾਸ ਮੁਹਿੰਮ ਹੇਠ ਸੂਬੇ ਦੇ 56.26% ਆਂਗਨਵਾੜੀ ਵਰਕਰਾਂ ਅਤੇ 46.15% ਆਂਗਨਵਾੜੀ ਹੈਲਪਰਾਂ ਨੂੰ ਆਯੁਸ਼ਮਾਨ ਹੈਲਥ ਕਾਰਡ ਜਾਰੀ ਹੋ ਚੁੱਕੇ ਹਨ।



ਡਾ. ਬਲਜੀਤ ਕੌਰ ਨੇ ਕਿਹਾ ਕਿ ਇਹ ਮੰਗ ਬਹੁਤ ਸਮੇਂ ਤੋਂ ਲੰਬਿਤ ਸੀ, ਜਿਸਨੂੰ ਪੂਰਾ ਕਰਨਾ ਵਿਭਾਗ ਦੀ ਪਹਿਲ ਰਹੀ ਹੈ। ਉਨ੍ਹਾਂ ਦੱਸਿਆ ਕਿ ਹੁਣ ਤੱਕ 99% ਆਂਗਨਵਾੜੀ ਵਰਕਰਾਂ ਅਤੇ ਹੈਲਪਰਾਂ ਦੀ eKYC ਦੀ ਪ੍ਰਕਿਰਿਆ ਪੂਰੀ ਹੋ ਚੁੱਕੀ ਹੈ, ਜਿਸ ਕਾਰਨ ਬਾਕੀ ਰਹਿ ਗਏ ਕਾਰਡ ਵੀ ਜਲਦ ਜਾਰੀ ਕਰਵਾਏ ਜਾਣਗੇ।

ਲਾਭਪਾਤਰੀਆਂ ਨੂੰ ਵਧਾਈ ਦਿੰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਆਯੁਸ਼ਮਾਨ ਭਾਰਤ ਯੋਜਨਾ ਅਧੀਨ ਹਰੇਕ ਕਾਰਡ ਹੋਲਡਰ ਨੂੰ ਦੇਸ਼ ਭਰ ਦੇ ਪੈਨਲਬੱਧ ਹਸਪਤਾਲਾਂ ਵਿੱਚ ਸਾਲਾਨਾ ?5 ਲੱਖ ਤੱਕ ਮੁਫ਼ਤ ਇਲਾਜ ਦੀ ਸਹੂਲਤ ਮਿਲੇਗੀ।

ਡਾ. ਬਲਜੀਤ ਕੌਰ ਨੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਲੋਕ-ਭਲਾਈ ਲਈ ਵਚਨਬੱਧਤਾ ਨੂੰ ਦੁਹਰਾਉਂਦਿਆਂ ਕਿਹਾ ਕਿ ਸੂਬਾ ਸਰਕਾਰ ਹਰ ਵਰਗ ਦੀ ਭਲਾਈ ਅਤੇ ਰੰਗਲਾ ਪੰਜਾਬ ਬਣਾਉਣ ਦੀ ਦਿਸ਼ਾ ਵਿੱਚ ਲਗਾਤਾਰ ਕੰਮ ਕਰ ਰਹੀ ਹੈ।

# ਲੁਧਿਆਣਾ ਦੇ ਹਰਸ਼ਪ੍ਰੀਤ ਸਿੰਘ ਨੇ ਪੰਜਾਬ ਰਾਜ ਪ੍ਰਤਿਭਾ ਖੋਜ ਪ੍ਰੀਖਿਆ ਵਿੱਚ ਪਹਿਲਾ ਸਥਾਨ ਹਾਸਲ ਕੀਤਾ

## ਪ੍ਰੀਖਿਆ ਦੇ ਟੌਪ-500 ਵਿਦਿਆਰਥੀਆਂ ਨੂੰ 12ਵੀਂ ਜਮਾਤ ਤੱਕ ਦਿੱਤੀ ਜਾਵੇਗੀ ਸਕਾਲਰਸ਼ਿਪ

**ਚੰਡੀਗੜ੍ਹ, 27 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸਕੂਲ ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ ਸਰਕਾਰੀ ਹਾਈ ਸਕੂਲ, ਬੂਲੇਪੁਰ, ਜ਼ਿਲ੍ਹਾ ਲੁਧਿਆਣਾ ਦੇ ਵਿਦਿਆਰਥੀ ਹਰਸ਼ਪ੍ਰੀਤ ਸਿੰਘ ਨੇ ਸੈਸ਼ਨ 2024-25 ਲਈ ਪੰਜਾਬ ਰਾਜ ਪ੍ਰਤਿਭਾ ਖੋਜ ਪ੍ਰੀਖਿਆ (ਦਸਵੀਂ ਜਮਾਤ) ਵਿੱਚ 180 ਵਿੱਚੋਂ 165 ਅੰਕ ਪ੍ਰਾਪਤ ਕਰਕੇ ਸੂਬੇ ਭਰ ਵਿੱਚੋਂ ਪਹਿਲਾ ਸਥਾਨ ਹਾਸਲ ਕੀਤਾ ਹੈ। ਉਹਨਾਂ ਦੱਸਿਆ ਕਿ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਜ਼ੀਰਾ ਜ਼ਿਲ੍ਹਾ ਫਿਰੋਜ਼ਪੁਰ ਦੀਆਂ ਵਿਦਿਆਰਥਣਾਂ ਕੋਮਲਪ੍ਰੀਤ ਕੌਰ ਅਤੇ ਨਵਜੋਤ ਕੌਰ ਨੇ ਕ੍ਰਮਵਾਰ 159 ਅੰਕ ਅਤੇ 158 ਅੰਕ ਪ੍ਰਾਪਤ ਕਰਕੇ ਦੂਜਾ ਤੇ ਤੀਜਾ ਸਥਾਨ ਪ੍ਰਾਪਤ ਕੀਤਾ ਹੈ।

ਦੱਸਣਯੋਗ ਹੈ ਕਿ ਸਟੇਟ ਕੌਂਸਲ ਆਫ਼ ਐਜੂਕੇਸ਼ਨਲ ਰਿਸਰਚ ਐਂਡ ਟ੍ਰੇਨਿੰਗ (ਐਸ.ਸੀ.ਈ.ਆਰ.ਟੀ.) ਵੱਲੋਂ 2 ਫਰਵਰੀ, 2025 ਨੂੰ ਪੰਜਾਬ ਰਾਜ ਪ੍ਰਤਿਭਾ ਖੋਜ ਪ੍ਰੀਖਿਆ ਕਰਵਾਈ ਗਈ ਸੀ, ਜਿਸ ਤਹਿਤ 10ਵੀਂ ਜਮਾਤ ਦੇ ਚੋਟੀ ਦੇ 500 ਵਿਦਿਆਰਥੀਆਂ ਨੂੰ 200 ਰੁਪਏ ਪ੍ਰਤੀ ਮਹੀਨਾ ਵਜ਼ੀਫ਼ਾ ਦਿੱਤਾ ਜਾਵੇਗਾ। ਪੰਜਾਬ ਸਰਕਾਰ ਦੀ ਇਸ ਸਕੀਮ ਰਾਹੀਂ ਇਨ੍ਹਾਂ ਵਿਦਿਆਰਥੀਆਂ ਨੂੰ ਦੋ ਸਾਲਾਂ ਤੱਕ ਯਾਨੀ 12ਵੀਂ ਜਮਾਤ ਤੱਕ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ।

ਸਿੱਖਿਆ ਮੰਤਰੀ ਨੇ ਕਿਹਾ ਕਿ ਇਹ ਪ੍ਰੀਖਿਆ ਤਹਿਸੀਲ ਪੱਧਰ ’ਤੇ ਸੂਬੇ ਭਰ ਦੇ 146 ਕੇਂਦਰਾਂ ਵਿੱਚ ਲਈ ਗਈ ਸੀ ਅਤੇ ਕੁੱਲ 41,190 ਵਿਦਿਆਰਥੀਆਂ ਨੇ ਪ੍ਰੀਖਿਆ ਲਈ ਰਜਿਸਟ੍ਰੇਸ਼ਨ ਕਰਵਾਈ ਸੀ। ਇਨ੍ਹਾਂ ਵਿੱਚੋਂ 35,854 ਵਿਦਿਆਰਥੀਆਂ ਨੇ ਪ੍ਰੀਖਿਆ ਦਿੱਤੀ ਅਤੇ 27,333 ਨੇ ਇਹ ਪ੍ਰੀਖਿਆ ਪਾਸ ਕੀਤੀ। ਇਸ ਪ੍ਰੀਖਿਆ ਦੀ ਯੋਗਤਾ ਦੇ ਆਧਾਰ ’ਤੇ 500 ਵਿਦਿਆਰਥੀਆਂ ਨੂੰ ਸਕਾਲਰਸ਼ਿਪ ਦਿੱਤੀ ਜਾਵੇਗੀ।

ਇਹਨਾਂ ਸਫ਼ਲ ਵਿਦਿਆਰਥੀਆਂ ਨੂੰ ਦਿਲੋਂ ਵਧਾਈ ਦਿੰਦਿਆਂ ਸ. ਹਰਜੋਤ ਸਿੰਘ ਬੈਂਸ ਨੇ ਉਨ੍ਹਾਂ ਦੀ ਸਖ਼ਤ ਮਿਹਨਤ ਅਤੇ ਸਮਰਪਣ ਦੀ ਸ਼ਲਾਘਾ ਕੀਤੀ ਅਤੇ ਚੋਟੀ ਦਾ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਦੀਆਂ ਵਿਸ਼ੇਸ਼ ਪ੍ਰਾਪਤੀਆਂ ਨੂੰ ਉਜਾਗਰ ਵੀ ਕੀਤਾ। ਉਨ੍ਹਾਂ ਨੇ ਸੂਬੇ ਅੰਦਰ ਨੌਜਵਾਨ ਪ੍ਰਤਿਭਾ ਦੀ ਪਛਾਣ ਕਰਨ ਅਤੇ ਉਨ੍ਹਾਂ ਦੇ ਨਤੀਜਿਆਂ ਨੂੰ ਹੋਣ ਬਿਹਤਰ ਬਣਾਉਣ ਵਾਸਤੇ ਵਿੱਤੀ ਸਹਾਇਤਾ ਲਈ ਇਸ ਪ੍ਰੀਖਿਆ ਦੀ ਮਹੱਤਤਾ ’ਤੇ ਜ਼ੋਰ ਦਿੱਤਾ।

# ਜ਼ਿਲ੍ਹੇ ਦੀਆਂ ਮੰਡੀਆਂ ’ਚ 82 ਫੀਸਦੀ ਕਣਕ ਦੀ ਹੋਈ ਆਮਦ

**ਪਟਿਆਲਾ, 27 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹੇ ਪਟਿਆਲਾ ਦੀਆਂ ਮੰਡੀਆਂ ਵਿੱਚ 82 ਫੀਸਦੀ ਕਣਕ ਦੀ ਆਮਦ ਹੁਣ ਤੱਕ ਹੋ ਚੁੱਕੀ ਹੈ। ਇਸ ਗੱਲ ਦਾ ਪ੍ਰਗਟਾਵਾ ਅੱਜ ਜ਼ਿਲ੍ਹਾ ਖੁਰਾਕ ਤੇ ਸਿਵਲ ਸਪਲਾਈ ਕੰਟਰੋਲਰ ਡਾ: ਰੂਪਪ੍ਰੀਤ ਕੌਰ ਨੇ ਕੀਤਾ। ਉਹਨਾਂ ਹੁਣ ਤੱਕ ਹੋਈ ਕਣਕ ਦੀ ਖਰੀਦ, ਅਦਾਇਗੀ ਸਮੇਤ ਲਿਫਟਿੰਗ ਬਾਰੇ ਜਾਣਕਾਰੀ ਦੇਂਦਿਆਂ ਕਿਹਾ ਕਿ ਇਸ ਸਾਲ ਕਣਕ ਦੀ ਆਮਦ ਇਕ ਦਮ ਹੀ ਮੰਡੀਆਂ ਵਿੱਚ ਆਈ ਹੈ ਅਤੇ ਇਸ ਦੇ ਨਾਲ-ਨਾਲ ਖਰੀਦ ਵਿੱਚ ਵੀ ਵਾਧਾ ਹੋਇਆ ਹੈ ।

ਜ਼ਿਲ੍ਹਾ ਖੁਰਾਕ ਤੇ ਸਿਵਲ ਸਪਲਾਈ ਕੰਟਰੋਲਰ ਕਿਹਾ ਕਿ ਪਿਛਲੇ ਸਾਲ ਕਣਕ ਦੀ ਲਿਫਟਿੰਗ 1 ਲੱਖ 53 ਹਜਾਰ ਹੋਈ ਸੀ ਜਦੋ ਕਿ ਇਸ ਸਾਲ ਹੁਣ ਤੱਕ 2 ਲੱਖ 71 ਹਜਾਰ ਮੀਟ੍ਰਿਕ ਟਨ ਹੋਈ ਹੈ ਜੋ ਕਿ ਪਿਛਲੇ ਸਾਲ ਨਾਲੋਂ ਕਾਫੀ ਉਪਰ ਹੈ । ਉਹਨਾਂ ਕਿਹਾ ਕਿ ਜੇਕਰ ਜ਼ਿਲ੍ਹੇ ਵਿੱਚ ਕਣਕ ਦੀ ਆਮਦ ਵਧੀ ਹੈ ਤਾਂ ਖਰੀਦ ਅਤੇ ਲਿਫਟਿੰਗ ਵੀ ਬਹੁਤ ਵਧੀ ਹੈ । ਉਹਨਾਂ ਇਹ ਵੀ ਕਿਹਾ ਕਿ ਕਿਸਾਨਾ ਦੀ ਖਰੀਦ ਦੀ ਜਿਨਸ ਦੀ ਅਦਾਇਗੀ ਉਹਨਾਂ ਨੂੰ 24 ਘੰਟੇ ਦੇ ਅੰਦਰ ਅੰਦਰ ਦਿੱਤੀ ਜਾ ਰਹੀ ਹੈ । ਡਾ: ਰੂਪ ਪ੍ਰੀਤ ਕੌਰ ਨੇ ਦੱਸਿਆ ਕਿ ਇਸ ਵਾਰ ਸਮੂਹ ਏਜੰਸੀਆਂ ਨੇ ਟੀਚੇ ਤੋਂ ਉਪਰ ਹੋ ਕੇ 101 ਫੀਸਦੀ ਰਕਮ ਹੁਣ ਤੱਕ ਅਦਾ ਕਰ ਦਿੱਤੀ ਹੈ ਜਿਸ ਤੋਂ ਇਹ ਸਾਹਮਣੇ ਆਉਦਾ ਹੈ ਕਿ ਜ਼ਿਲ੍ਹੇ ਵਿੱਚ ਕਣਕ ਦੀ ਖਰੀਦ , ਲਿਫਟਿੰਗ ਅਤੇ ਅਦਾਇਗੀ ਕਰਨ ਵਿੱਚ ਬਹੁਤ ਤੇਜੀ ਆਈ ਹੈ । ਉਹਨਾਂ ਕਿਹਾ ਕਿ ਪੰਜਾਬ ਸਰਕਾਰ ਸਮੁੱਚੇ ਸ਼ੀਜ਼ਨ ਦੌਰਾਨ ਖ਼ਰੀਦ ਪ੍ਰਕ੍ਰਿਆ ਨੂੰ ਪੂਰੀ ਤਰ੍ਹਾਂ ਸੁਖਾਵਾਂ ਬਣਾਉਣ ਲਈ ਵਚਨਬੱਧ ਹੈ ਅਤੇ ਮੰਡੀਆਂ ਵਿੱਚ ਕਿਸੇ ਵੀ ਕਿਸਾਨ , ਆੜ੍ਹਤੀਆਂ, ਮਜ਼ਦੂਰਾਂ ਨੂੰ ਕੋਈ ਮੁਸ਼ਕਲ ਪੇਸ਼ ਨਹੀ ਆਉਣ ਦਿੱਤੀ ਜਾਵੇਗੀ ।

# 10 ਕੇਂਦਰੀ ਟਰੇਡ ਯੂਨੀਅਨਾਂ ਵੱਲੋਂ 20 ਮਈ ਨੂੰ ਇੱਕ ਰੋਜਾ ਦੇਸ਼ ਵਿਆਪੀ ਹੜ੍ਹਤਾਲ ਦਾ ਸੱਦਾ

**ਪਟਿਆਲਾ, 27 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਅੱਜ ਇੱਥੇ ਪ੍ਰੈਸ ਦੇ ਨਾਂ ਬਿਆਨ ਜਾਰੀ ਕਰਦਿਆ ਪੰਜਾਬ ਏਟਕ ਦੇ ਪ੍ਰਧਾਨ ਬੰਤ ਸਿੰਘ ਬਰਾੜ ਅਤੇ ਜਨਰਲ ਸਕੱਤਰ ਨਿਰਮਲ ਸਿੰਘ ਧਾਲੀਵਾਲ ਨੇ ਕਿਹਾ ਕਿ 10 ਕੇਂਦਰੀ ਟਰੇਡ ਯੂਨੀਅਨਾਂ, ਅਜ਼ਾਦ ਫੈਡਰੇਸ਼ਨਾਂ ਅਤੇ ਐਸੋਸੀਏਸ਼ਨਾਂ ਵੱਲੋਂ 20 ਮਈ ਨੂੰ ਇੱਕ ਰੋਜਾ ਦੇਸ਼ ਵਿਆਪੀ ਹੜ੍ਹਤਾਲ ਮੋਦੀ ਸਰਕਾਰ ਦੀਆਂ ਮੁਲਾਜਮ—ਮਜਦੂਰ ਅਤੇ ਗਰੀਬ ਵਿਰੋਧੀ ਆਰਥਿਕ ਅਤੇ ਸਨਅਤੀ ਨੀਤੀਆਂ ਦੇ ਵਿਰੁੱਧ ਕੀਤੀ ਜਾ ਰਹੀ ਹੈ। ਜਿਹਨਾਂ ਮੰਗਾਂ ਨੂੰ ਲੈ ਕੇ ਇਹ ਹੜਤਾਲ ਕੀਤੀ ਜਾ ਰਹੀ ਹੈ। ਉਨ੍ਹਾਂ ਵਿੱਚ ਮੁੱਖ ਤੌਰ ਤੇ ਮਜਦੂਰ ਵਿਰੋਧੀ ਚਾਰ ਲੇਬਰ ਕੋਡਜ਼ ਰੱਦ ਕਰਨੇ, ਘੱਟੋ—ਘੱਟ ਉਜਰਤ 26000/— ਰੁਪਏ ਕਰਨਾ, ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨਾ, ਕੰਟਰੈਕਟ / ਆਊਟ ਸੋਰਸ ਵਰਕਰਜ਼ ਨੂੰ ਰੈਗੂਲਰ ਕਰਨਾ, ਮਨਰੇਗਾ ਅਧੀਨ ਕੰਮ 200 ਦਿਨ ਪ੍ਰਤੀ ਸਾਲ ਦੇਣਾ ਅਤੇ ਮਨਰੇਗਾ ਸ਼ਹਿਰਾਂ ਵਿੱਚ ਵੀ ਲਾਗੂ ਕਰਨਾ, ਪਬਲਿਕ ਸੈਕਟਰ ਦਾ ਨਿਜੀਕਰਨ ਬੰਦ ਕਰਨਾ, ਬੇਰੁਜਗਾਰੀ ਦੂਰ ਕਰਨਾ, ਮਹਿੰਗਾਈ ਤੇ ਕਾਬੂ ਪਾਉਣਾ, ਸਮਾਜਿਕ ਸੁਰੱਖਿਆ ਯਕੀਨੀ ਬਣਾਉਣਾ ਆਦਿ ਸ਼ਾਮਲ ਹਨ।

ਬਰਾੜ ਅਤੇ ਧਾਲੀਵਾਲ ਨੇ ਦੱਸਿਆ ਕਿ ਮੋਦੀ ਸਰਕਾਰ ਦੀਆਂ ਦੇਸ਼ ਵਿਰੋਧੀ ਗਰੀਬ ਵਿਰੋਧੀ ਅਤੇ ਮਜਦੂਰ ਵਿਰੋਧੀ ਨੀਤੀਆਂ ਦੇ ਵਿਰੁੱਧ ਮਜਦੂਰ ਜਮਾਤ ਵਿੱਚ ਗੁੱਸੇ ਦੀ ਲਹਿਰ ਪਾਈ ਜਾ ਰਹੀ ਹੈ। ਜਿਸ ਦਾ ਇਜਹਾਰ ਉਹ ਇਸ ਦੇਸ਼ ਵਿਆਪੀ ਹੜਤਾਲ ਨੂੰ ਵੱਡੇ ਪੈਮਾਨੇ ਤੇ ਸਫਲ ਬਣਾਕੇ ਕਰਨਗੇ। ਪੰਜਾਬ ਵਿੱਚ ਇਸ ਹੜਤਾਲ ਦਾ ਵਿਆਪਕ ਅਸਰ ਵੇਖਣ ਨੂੰ ਮਿਲੇਗਾ।

ਬਿਜਲੀ ਮੁਲਾਜਮ, ਟਰਾਂਸਪੋਰਟ ਵਰਕਰਜ਼, ਕੰਟਰੈਕਟ ਵਰਕਰਜ਼, ਆਂਗਣਵਾੜੀ, ਆਸ਼ਾ ਵਰਕਰਜ਼, ਮਿਡ—ਡੇ—ਮੀਲ ਵਰਕਰਜ਼, ਖੇਤ ਮਜਦੂਰ, ਮਨਰੇਗਾ ਵਰਕਰ, ਸਨਅਤੀ ਵਰਕਰਜ਼ ਬੈਂਕਾਂ ਅਤੇ ਇੰਸ਼ੋਰੈਂਸ ਸੈਕਟਰ ਦੇ ਕਰਮਚਾਰੀ, ਗੈਰ ਜਥੇਬੰਦੀ ਖੇਤਰ ਦੇ ਕਾਮੇ ਆਦਿ ਖੇਤਰਾਂ ਦੇ ਮੁਲਾਜਮ— ਮਜਦੂਰ ਇਸ ਹੜਤਾਲ ਦੀ ਲਾਮਬੰਦੀ ਵਿੱਚ ਜੁਟੇ ਹੋਏ ਹਨ। ਕਿਸਾਨ ਜਥੇਬੰਦੀਆਂ ਇਸ ਹੜਤਾਲ ਦਾ ਸੜਕਾਂ ਤੇ ਉਤਰਕੇ ਭਰਪੂਰ ਸਮਰਥਨ ਕਰਨਗੇ। ਆਗੂਆਂ ਨੇ ਪੰਜਾਬ ਦੀਆਂ ਸਮੁੱਚੀਆਂ ਮਜਦੂਰ ਜਥੇਬੰਦੀਆਂ ਨੂੰ ਅਪੀਲ ਕੀਤੀ ਹੈ ਕਿ ਇਸ ਹੜਤਾਲ ਦੀ ਤਿਆਰੀ ਵਿੱਚ ਕੋਈ ਕਸਰ ਬਾਕੀ ਨਾ ਛੱਡੀ ਜਾਵੇ। 03 ਮਈ 2025 ਨੂੰ ਸਭ ਜਥੇਬੰਦੀਆਂ 20 ਮਈ ਦੀ ਹੜਤਾਲ ਸਬੰਧੀ ਪ੍ਰਬੰਧਕਾਂ ਨੂੰ ਨੋਟਿਸ ਦੇਣ ਅਤੇ ਪਹਿਲੀ ਮਈ ਦੇ ਮਜਦੂਰ ਦਿਹਾੜੇ ਦੇ ਪ੍ਰੋਗਰਾਮਾਂ ਸਮੇਂ ਹੜਤਾਲ ਦੀ ਸਫਲਤਾ ਤੇ ਵਿਸ਼ੇਸ਼ ਧਿਆਨ ਕੇਂਦਰਤ ਕੀਤਾ ਜਾਵੇ।

# ਜ਼ਿਲ੍ਹਾ ਮੈਜਿਸਟਰੇਟ ਨੇ ਸ਼ਹਿਰਾਂ/ਕਸਬਿਆ ਅਤੇ ਪਿੰਡਾਂ ਦੀਆਂ ਸੜਕਾਂ ਦੇ ਕਿਨਾਰੇ ਗਾਵਾਂ/ਮੱਝਾਂ/ਭੇਡਾਂ/ਬੱਕਰੀਆਂ ਚਰਾਉਣ ’ਤੇ ਪੂਰਨ ਪਾਬੰਦੀ ਲਗਾਈ

**ਫਤਹਿਗੜ੍ਹ ਸਾਹਿਬ, 27 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਮੈਜਿਸਟਰੇਟ ਡਾ: ਸੋਨਾ ਥਿੰਦ ਨੇ ਭਾਰਤੀ ਨਾਗਰਿਕ ਸੁਰੱਖਿਆ ਸਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਗੁੱਜਰ/ ਚਰਵਾਹੇ / ਆਮ ਵਿਅਕਤੀਆਂ ਵੱਲੋਂ ਭਾਰੀ ਮਾਤਰਾਂ ਵਿੱਚ ਗਾਵਾਂ/ ਮੱਝਾਂ/ਭੇਡਾਂ/ਬੱਕਰੀਆਂ ਆਦਿ ਨੂੰ ਜਿਲ੍ਹਾ ਫਤਹਿਗੜ੍ਹ ਸਾਹਿਬ ਦੇ ਸ਼ਹਿਰਾਂ/ਕਸਬਿਆ ਅਤੇ ਪਿੰਡਾਂ ਦੀਆਂ ਸੜਕਾਂ ਦੇ ਕਿਨਾਰੇ ਚਰਾਉਣ ਤੇ ਪੂਰਨ ਪਾਬੰਦੀ ਲਗਾਉਣ ਦਾ ਹੁਕਮ ਜਾਰੀ ਕੀਤੇ ਹਨ। ਉਨ੍ਹਾਂ ਕਿਹਾ ਕਿ ਗੁੱਜਰ/ਚਰਵਾਹੇ ਭਾਰੀ ਮਾਤਰਾ ਵਿੱਚ ਗਾਵਾਂ/ਮੱਝਾਂ/ਭੇਡਾਂ/ ਬੱਕਰੀਆਂ ਆਦਿ ਲੈ ਕੇ ਸ਼ਹਿਰਾਂ/ ਕਸਬਿਆਂ ਅਤੇ ਪਿੰਡਾਂ ਵਿੱਚ ਘੁੰਮਦੇ/ ਫਿਰਦੇ ਹਨ ਜੋ ਕਿ ਲੋਕਾਂ ਦੀਆਂ ਫਸਲਾਂ ਅਤੇ ਸੜਕ ਕਿਨਾਰੇ ਲਗਾਏ ਗਏ ਬੂਟਿਆਂ ਨੂੰ ਨੁਕਸਾਨ ਪਹੁੰਚਾਉਂਦੇ ਹਨ। ਇਹ ਬੂਟੇ ਸਰਕਾਰ ਅਤੇ ਸਮਾਜ ਸੇਵੀ ਸੰਸਥਾਵਾਂ ਵੱਲੋਂ ਵੱਖ ਵੱਖ ਯੋਜਨਾਵਾਂ ਤਹਿਤ ਲਗਾਏ ਜਾਂਦੇ ਹਨ, ਜੋ ਸ਼ਹਿਰਾਂ ਅਤੇ ਪਿੰਡਾਂ ਦੀ ਆਲੇ ਦੁਆਲੇ ਦੀ ਦਿੱਖ ਨੂੰ ਸਾਫ ਸੁਥਰਾ ਅਤੇ ਸੁੰਦਰ ਬਣਾਉਂਦੇ ਹਨ ਅਤੇ ਵਾਤਾਵਰਣ ਨੂੰ ਵੀ ਹਰਾ ਭਰਾ ਬਣਾਈ ਰੱਖਦੇ ਹਨ।



ਜ਼ਿਲ੍ਹਾ ਮੈਜਿਸਟਰੇਟ ਵੱਲੋਂ ਜਾਰੀ ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਇਹਨਾਂ ਪਸ਼ੂਆਂ ਨੂੰ ਸੜਕਾਂ ਤੇ ਚਰਾਉਣ ਸਮੇਂ ਜਿੱਥੇ ਸ਼ਹਿਰਾਂ/ਪਿੰਡਾਂ ਦੀ ਸੁੰਦਰਤਾ ਖਰਾਬ ਹੁੰਦੀ ਹੈ ਉਥੇ ਆਮ ਜਨਤਾ ਨੂੰ ਵੀ ਕਾਫੀ ਮੁਸ਼ਕਿਲਾਂ ਪੇਸ਼ ਆਉਂਦੀਆਂ ਹਨ ਕਿਉਂ ਜੋ ਇਹਨਾਂ ਪਸ਼ੂਆਂ ਦੇ ਸੜਕਾਂ ਉਤੇ ਘੁੰਮਣ ਨਾਲ ਕਈ ਤਰ੍ਹਾਂ ਦੀਆਂ ਦੁਰਘਟਨਾਵਾਂ ਵਾਪਰਦੀਆਂ ਹਨ, ਜਿਸ ਨਾਲ ਕਈ ਜਾਨੀ ਅਤੇ ਮਾਲੀ ਨੁਕਸਾਨ ਵੀ ਹੁੰਦਾ ਹੈ। ਇਸ ਲਈ ਜਿਲ੍ਹਾ ਫਤਹਿਗੜ੍ਹ ਸਾਹਿਬ ਦੀ ਹਦੂਦ ਦੇ ਅੰਦਰ ਸ਼ਹਿਰਾਂ/ਕਸਬਿਆ ਅਤੇ ਪਿੰਡਾਂ ਦੀਆਂ ਸੜਕਾਂ ਦੇ ਕਿਨਾਰੇ ਗਾਵਾਂ/ਮੱਝਾਂ/ ਭੇਡਾਂ/ਬੱਕਰੀਆਂ ਚਰਾਉਣ ਤੇ ਪੂਰਨ ਪਾਬੰਦੀ ਹੋਵੇਗੀ। ਇਹ ਹੁਕਮ 19 ਜੂਨ, 2025 ਤੱਕ ਲਾਗੂ ਰਹਿਣਗੇ।

# ਪੰਜਾਬ ਵਿੱਚ 230 ਬੂਥ ਪੱਧਰੀ ਏਜੰਟ ਨਿਯੁਕਤ: ਸੀਈਓ ਪੰਜਾਬ

**ਚੰਡੀਗੜ੍ਹ, 27 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਚੋਣ ਅਫ਼ਸਰ ਦੇ ਦਫ਼ਤਰ ਨੇ ਦੱਸਿਆ ਹੈ ਕਿ ਸੂਬੇ ਭਰ ਵਿੱਚ ਹੁਣ ਤੱਕ ਕੁੱਲ 230 ਬੂਥ ਲੈਵਲ ਏਜੰਟ-1 (ਬੀ.ਐਲ.ਏ.-1) ਨਿਯੁਕਤ ਕੀਤੇ ਗਏ ਹਨ, ਜੋ ਕਿ ਆਉਣ ਵਾਲੀਆਂ ਚੋਣਾਂ ਲਈ ਪਾਰਦਰਸ਼ਤਾ ਅਤੇ ਤਿਆਰੀ ਨੂੰ ਯਕੀਨੀ ਬਣਾਉਣ ਲਈ ਇੱਕ ਮਹੱਤਵਪੂਰਨ ਕਦਮ ਹੈ।

ਬੂਥ ਲੈਵਲ ਏਜੰਟ ਚੋਣ ਪ੍ਰਕਿਰਿਆ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਉਹ ਰਾਜਨੀਤਿਕ ਪਾਰਟੀਆਂ ਅਤੇ ਬੂਥ-ਪੱਧਰ ਦੀ ਚੋਣ ਮਸ਼ੀਨਰੀ ਵਿਚਕਾਰ ਸਿੱਧੇ ਸਬੰਧ ਵਜੋਂ ਕੰਮ ਕਰਦੇ ਹਨ, ਵੋਟਰ ਸੂਚੀਆਂ ਦੀ ਤਸਦੀਕ ਵਿੱਚ ਸਹਾਇਤਾ ਕਰਦੇ ਹਨ, ਲੋੜ ਪੈਣ ’ਤੇ ਇਤਰਾਜ਼ ਉਠਾਉਂਦੇ ਹਨ ਅਤੇ ਇਹ ਯਕੀਨੀ ਬਣਾਉਂਦੇ ਹਨ ਕਿ ਪੋਲਿੰਗ ਪ੍ਰਕਿਰਿਆ ਨਿਰਪੱਖ ਅਤੇ ਕੁਸ਼ਲਤਾ ਨਾਲ ਚਲਾਈ ਜਾ ਰਹੀ ਹੈ। ਰਾਜਨੀਤਿਕ ਪਾਰਟੀਆਂ ਨੂੰ ਅਪੀਲ ਕਰਦੇ ਹੋਏ, ਪੰਜਾਬ ਦੇ ਮੁੱਖ ਚੋਣ ਅਧਿਕਾਰੀ, ਸਿਬਿਨ ਸੀ, ਨੇ ਕਿਹਾ, ÷ਅਸੀਂ ਸਾਰੀਆਂ ਰਾਜਨੀਤਿਕ ਪਾਰਟੀਆਂ ਨੂੰ ਬੂਥ ਲੈਵਲ ਏਜੰਟਾਂ ਦੀ ਨਿਯੁਕਤੀ ਵਿੱਚ ਤੇਜ਼ੀ ਲਿਆਉਣ ਦੀ ਅਪੀਲ ਕਰਦੇ ਹਾਂ। ਵੋਟਰ ਸੂਚੀਆਂ ਦੀ ਅਖੰਡਤਾ ਅਤੇ ਚੋਣ ਪ੍ਰਕਿਰਿਆ ਦੀ ਸਮੁੱਚੀ ਨਿਰਪੱਖਤਾ ਨੂੰ ਯਕੀਨੀ ਬਣਾਉਣ ਲਈ ਉਹਨਾਂ ਦੀ ਸਰਗਰਮ ਭਾਗੀਦਾਰੀ ਜ਼ਰੂਰੀ ਹੈ। ਇੱਕ ਚੰਗੀ ਤਰ੍ਹਾਂ ਜਾਣੂ ਬੀ.ਐਲ.ਏ. ਲੋਕਤੰਤਰ ਨੂੰ ਮਜ਼ਬੂਤ ਕਰਦਾ ਹੈ।÷

ਜ਼ਿਕਰਯੋਗ ਹੈ ਕਿ ਬੂਥ ਪੱਧਰੀ ਏਜੰਟ ਦੀ ਨਿਯੁਕਤੀ ਜ਼ਿਲ੍ਹਾ ਪੱਧਰ ’ਤੇ ਕੀਤੀ ਜਾਂਦੀ ਹੈ ਅਤੇ ਇਹ ਹਰ ਮਾਨਤਾ ਪ੍ਰਾਪਤ ਰਾਜਨੀਤਿਕ ਪਾਰਟੀ ਲਈ ਇਸਦੇ ਪ੍ਰਧਾਨ ਜਾਂ ਸਕੱਤਰ ਜਾਂ ਕਿਸੇ ਹੋਰ ਅਹੁਦੇਦਾਰ ਦੁਆਰਾ ਬੂਥ ਲੈਵਲ ਏਜੰਟ ਨਿਯੁਕਤ ਕਰਨ ਲਈ ਇੱਕ ਜ਼ਿਲ੍ਹਾ ਪ੍ਰਤੀਨਿਧੀ ਨੂੰ ਅਧਿਕਾਰਤ ਕਰਨਾ ਲਾਜ਼ਮੀ ਹੈ। ਹਰੇਕ ਬੀਐਲਏ-1 ਬੂਥ ਪੱਧਰ ’ਤੇ ਬੀਐਲਏ-2 ਦੀ ਨਿਯੁਕਤੀ ਲਈ ਲਈ ਜ਼ਿੰਮੇਵਾਰ ਹੈ ਤਾਂ ਜੋ, ਜ਼ਮੀਨੀ ਪੱਧਰ ਦੀ ਨਿਗਰਾਨੀ ਅਤੇ ਤਾਲਮੇਲ ਨੂੰ ਹੋਰ ਮਜ਼ਬੂਤ ਕੀਤਾ ਜਾ ਸਕੇ। ਸੀ.ਈ.ਓ. ਪੰਜਾਬ ਦਾ ਦਫ਼ਤਰ ਬੀ.ਐੱਲ.ਏ. ਦੀ ਸਮੇਂ ਸਿਰ ਨਿਯੁਕਤੀ ਨੂੰ ਯਕੀਨੀ ਬਣਾਉਣ ਲਈ ਸਾਰੀਆਂ ਮਾਨਤਾ ਪ੍ਰਾਪਤ ਰਾਜਨੀਤਿਕ ਪਾਰਟੀਆਂ ਨਾਲ ਨਜ਼ਦੀਕੀ ਤਾਲਮੇਲ ਵਿੱਚ ਕੰਮ ਕਰ ਰਿਹਾ ਹੈ। ਪਾਰਟੀਆਂ ਨੂੰ ਬੂਥ ਲੈਵਲ ਅਫਸਰਾਂ ਨਾਲ ਸਹਿਯੋਗ ਦੀ ਸਹੂਲਤ, ਵੋਟਰ ਜਾਗਰੂਕਤਾ ਦਾ ਸਮਰਥਨ ਕਰਨ ਅਤੇ ਰਾਜ ਭਰ ਵਿੱਚ ਵੋਟਾਂ ਦੇ ਸ਼ੁੱਧੀਕਰਨ ਅਤੇ ਤਸਦੀਕ ਦੇ ਯਤਨਾਂ ਨੂੰ ਮਜ਼ਬੂਤ ਕਰਨ ਲਈ ਬਾਕੀ ਰਹਿੰਦੀਆਂ ਨਿਯੁਕਤੀਆਂ ਨੂੰ ਜਲਦੀ ਤੋਂ ਜਲਦੀ ਪੂਰਾ ਕਰਨ ਲਈ ਉਤਸ਼ਾਹਿਤ ਕੀਤਾ ਜਾ ਰਿਹਾ ਹੈ।

# ਪਹਿਲਗਾਮ ’ਚ ਹੋਏ ਅੱਤਵਾਦੀ ਹਮਲੇ ਖਿਲਾਫ਼ ਇਕਜੁੱਟ ਹੋਏ ਜਲੰਧਰ ਜ਼ਿਲ੍ਹੇ ਦੇ ਵਾਸੀ

## ਹਲਕਾ ਵਿਧਾਇਕਾਂ ਦੀ ਅਗਵਾਈ ’ਚ ਵਿਛੜੀਆਂ ਰੂਹਾਂ ਦੀ ਆਤਮਿਕ ਸ਼ਾਂਤੀ ਲਈ ਕੱਢਿਆ ਕੈਂਡਲ ਮਾਰਚ

**ਜਲੰਧਰ, 27 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਜਲੰਧਰ ਵਿਖੇ ਸ਼ਾਮ ਨੂੰ ਆਮ ਆਦਮੀ ਪਾਰਟੀ ਦੇ ਵਿਧਾਇਕਾਂ ਦੀ ਅਗਵਾਈ ਵਿੱਚ ਅੱਤਵਾਦੀ ਹਮਲੇ ਦੇ ਵਿਰੁੱਧ ਕੱਢੇ ਗਏ ਕੈਂਡਲ ਮਾਰਚ ਵਿੱਚ ਲੋਕਾਂ ਦਾ ਭਾਰੀ ਰੋਹ ਅਤੇ ਇਕੱਠ ਦੇਖਿਆ ਗਿਆ। ਇਹ ਕੈਂਡਲ ਮਾਰਚ ਪਹਿਲਗਾਮ ਵਿਖੇ ਹੋਏ ਅਤਿ ਘਿਨੌਣੇ ਅੱਤਵਾਦੀ ਹਮਲੇ, ਜਿਸ ਵਿੱਚ 26 ਨਿਰਦੋਸ਼ ਤੇ ਮਾਸੂਮ ਲੋਕ ਮਾਰੇ ਗਏ ਸਨ, ਨੂੰ ਸ਼ਰਧਾਂਜ਼ਲੀ ਭੇਟ ਕਰਨ ਲਈ ਕੱਢਿਆ ਗਿਆ। ਇਹ ਮਾਰਚ ਭਗਵਾਨ ਵਾਲਮਿਕੀ ਜੀ ਚੌਂਕ ਅਤੇ ਨਕੋਦਰ ਸ਼ਹਿਰ ਵਿਖੇ ਵਿਧਾਇਕ ਰਮਨ ਅਰੋੜਾ ਅਤੇ ਵਿਧਾਇਕ ਇੰਦਰਜੀਤ ਕੌਰ ਮਾਨ ਦੀ ਅਗਵਾਈ ਵਿੱਚ ਕੱਢਿਆ ਗਿਆ। ਇਕ ਹੋਰ ਮਾਰਚ ਦੋਆਬਾ ਚੌਂਕ ਵਿਖੇ ਚੇਅਰਮੈਨ ਪੰਜਾਬ ਸਫ਼ਾਈ ਕਰਮਚਾਰੀ ਕਮਿਸ਼ਨ ਚੰਦਨ ਗਰੇਵਾਲ, ਚੇਅਰਮੈਨ ਪੰਜਾਬ ਐਗਰੀ ਐਕਸਪੋਰਟ ਕਾਰਪੋਰੇਸ਼ਨ ਲਿਮਟਿਡ ਮੰਗਲ ਸਿੰਘ ਬਾਸੀ, ਆਪ ਦੇ ਜ਼ਿਲ੍ਹਾ ਪ੍ਰਧਾਨ ਅਤੇ ਚੇਅਰਮੈਨ ਜ਼ਿਲ੍ਹਾ ਯੋਜਨਾ ਕਮੇਟੀ ਅੰਮ੍ਰਿਤਪਾਲ ਸਿੰਘ ਦੀ ਅਗਵਾਈ ਵਿੱਚ ਕੱਢਿਆ ਗਿਆ।

ਕੈਂਡਲ ਮਾਰਚ ਦੌਰਾਨ ਸਾਰੇ ਵਰਗਾਂ ਦੇ ਲੋਕਾਂ ਵਲੋਂ ਸ਼ਿਰਕਤ ਕੀਤੀ ਗਈ, ਜਿਸ ਦੌਰਾਨ ਸਭ ਵਲੋਂ ਇਕਜੁਟੱਤਾ ਦਾ ਪ੍ਰਗਟਾਵਾ ਕਰਦਿਆਂ ਅੱਤਵਾਦ ਦੀ ਇਕਸੁਰ ਹੋ ਕੇ ਜ਼ੋਰਦਾਰ ਢੰਗ ਨਾਲ ਨਿੰਦਾ ਕੀਤੀ ਗਈ। ਮਾਰਚ ਦੌਰਾਨ ਹੱਥਾਂ ਵਿੱਚ ਮੋਮਬੱਤੀਆਂ, ਬੈਨਰ ਅਤੇ ਤਖ਼ਤੀਆਂ ਫੜ੍ਹ ਕੇ ਅੱਤਵਾਦ ਖਿਲਾਫ਼ ਰੋਸ ਦਾ ਪ੍ਰਗਟਾਵਾ ਕਰਦਿਆਂ ਸਭਨਾ ਵਲੋਂ ਹਮਲੇ ਵਿੱਚ ਮਾਰੇ ਗਏ ਲੋਕਾਂ ਨੂੰ ਸਰਧਾਂਜ਼ਲੀਆਂ ਭੇਟ ਕਰਦਿਆਂ ਇਕ ਮਜ਼ਬੂਤ ਸੰਦੇਸ਼ ਦਿੱਤਾ ਕਿ ਸਭਿਅਕ ਸਮਾਜ ਵਿੱਚ ਅਜਿਹੀਆਂ ਘਿਣੌਨੀਆਂ ਗਤੀਵਿਧੀਆਂ ਨੂੰ ਬਿਲਕੁੱਲ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਸ ਮੌਕੇ ਲੋਕਾਂ ਨੂੰ ਸੰਬੋਧਨ ਕਰਦਿਆਂ ਹਲਕਾ ਵਿਧਾਇਕ ਰਮਨ ਅਰੋੜਾ ਅਤੇ ਹਲਕਾ ਵਿਧਾਇਕ ਇੰਦਰਜੀਤ ਕੌਰ ਮਾਨ ਵਲੋਂ ਇਸ ਮੰਦਭਾਗੀ ਘਟਨਾਂ ’ਤੇ ਡੂੰਘੇ ਦੁੱਖ ਤੇ ਹਮਦਰਦੀ ਦਾ ਪ੍ਰਗਟਾਵਾ ਕਰਦਿਆਂ ਇਸ ਨੂੰ ਹੁਣ ਤੱਕ ਦੇ ਸਮੇਂ ਦਾ ਅੱਤਵਾਦ ਵਲੋਂ ਸਭ ਤੋਂ ਗੈਰ ਮਨੁੱਖਤਾ ਵਾਲਾ ਕਾਰਨਾਮਾ ਕਰਾਰ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਇਹ ਹਮਲਾ ਨਾ ਕੇਵਲ ਨਿਰਦੋਸ਼ ਵਿਅਕਤੀਆਂ ਵਿਰੁੱਧ ਇਕ ਅਪਰਾਧ ਹੈ, ਸਗੋਂ ਮਨੁੱਖਤੀ ਕਦਰਾਂ-ਕੀਮਤਾਂ ਦਾ ਵੀ ਘਾਣ ਹੈ। ਉਨ੍ਹਾਂ ਕਿਹਾ ਕਿ ਇਸ ਵੈਸ਼ੀਆਨਾ ਅਪਰਾਧ ਨੇ ਸਾਰੀ ਮਨੁੱਖਤਾ ਨੂੰ ਝੰਜੋੜ ਕੇ ਰੱਖ ਦਿੱਤਾ ਹੈ ਅਤੇ ਸਭ ਨੂੰ ਇਸ ਦੀ ਜ਼ੋਰਦਾਰ ਢੰਗ ਨਾਲ ਨਿੰਦਾ ਕਰਨੀ ਚਾਹੀਦੀ ਹੈ।




ਵਿਧਾਇਕਾਂ ਨੇ ਜ਼ੋਰ ਦੇ ਕੇ ਕਿਹਾ ਕਿ ਜਿਨ੍ਹਾਂ ਵਲੋਂ ਇਹ ਘਿਣੌਣਾ ਅਪਰਾਧ ਕੀਤਾ ਗਿਆ ਹੈ, ਉਹਨਾਂ ਲਈ ਕਿਸੇ ਵੀ ਸਮਾਜ ਵਿੱਚ ਕੋਈ ਵੀ ਜਗ੍ਹਾ ਨਹੀਂ ਹੈ। ਉਨ੍ਹਾਂ ਕਿਹਾ ਕਿ ਹਿੰਸਾਂ ਦੀਆਂ ਅਜਿਹੀਆਂ ਗਤੀਵਿਧੀਆਂ ਨੂੰ ਜੜ੍ਹ ਤੋਂ ਉਖਾੜ ਦੇਣਾ ਚਾਹੀਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਹਰ ਨਾਗਰਿਕ ਜੋ ਭਾਵੇਂ ਕਿਸੇ ਵੀ ਧਰਮ, ਖੇਤਰ ਜਾਂ ਵਿਚਾਰਧਾਰਾ ਦਾ ਹੋਵੇ, ਸਭ ਨੂੰ ਅਜਿਹੇ ਅਪਰਾਧਾਂ ਦੇ ਖਿਲਾਫ਼ ਇਕਜੁੱਟ ਹੋਕੇ ਖੜ੍ਹਨਾ ਚਾਹੀਦਾ ਹੈ।

ਉਨ੍ਹਾਂ ਵਲੋਂ ਦੁੱਖੀ ਪਰਿਵਾਰਾਂ ਨਾਲ ਪੂਰੀ ਹਮਦਰਦੀ ਅਤੇ ਇਕਜੁੱਟਤਾ ਦਾ ਪ੍ਰਗਟਾਵਾ ਕਰਦਿਆਂ ਭਰੋਸਾ ਦੁਆਇਆ ਕਿ ਪੰਜਾਬ ਦੇ ਸਾਰੇ ਲੋਕ ਇਸ ਨਾ ਪੂਰਾ ਹੋਣ ਵਾਲੇ ਨੁਕਸਾਨ ਵਿੱਚ ਉਹਨ੍ਹਾਂ ਦੇ ਨਾਲ ਖੜ੍ਹੇ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ, ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਇਸ ਦੁੱਖ ਭਰੇ ਸਮੇਂ ਵਿੱਚ ਪੂਰੀ ਤਰ੍ਹਾਂ ਉਹਨਾਂ ਦੇ ਨਾਲ ਖੜ੍ਹੀ ਹੈ।

ਵਿਧਾਇਕਾਂ ਨੇ ਕਿਹਾ ਕਿ ਮਨੁੱਖਤਾ ਦਾ ਘਾਣ ਕਰਨ ਵਾਲੇ ਅਪਰਾਧੀਆਂ ਨੂੰ ਜਲਦ ਤੋਂ ਜਲਦ ਨਿਆਂ ਦੇ ਕਟਿਹਰੇ ਵਿੱਚ ਲਿਆਉਣਾ ਚਾਹੀਦਾ ਹੈ। ਉਨ੍ਹਾਂ ਵਲੋਂ ਇਸ ਅਣ-ਮਨੁੱਖੀ ਕਾਰੇ ਲਈ ਜਿੰਮੇਵਾਰ ਦੋਸ਼ੀਆਂ ਲਈ ਸਖ਼ਤ ਤੋਂ ਸ਼ਖਤ ਸਜ਼ਾ ਦੀ ਮੰਗ ਕੀਤੀ ਗਈ।

ਸ਼ਾਂਤੀ, ਭਾਈਚਾਰਕ ਸਾਂਝ ਅਤੇ ਲੋਕਾਂ ਦੀਆਂ ਜ਼ਿੰਦਗੀਆਂ ਦੀ ਸੁਰੱਖਿਆ ਪ੍ਰਤੀ ਪੰਜਾਬ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਉਂਦਿਆ ਉਨ੍ਹਾਂ ਕਿਹਾ ਕਿ ਅੱਤਵਾਦ ਦੇ ਕਿਸੇ ਵੀ ਰੂਪ ਦੇ ਖਿਲਾਫ਼ ਸਭ ਨੂੰ ਇਕਜੁੱਟ ਹੁੰਦਿਆਂ ਸਖ਼ਤ ਰੁੱਖ ਅਪਣਾਉਣਾ ਚਾਹੀਦਾ ਹੈ। ਇਹ ਕੈਂਡਲ ਮਾਰਚ ਵਿਛੜੀਆਂ ਰੂਹਾਂ ਦੀ ਸ਼ਾਂਤੀ ਲਈ ਅਰਦਾਸ ਕਰਨ ਅਤੇ ਦੇਸ਼ ਵਿੱਚ ਸ਼ਾਂਤੀ ਤੇ ਨਿਆਂ ਨੂੰ ਕਾਇਮ ਰੱਖਣ ਦੀ ਦ੍ਰਿੜਤਾ ਦੇ ਸੰਕਲਪ ਨਾਲ ਸਮਾਪਤ ਹੋਇਆ।

# ਜਿਲ੍ਹਾ ਸਿਹਤ ਵਿਭਾਗ ਪਟਿਆਲਾ ਨੇ ਕੀਤੀ ਵਿਸ਼ੇਸ਼ ਟੀਕਾਕਰਨ ਹ.ਫਤੇ ਦੀ ਸ਼ੁਰੂਆਤ : ਸਿਵਲ ਸਰਜਨ



ਸਿਹਤ ਕਰਮਚਾਰੀਆਂ ਵੱਲੋਂ ਯੋਗ ਬੱਚਿਆਂ ਤੇ ਗਰਭਵਤੀ ਔਰਤਾਂ ਦਾ ਟੀਕਾਕਰਨ ਕਰਦੇ ਹੋਏ।

**ਪਟਿਆਲਾ, 27 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਜਿਲ੍ਹਾ ਸਿਹਤ ਵਿਭਾਗ ਪਟਿਆਲਾ ਵੱਲੋਂ ਸਿਵਲ ਸਰਜਨ ਡਾ.ਜਗਪਾਲਇੰਦਰ ਸਿੰਘ ਦੀ ਅਗਵਾਈ ਵਿੱਚ ਵਿਸ਼ੇਸ਼ ਟੀਕਾਕਰਨ ਹਫਤੇ ਦੀ ਸ਼ੁਰੂਆਤ ਕੀਤੀ ਗਈ। ਇਹ ਹਫਤਾ 30 ਅਪ੍ਰੈਲ ਤੱਕ ਜਾਰੀ ਰਹੇਗਾ। ਇਸ ਮੁਹਿੰਮ ਤਹਿਤ ਜਿਲ੍ਹੇ ਦੇ ਡਰਾਪਆਊਟ ਤੇ ਲੈਫਟ ਆਊਟ ਬੱਚਿਆਂ ਤੇ ਗਰਭਵਤੀ ਮਾਵਾਂ ਦਾ ਟੀਕਾਕਰਨ ਕੀਤਾ ਜਾਵੇਗਾ। ਸਿਵਲ ਸਰਜਨ ਡਾ.ਜਗਪਾਲਇੰਦਰ ਸਿੰਘ ਵੱਲੋਂ ਇਸ ਵਿਸ਼ੇਸ਼ ਹਫਤੇ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਗਿਆ ਕਿ ਇਸ ਹਫਤੇ ਸਿਹਤ ਕਰਮਚਾਰੀਆਂ ਵੱਲੋਂ ਯੋਗ ਬੱਚਿਆਂ ਤੇ ਗਰਭਵਤੀ ਔਰਤਾਂ ਦਾ ਟੀਕਾਕਰਨ ਕੀਤਾ ਜਾਵੇਗਾ। ਇਸ ਮੁਹਿੰਮ ਦੌਰਾਨ ਟੀਕਾਕਰਨ ਤੋਂ ਵਾਂਝੇ ਰਹਿ ਗਏ ਬੱਚਿਆਂ ਅਤੇ ਗਰਭਵਤੀ ਔਰਤਾਂ ਦੀ ਭਾਲ ਕੀਤੀ ਗਈ ਹੈ, ਤਾਂ ਜੋ ਲਾਭਪਾਤਰੀਆਂ ਦਾ ਟੀਕਾਕਰਨ ਯਕੀਨੀ ਬਣਾਇਆ ਜਾ ਸਕੇ। ਇਹ ਹਫਤੇ ਦੌਰਾਨ ਸਿਹਤ ਕਰਮਚਾਰੀਆਂ ਵੱਲੋਂ ਹਾਈ ਰਿਸਕ ਆਬਾਦੀ ਵਾਲੇ ਖੇਤਰਾਂ ਜਿਵੇਂ ਕਿ ਸਲੱਮ ਏਰੀਆ ਮਾਈਗਰੇਟਰੀ ਏਰੀਆ, ਅਰਬਨ ਏਰੀਆ ਅਤੇ ਜਿਲ੍ਹੇ ਦੇ ਸਮੂਹ ਪਿੰਡ ਅਤੇ ਸ਼ਹਿਰੀ ਖੇਤਰ ਤੱਕ ਪਹੁੰਚ ਕਰਕੇ ਬੱਚਿਆਂ ਤੇ ਔਰਤਾਂ ਦਾ ਟੀਕਾਕਰਨ ਕੀਤਾ ਜਾਵੇਗਾ।

ਇਸ ਟੀਕਾਕਰਨ ਮੁਹਿੰਮ ਤਹਿਤ ਵੱਖ-ਵੱਖ ਮਾਰੂ ਬਿਮਾਰੀਆਂ ਜਿਵੇਂ ਪੋਲੀਓ,ਕਾਲੀ ਖਾਂਸੀ,ਤਪਦਿਕ ਅਤੇ 11 ਹੋਰ ਬਿਮਾਰੀਆਂ ਤੋਂ ਬਚਾਅ ਲਈ ਬੱਚਿਆਂ ਤੇ ਗਰਭਵਤੀ ਔਰਤਾਂ ਦਾ ਟੀਕਾਕਰਨ ਕੀਤਾ ਜਾਵੇਗਾ, ਤਾਂ ਜੋ ਜ਼ਿਲ੍ਹੇ ਵਿੱਚ 100 ਫੀਸਦੀ ਟੀਕਾ ਕਰਨ ਦੇ ਟੀਚੇ ਨੂੰ ਪ੍ਰਾਪਤ ਕੀਤਾ ਜਾ ਸਕੇ। ਇਸ ਮੌਕੇ ਸਿਵਲ ਸਰਜਨ ਨੇ ਦੱਸਿਆ ਕਿ ਵੱਖ-ਵੱਖ ਬਲਾਕਾਂ ਵਿੱਚ ਵਿਸ਼ੇਸ਼ ਟੀਕਾਕਰਨ ਹਫਤੇ ਦਾ ਨਿਰੀਖਣ ਵੀ ਕੀਤਾ ਜਾਵੇਗਾ।

ਉਹਨਾਂ ਅਪੀਲ ਕੀਤੀ ਕਿ ਜੇਕਰ ਕੋਈ ਬੱਚਾ ਜਾਂ ਗਰਭਵਤੀ ਔਰਤ ਟੀਕਾ ਕਰਨ ਤੋਂ ਵਾਂਝਾ ਰਹਿ ਗਿਆ ਹੋਵੇ ਤਾਂ ਵਿਸ਼ੇਸ਼ ਟੀਕਾਕਰਨ ਸਪਤਾਹ ਦੌਰਾਨ ਨੇੜੇ ਦੀ ਸਿਹਤ ਸੰਸਥਾ ਤੋਂ ਟੀਕਾਕਰਨ ਕਰਵਾਇਆ ਜਾ ਸਕਦਾ ਹੈ।

## ਮੰਡੀਆਂ ’ਚ ਲਿਫਟਿੰਗ ਨੂੰ ਲੈ ਕੇ ਪੰਜਾਬ ਸਰਕਾਰ ਸਖ਼ਤ

ਚੰਡੀਗੜ੍ਹ/ਜਲੰਧਰ 27 ਅਪ੍ਰੈਲ। ਪੰਜਾਬ ਸਰਕਾਰ ਦਾ ਉਚੇਚਾ ਧਿਆਨ ਮੰਡੀਆਂ ’ਚ ਲਿਫਟਿੰਗ ’ਤੇ ਕੇਂਦਰਿਤ ਹੈ। ਖ਼ੁਰਾਕ, ਸਿਵਲ ਸਪਲਾਈ ਅਤੇ ਖ਼ਪਤਕਾਰ ਮਾਮਲੇ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਵੀਰਵਾਰ ਨੂੰ ਇਥੇ ਕਣਕ ਦੇ ਖ਼ਰੀਦ ਕਾਰਜਾਂ ਦਾ ਜਾਇਜ਼ਾ ਲੈਣ ਮੌਕੇ ਇਹ ਵਿਚਾਰ ਪ੍ਰਗਟ ਕੀਤੇ ਅਤੇ ਅਫ਼ਸਰਾਂ ਨੂੰ ਇਸ ’ਚ ਤੇਜ਼ੀ ਲਿਆਉਣ ਲਈ ਕਿਹਾ। ਵਿਭਾਗ ਦੇ ਉੱਚ ਅਧਿਕਾਰੀਆਂ ਨਾਲ ਅਨਾਜ ਭਵਨ ਵਿਖੇ ਹੋਈ ਉੱਚ ਪੱਧਰੀ ਮੀਟਿੰਗ ’ਚ ਮੰਤਰੀ ਨੇ ਅਧਿਕਾਰੀਆਂ ਨੂੰ ਅਗਲੇ 15 ਦਿਨਾਂ ਦੌਰਾਨ ਮੰਡੀਆਂ ਵਿਚ ਲਿਫਟਿੰਗ ਪ੍ਰਕਿਰਿਆ ਹੋਰ ਤੇਜ਼ ਕਰਨ ’ਤੇ ਧਿਆਨ ਕੇਂਦਰਿਤ ਕਰਨ ਲਈ ਕਿਹਾ ਤਾਂ ਜੋ ਫ਼ਸਲ ਦੀ ਵਾਧੂ



ਭਰਮਾਰ ਵਰਗੀ ਸਥਿਤੀ ਤੋਂ ਬਚਿਆ ਜਾ ਸਕੇ। ਮੀਟਿੰਗ ਦੌਰਾਨ ਮੰਤਰੀ ਨੂੰ ਦੱਸਿਆ ਗਿਆ ਕਿ ਵਿਭਾਗ ਦੇ ਪ੍ਰਮੁੱਖ ਸਕੱਤਰ ਹਰ ਹਫ਼ਤੇ ਡਿਪਟੀ ਕਮਿਸ਼ਨਰਾਂ ਨਾਲ ਮੀਟਿੰਗਾਂ ਕਰਦੇ ਹਨ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਲਿਫਟਿੰਗ ਪ੍ਰਕਿਰਿਆ ’ਚ ਕਿਸੇ ਕਿਸਮ ਦੀ ਕੋਈ ਢਿੱਲ ਨਾ ਰਹੇ। ਵਿਭਾਗ ਦਾ ਟੀਚਾ ਇਹ ਯਕੀਨੀ ਬਣਾਉਣਾ ਹੈ ਕਿ ਮੰਡੀਆਂ ’ਚ ਕਣਕ ਦੀ ਰੋਜ਼ਾਨਾ ਆਮਦ ਦਾ ਅੰਕੜਾ 5 ਲੱਖ ਮੀਟ੍ਰਿਕ ਟਨ ਤੱਕ ਪਹੁੰਚੇ। ਮੰਤਰੀ ਨੂੰ ਦੱਸਿਆ ਗਿਆ ਕਿ ਹੁਣ ਤੱਕ ਮੰਡੀਆਂ ’ਚ 70 ਲੱਖ ਮੀਟ੍ਰਿਕ ਟਨ ਤੋਂ ਵੱਧ ਕਣਕ ਆ ਚੁੱਕੀ ਹੈ, ਜਿਸ ਵਿਚੋਂ 64 ਲੱਖ ਮੀਟ੍ਰਿਕ ਟਨ ਤੋਂ ਵੱਧ ਦੀ ਖ਼ਰੀਦ ਕੀਤੀ ਜਾ ਚੁੱਕੀ ਹੈ, ਜਿਸ ’ਤੇ ਉਨ੍ਹਾਂ ਨੇ ਤਸੱਲੀ ਪ੍ਰਗਟਾਈ। ਇਸ ਮੌਕੇ ਪ੍ਰਮੁੱਖ ਸਕੱਤਰ ਰਾਹੁਲ ਤਿਵਾੜੀ, ਡਾਇਰੈਕਟਰ ਵਰਿੰਦਰ ਕੁਮਾਰ ਸ਼ਰਮਾ, ਵਧੀਕ ਡਾਇਰੈਕਟਰ ਡਾ. ਅੰਜੁਮਨ ਭਾਸਕਰ ਅਤੇ ਜਨਰਲ ਮੈਨੇਜਰ (ਵਿੱਤ) ਸਰਵੇਸ਼ ਕੁਮਾਰ ਸ਼ਾਮਲ ਸਨ।

## 18 ਕਿਲੋ ਭੁੱਕੀ ਔਰਤ ਸਮੇਤ ਦੋ ਕਾਬੂ

ਰਾਜਪੁਰਾ 27 ਅਪ੍ਰੈਲ। ਥਾਣਾ ਸਿਟੀ ਰਾਜਪੁਰਾ ਵੱਲੋਂ ਇਕ ਔਰਤ ਅਤੇ ਇਕ ਆਦਮੀ ਕੋਲੋਂ18 ਕਿਲੋ ਭੁੱਕੀ ਚੂਰਾ-ਪੋਸਤ ਬਰਾਮਦ ਕਰਨ ਵਿੱਚ ਸਫ਼ਲਤਾ ਹਾਸਲ ਕੀਤੀ। ਇੰਸਪੈਕਟਰ ਕਿਰਪਾਲ ਸਿੰਘ ਮੋਹੀ ਐੱਸ. ਐੱਚ. ਓ. ਥਾਣਾ ਸਿਟੀ ਰਾਜਪੁਰਾ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਚਲਾਈ ਮੁਹਿੰਮ ਤਹਿਤ ਡਾਕਟਰ ਨਾਨਕ ਸਿੰਘ ਆਈ. ਪੀ. ਐੱਸ. ਐੱਸ. ਐੱਸ. ਪੀ. ਪਟਿਆਲਾ ਦੇ ਦਿਸ਼ਾ-ਨਿਰਦੇਸ਼ਾਂ ਮੁਤਾਬਕ ਮਨਜੀਤ ਸਿੰਘ ਡੀ. ਐਸ. ਪੀ. ਸਰਕਲ ਰਾਜਪੁਰਾ ਦੀ ਯੋਗ ਅਗਵਾਈ ਤਹਿਤ 23 ਅਪ੍ਰੈਲ ਨੂੰ ਏ. ਐੱਸ. ਆਈ. ਪਰਮਜੀਤ ਸਿੰਘ ਨੇ ਸਮੇਤ ਪੁਲਸ ਪਾਰਟੀ ਮੇਨ ਜੀ. ਟੀ. ਰੋਡ ਨੇੜੇ ਮਿਡਵਾਬਾ ਰਾਜਪੁਰਾ ਨਾਕਾਬੰਦੀ ਕੀਤੀ ਹੋਈ ਸੀ। ਨਾਕਾਬੰਦੀ ਦੌਰਾਨ ਅੰਬਾਲਾ ਸਾਈਡ ਵਲੋਂ ਆਉਂਦੀ ਇਕ ਬਸ ਨਾਕਾ ਪਰ ਲੱਗੇ ਬੈਰੀਗੇਟਾਂ ਤੋਂ ਪਿੱਛੇ ਰੁਕੀ ਤਾਂ ਬੱਸ ਵਿਚੋਂ ਜੋਰਾ ਸਿੰਘ ਪੁੱਤਰ ਦਰਸ਼ਨ ਸਿੰਘ ਵਾਸੀ ਪਿੰਡ ਢੱਲਣ ਥਾਣਾ ਜਗਰਾਉਂ ਜ਼ਿਲਾ ਲੁਧਿਆਣਾ ਅਤੇ ਇਕ ਕੁਲਵਿੰਦਰ ਕੌਰ ਪਤਨੀ ਪਿੱਪਲ ਸਿੰਘ ਵਾਸੀ ਪਿੰਡ ਅਕਬਰਵਾਲਾ ਥਾਣਾ ਮੱਖੂ ਜ਼ਿਲ੍ਹਾ ਫਿਰੋਜ਼ਪੁਰ ਥੈਲਾ ਪਲਾਸਟਿਕ ਵਜਨ ਦਾ ਲੈ ਕੇ ਉਤਰੇ, ਜਿਨ੍ਹਾਂ ਨੂੰ ਕਾਬੂ ਕਰਕੇ ਉਨ੍ਹਾਂ ਪਾਸੋਂ 18 ਕਿਲੋ ਭੁਕੀ ਚੂਰਾ ਪੋਸਤ ਬਰਾਮਦ ਕਰਾ ਕੇ ਮੁਕੱਦਮਾ ਨੰਬਰ 78 ਮਿਤੀ 23 ਅਪ੍ਰੈਲ ਅ/ਧ 15/61/85 ਐੱਨ. ਡੀ. ਪੀ. ਐੱਸ. ਐਕਟ ਥਾਣਾ ਸਿਟੀ ਰਾਜਪੁਰਾ ਦਰਜ ਕਰਕੇ ਦੋਨਾਂ ਨੂੰ ਮੁਕਦਮਾ ਵਿੱਚ ਗ੍ਰਿਫ਼ਤਾਰ ਕੀਤਾ, ਜਿਨ੍ਹਾਂ ਨੂੰ ਅੱਜ ਮਾਨਯੋਗ ਅਦਾਲਤ ਚ ਪੇਸ਼ ਕਰਕੇ ਰਿਮਾਂਡ ਲਿਆ ਜਾ ਰਿਹਾ ਹੈ। ਰਿਮਾਂਡ ਦੌਰਾਨ ਪੁੱਛਗਿੱਛ ਕਰਕੇ ਬੈਕਵਰਡ ਅਤੇ ਫਾਰਵਰਡ ਲਿੰਕਾਂ ਬਾਰੇ ਪਤਾ ਕੀਤਾ ਜਾਵੇਗਾ।

# ਜਲੰਧਰ ’ਚ ਕਈ ਮੇਨ ਸੜਕਾਂ ਨੂੰ ਪੁੱਟ ਕੇ ਪਾਏ ਜਾ ਰਹੇ ਨੇ ਵੱਡੇ ਪਾਈਪ, ਧੂੜ-ਮਿੱਟੀ ਨਾਲ ਬੀਮਾਰ ਹੋ ਰਹੇ ਲੋਕ

**ਸਰਦੂਲ ਸਿੰਘ**

ਜਲੰਧਰ 27 ਅਪ੍ਰੈਲ। ਪੰਜਾਬ ਦੇ ਪ੍ਰਮੁੱਖ ਸ਼ਹਿਰ ਜਲੰਧਰ ਵਿਚ 500 ਕਰੋੜ ਰੁਪਏ ਦੀ ਲਾਗਤ ਨਾਲ ਚੱਲ ਰਹੇ ਐੱਲ. ਐਂਡ ਟੀ. ਕੰਪਨੀ ਦੇ ਸਰਫੇਸ ਵਾਟਰ ਪ੍ਰਾਜੈਕਟ ਨੇ ਸ਼ਹਿਰ ਵਾਸੀਆਂ ਲਈ ਮੁਸੀਬਤਾਂ ਖੜ੍ਹੀਆਂ ਕਰ ਦਿੱਤੀਆਂ ਹਨ। ਸਤਲੁਜ ਦਰਿਆ ਦੇ ਪਾਣੀ ਨੂੰ ਪਾਈਪਾਂ ਰਾਹੀਂ ਸ਼ਹਿਰ ਤਕ ਲਿਆ ਕੇ ਪੀਣਯੋਗ ਬਣਾਉਣ ਦੇ ਇਸ ਖਾਹਿਸ਼ੀ ਪ੍ਰਾਜੈਕਟ ਤਹਿਤ ਇਨ੍ਹੀਂ ਦਿਨੀਂ ਸ਼ਹਿਰ ਦੀਆਂ ਕਈ ਮੇਨ ਸੜਕਾਂ ਦੀ ਪੁਟਾਈ ਦਾ ਕੰਮ ਜ਼ੋਰਾਂ ’ਤੇ ਹੈ। ਇਸ ਪ੍ਰਾਜੈਕਟ ਕਾਰਨ ਪੂਰੇ ਸ਼ਹਿਰ ਵਿਚ ਧੂੜ ਦਾ ਗੁਬਾਰ ਛਾਇਆ ਹੋਇਆ ਹੈ, ਜਿਸ ਨਾਲ ਲੋਕਾਂ ਦਾ ਜਿਊਣਾ ਮੁਹਾਲ ਹੋ ਗਿਆ ਹੈ। ਸਥਾਨਕ ਵਾਸੀਆਂ ਦਾ ਦੋਸ਼ ਹੈ ਕਿ ਨਾ ਤਾਂ ਕੰਪਨੀ ਅਤੇ ਨਾ ਹੀ ਨਗਰ ਨਿਗਮ ਜਾਂ ਪ੍ਰਸ਼ਾਸਨ ਇਸ ਸਮੱਸਿਆ ਦੇ ਹੱਲ ਲਈ ਕੋਈ ਠੋਸ ਕਦਮ ਚੁੱਕ ਰਿਹਾ ਹੈ। ਮੰਨਿਆ ਜਾ ਰਿਹਾ ਹੈ ਕਿ ਹਾਲੇ 40 ਕਿਲੋਮੀਟਰ ਸੜਕਾਂ ਦੀ ਪੁਟਾਈ ਬਾਕੀ ਹੈ ਅਤੇ ਇਸ ਪ੍ਰਕਿਰਿਆ ਵਿਚ ਨਿਕਲੀ ਮਿੱਟੀ ਨੇ ਸ਼ਹਿਰ ਨੂੰ ਧੂੜ ਦੇ ਢੇਰ ਵਿਚ ਤਬਦੀਲ ਕਰ ਦਿੱਤਾ ਹੈ। ਸੜਕਾਂ ’ਤੇ ਖਿੱਲਰੀ ਮਿੱਟੀ ਵਾਹਨਾਂ ਦੇ ਲੰਘਣ ਨਾਲ ਹਵਾ ਵਿਚ ਉੱਡ ਰਹੀ ਹੈ, ਜੋ ਲੋਕਾਂ ਦੀਆਂ ਅੱਖਾਂ, ਸਿਰ ਅਤੇ ਫੇਫੜਿਆਂ ਵਿਚ ਜਾ ਰਹੀ ਹੈ, ਇਸ ਨਾਲ ਨਾ ਸਿਰਫ਼ ਲੋਕ ਬੀਮਾਰ ਹੋ ਰਹੇ ਹਨ, ਸਗੋਂ ਵਿਜ਼ੀਬਿਲਿਟੀ ਘੱਟ ਹੋਣ ਨਾਲ ਸੜਕ ਹਾਦਸਿਆਂ ਦਾ ਖ਼ਤਰਾ ਵੀ ਵਧ ਰਿਹਾ ਹੈ। ਇਸ ਸਥਿਤੀ ਨਾਲ ਬੱਚੇ ਅਤੇ ਬਜ਼ੁਰਗ ਖ਼ਾਸ ਤੌਰ ’ਤੇ ਪ੍ਰੇਸ਼ਾਨ ਹਨ। ਐੱਲ. ਐਂਡ ਟੀ. ਵਰਗੀ ਵੱਕਾਰੀ ਕੰਪਨੀ ਹੋਣ ਦੇ ਬਾਵਜੂਦ ਪੁਟਾਈ ਵਾਲੀ ਸਾਈਟ ’ਤੇ ਕੋਈ ਬੈਰੀਅਰ ਨਹੀਂ ਲਗਾਏ ਗਏ। ਉਸਾਰੀ ਸਥਾਨਾਂ ’ਤੇ ਬੈਰੀਅਰ ਲਗਾਉਣਾ ਨਾ ਸਿਰਫ ਸੁਰੱਖਿਆ ਲਈ ਜ਼ਰੂਰੀ ਹੈ, ਸਗੋਂ ਇਹ ਮਿੱਟੀ ਨੂੰ ਖਿੱਲਰਨ ਅਤੇ ਧੂੜ ਨੂੰ ਕਾਬੂ ਕਰਨ ਵਿਚ ਮਦਦ ਕਰਦਾ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਬੈਰੀਅਰ ਲਗਾਉਣ ਨਾਲ ਨਾ ਸਿਰਫ ਸਾਈਟ ਦੀ ਗੰਦਗੀ ਲੁਕਦੀ ਹੈ, ਸਗੋਂ ਆਸ-ਪਾਸ ਦੇ ਇਲਾਕਿਆਂ ਵਿਚ ਧੂੜ ਦਾ ਫੈਲਾਅ ਵੀ ਘੱਟ ਹੁੰਦਾ ਹੈ। ਸ਼ਹਿਰ ਵਿਚ ਚਰਚਾ ਹੈ ਕਿ ਇੰਨੇ ਵੱਡੇ ਪ੍ਰਾਜੈਕਟ ਵਿਚ ਇੰਨੀ ਬੁਨਿਆਦੀ ਗੱਲ ਦੀ ਅਣਦੇਖੀ ਕੀਤੀ ਜਾ ਰਹੀ ਹੈ। ਵਿਦੇਸ਼ਾਂ ਵਿਚ ਸੜਕ ਨਿਰਮਾਣ ਜਾਂ ਪੁਟਾਈ ਆਦਿ ਦੇ ਕੰਮ ਦੌਰਾਨ ਬੈਰੀਅਰ, ਪਾਣੀ ਦਾ ਛਿੜਕਾਅ ਅਤੇ ਹੋਰ ਉਪਾਅ ਕੀਤੇ ਜਾਂਦੇ ਹਨ ਤਾਂ ਜੋ ਲੋਕਾਂ ਨੂੰ ਪ੍ਰੇਸ਼ਾਨੀ ਨਾ ਹੋਵੇ। ਜਲੰਧਰ ਵਿਚ ਅਜਿਹਾ ਕੁਝ ਨਹੀਂ ਹੋ ਰਿਹਾ। ਸਥਾਨਕ ਲੋਕਾਂ ਦਾ ਦੋਸ਼ ਹੈ ਕਿ ਕੰਪਨੀ ਹੋਰ ਸ਼ਹਿਰਾਂ ਵਿਚ ਬੈਰੀਅਰ ਅਤੇ ਸੁਰੱਖਿਆ ਉਪਾਵਾਂ ਦੀ ਪਾਲਣਾ ਕਰਦੀ ਹੈ ਪਰ ਜਲੰਧਰ ਵਿਚ ਲਾਗਤ ਬਚਾਉਣ ਲਈ ਇਸ ਦੀ ਅਣਦੇਖੀ ਕੀਤੀ ਜਾ ਰਹੀ ਹੈ। ਸ਼ਾਇਦ ਐੱਲ. ਐਂਡ ਟੀ. ਨੂੰ ਪਤਾ ਹੈ ਕਿ ਜਲੰਧਰ ਵਿਚ ਕੋਈ ਸਖ਼ਤੀ ਨਹੀਂ ਹੋਵੇਗੀ, ਇਸ ਲਈ ਉਹ ਫਾਲਤੂ ਖਰਚ ਨਹੀਂ ਕਰ ਰਹੀ। ਇਸ ਮਾਮਲੇ ਵਿਚ ਜਲੰਧਰ ਨਗਰ ਨਿਗਮ ਅਤੇ ਟ?ਰੈਫਿਕ ਪੁਲਸ ਦੀ ਗੈਰ-ਸਰਗਰਮੀ ਨੇ ਸਥਿਤੀ ਨੂੰ ਹੋਰ



ਬਦਤਰ ਬਣਾ ਦਿੱਤਾ ਹੈ। ਸ਼ਹਿਰ ਦੇ ਜ਼ਿਆਦਾਤਰ ਚੌਕਾਂ ’ਤੇ ਟ?ਰੈਫਿਕ ਜਾਮ ਦੀ ਸਮੱਸਿਆ ਆਮ ਹੋ ਗਈ ਹੈ ਪਰ ਟ?ਰੈਫਿਕ ਪੁਲਸ ਇਸ ਨੂੰ ਕਾਬੂ ਕਰਨ ਲਈ ਕੋਈ ਪ੍ਰਭਾਵੀ ਕਦਮ ਨਹੀਂ ਚੁੱਕ ਰਹੀ। ਪੁਟਾਈ ਕਾਰਨ ਕਈ ਸੜਕਾਂ ਘੱਟ ਚੌੜੀਆਂ ਹੋ ਗਈਆਂ, ਜਿਸ ਕਾਰਨ ਵਾਹਨਾਂ ਦੀ ਆਵਾਜਾਈ ਵਿਚ ਦਿੱਕਤ ਹੋ ਰਹੀ ਹੈ। ਨਗਰ ਨਿਗਮ ’ਤੇ ਵੀ ਲੋਕਾਂ ਦਾ ਗੁੱਸਾ ਫੁੱਟ ਰਿਹਾ ਹੈ। ਸਮਾਰਟ ਸਿਟੀ ਮਿਸ਼ਨ ਤਹਿਤ ਜਲੰਧਰ ਵਿਚ ਹੁਣ ਤਕ 900 ਕਰੋੜ ਰੁਪਏ ਤੋਂ ਜ਼ਿਆਦਾ ਖਰਚ ਹੋ ਚੁੱਕਾ ਹੈ ਪਰ ਸ਼ਹਿਰ ਦੀਆਂ ਬੁਨਿਆਦੀ ਸਮੱਸਿਆਵਾਂ ਉਸੇ ਤਰ੍ਹਾਂ ਹੀ ਹਨ। ਟ?ਰੈਫਿਕ ਲਾਈਟਾਂ ਸਿੰਕ੍ਰੋਨਾਈਜ਼ ਨਹੀਂ ਹਨ, ਜ਼ਿਆਦਾਤਰ ਲਾਈਟਾਂ ਖ਼ਰਾਬ ਰਹਿੰਦੀਆਂ ਹਨ, ਸੜਕਾਂ ਦੀ ਹਾਲਤ ਖਰਾਬ ਹੈ ਅਤੇ ਹੁਣ ਧੂੜ ਨਾਲ ਹੋ ਰਹੇ ਪ੍ਰਦੂਸ਼ਣ ਨੇ ਲੋਕਾਂ ਦਾ ਜਿਊਣਾ ਦੁੱਭਰ ਕਰ ਦਿੱਤਾ ਹੈ। ਲੋਕਾਂ ਦਾ ਗੁੱਸਾ ਸਿਰਫ ਪ੍ਰਸ਼ਾਸਨ ਤਕ ਸੀਮਤ ਨਹੀਂ ਹੈ। ਸੱਤਾਧਾਰੀ ਆਮ ਆਦਮੀ ਪਾਰਟੀ ਦੇ ਸਥਾਨਕ ਨੇਤਾਵਾਂ ’ਤੇ ਵੀ ਕੋਈ ਕਾਰਵਾਈ ਨਾ ਕਰਨ ਦਾ ਦੋਸ਼ ਲੱਗ ਰਿਹਾ ਹੈ। ਨਿਵਾਸੀਆਂ ਦਾ ਕਹਿਣਾ ਹੈ ਕਿ ਨੇਤਾ ਅਤੇ ਅਧਿਕਾਰੀ ਵਿਦੇਸ਼ ਦੌਰੇ ਕਰਦੇ ਰਹਿੰਦੇ ਹਨ, ਉਥੇ ਉਹ ਸਾਫ਼-ਸੁਥਰੇ ਨਿਰਮਾਣ ਕੰਮ ਦੇਖਦੇ ਹਨ ਪਰ ਆਪਣੇ ਸ਼ਹਿਰ ਵਿਚ ਉਹੀ ਮਾਪਦੰਡ ਲਾਗੂ ਕਰਨ ਵਿਚ ਕੋਈ ਰੁਚੀ ਨਹੀਂ ਵਿਖਾਉਂਦੇ। ਲੋਕਾਂ ਦੀ ਮੰਗ ਹੈ ਕਿ ਜ਼ਿੰਮੇਵਾਰ ਅਧਿਕਾਰੀ ਅਤੇ ਕੰਪਨੀ ਤਤਕਾਲ ਕਦਮ ਚੁੱਕੇ ਤਾਂ ਜੋ ਜਲੰਧਰ ਦੇ ਲੋਕ ਸਵੱਛ ਅਤੇ ਸੁਰੱਖਿਅਤ ਵਾਤਾਵਰਣ ਵਿਚ ਸਾਹ ਲੈ ਸਕਣ।

## 2.24 ਕਰੋੜ ਰੁਪਏ ਦੀ ਲਾਗਤ ਨਾਲ ਕੀਤਾ ਜਾਵੇਗਾ ਰੋਡ ਦਾ ਨਿਰਮਾਣ-ਲਾਲ ਚੰਦ ਕਟਾਰੂਚੱਕ

**ਕਿਸ਼ਨ ਪਾਲ**

ਪਠਾਨਕੋਟ 27 ਅਪ੍ਰੈਲ। ਅੱਜ ਬਹੁਤ ਹੀ ਖੁਸੀ ਦਾ ਦਿਨ ਹੈ ਕਿ ਏ.ਪੀ.ਕੇ. ਰੋਡ ਤੋਂ ਪਿੰਡ ਕਟਾਰੂਚੱਕ ਚਟਪਟ ਬਨੀ ਮੰਦਿਰ ਤੱਕ ਜਾਣ ਵਾਲੀ ਸੜਕ ਦਾ ਨਵੀਨੀਕਰਨ ਕਰਨ ਦੇ ਲਈ ਅਤੇ ਰੋਡ ਦੀ ਚੋੜਾਈ ਵਧਾਉਂਣ ਦੇ ਲਈ ਨਿਰਮਾਣ ਕਾਰਜ ਦਾ ਸੁਭਾਅਰੰਭ ਕੀਤਾ ਗਿਆ ਹੈ ਅਤੇ ਜਲਦੀ ਹੀ ਇਹ ਰੋਡ ਦਾ ਨਿਰਮਾਣ ਕਰਕੇ ਲੋਕਾਂ ਨੂੰ ਸਮਰਪਿਤ ਕੀਤਾ ਜਾਵੇਗਾ। ਇਹ ਪ੍ਰਗਟਾਵਾ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਅੱਜ ਏ.ਪੀ.ਕੇ. ਰੋਡ ਦੇ ਨਜਦੀਕ ਰੋਡ ਦੇ ਨਿਰਮਾਣ ਕਾਰਜ ਦਾ ਸੁਭਾਅਰੰਭ ਕਰਨ ਮਗਰੋਂ ਕੀਤਾ। ਇਸ ਮੋਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਨਰੇਸ ਕੁਮਾਰ ਸੈਣੀ ਜਿਲ੍ਹਾ ਪ੍ਰਧਾਨ ਬੀ.ਸੀ. ਵਿੰਗ, ਪਵਨ ਕੁਮਾਰ ਫੋਜੀ ਬਲਾਕ ਪ੍ਰਧਾਨ, ਸੰਦੀਪ ਕੁਮਾਰ ਬਲਾਕ ਪ੍ਰਧਾਨ, ਭੁਪਿੰਦਰ ਸਿੰਘ ਕਟਾਰੂਚੱਕ, ਤਰਸੇਮ ਸਿਹੋੜਾ, ਸੋਹਣ ਲਾਲ ਭਟਵਾ, ਪੰਕਜ ਕਟਾਰੂਚੱਕ, ਰਾਜੂ ਝਾਖੋਲਾਹੜੀ, ਪ੍ਰੇਮ ਰਤਨਗੜ ਸਰਪੰਚ, ਅਮਨਦੀਪ ਸਿੰਘ ਐਕਸੀਅਨ ਮੰਡੀ ਬੋਰਡ, ਰਾਕੇਸ ਕੁਮਾਰ ਐਸ.ਡੀ.ਓ. ਮੰਡੀ ਬੋਰਡ ਅਤੇ ਹੋਰ ਪਾਰਟੀ ਦੇ ਕਾਰਜਕਰਤਾ ਹਾਜਰ ਸਨ। ਇਸ ਮੋਕੇ ਤੇ ਸੰਬੋਧਤ ਕਰਦਿਆਂ ਸ੍ਰੀ ਲਾਲ ਚੰਦ



ਕਟਾਰੂਚੱਕ ਨੇ ਕਿਹਾ ਕਿ ਪਿੰਡ ਕਟਾਰੂਚੱਕ ਦੇ ਨਜਦੀਕ ਚਟਪਟਬਨੀ ਮੰਦਿਰ ਬਹੁਤ ਹੀ ਇਤਹਾਸਿਕ ਮੰਦਿਰ ਹੈ ਅਤੇ ਲੋਕਾਂ ਨੂੰ ਮੰਦਿਰ ਜਾਣ ਲੱਗਿਆ ਭਾਰੀ ਪ੍ਰੇਸਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਸੀ ਇਸ ਦੇ ਨਾਲ ਹੀ ਖੇਤਰ ਦੇ ਲੋਕਾਂ ਦੀ ਲੰਮੇ ਸਮੇਂ ਤੋਂ ਮੰਗ ਸੀ ਕਿ ਇਸ ਪਿੰਡ ਨੂੰ ਜਾਣ ਵਾਲਾ ਰਸਤਾ ਚੋੜਾ ਕੀਤਾ ਜਾਵੈ। ਉਨ੍ਹਾਂ ਕਿਹਾ ਕਿ ਅੱਜ ਏ.ਪੀ.ਕੇ. ਰੋਡ ਤੋਂ ਪਿੰਡ ਡਿਬਕੂ, ਧਲੋਰੀਆਂ, ਪਿੰਡ ਕਟਾਰੂਚੱਕ ਤੋਂ ਹੁੰਦੇ ਹੋਏ ਮੰਦਿਰ ਚਟਪਟਬਨੀ ਤੱਕ ਇਸ ਮਾਰਗ ਦਾ ਨਵੀਨੀ ਕਰਨ ਕੀਤਾ ਜਾਣਾ ਹੈ। ਜਿਸ ਤੇ ਕਰੀਬ 2 ਕਰੋੜ 24 ਲੱਖ ਰੁਪਏ ਖਰਚ ਕੀਤੇ ਜਾਣੇ ਹਨ ਅਤੇ ਕਰੀਬ ਸਾਢੇ ਪੰਜ ਕਿਲੋਮੀਟਰ ਰੋਡ ਦੀ ਚੋੜਾਈ ਵੀ ਜਿੱਥੇ ਪਹਿਲਾ 9 ਫੁੱਟ ਸੀ ਹੁਣ 16 ਫੁੱਟ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਮਾਨਯੋਗ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਜੀ ਦੇ ਉਪਰਾਲਿਆਂ ਸਦਕਾ ਜਿਲ੍ਹਾ ਪਠਾਨਕੋਟ ਅੰਦਰ ਬਹੁਤ ਸਾਰੀਆਂ ਸੜਕਾਂ ਦਾ ਨਿਰਮਾਣ ਕੀਤਾ ਜਾ ਰਿਹਾ ਹੈ ਥੋੜੇ ਹੀ ਸਮੇਂ ਅੰਦਰ ਲੋਕਾਂ ਨੂੰ ਬਹੁਤ ਹੀ ਵਧੀਆਂ ਸੜਕਾਂ ਦਾ ਬਣਾ ਕੇ ਸਮਰਪਿਤ ਕੀਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਇਸ ਰੋਡ ਦਾ ਨਿਰਮਾਣ ਕਾਰਜ ਵੀ ਨਿਰਧਾਰਤ ਸਮੇਂ ਅੰਦਰ ਕੀਤਾ ਜਾਵੇਗਾ, ਉਨ੍ਹਾਂ ਅਧਿਕਾਰੀਆਂ ਨੂੰ ਵੀ ਹਦਾਇਤ ਕਰਦਿਆਂ ਕਿਹਾ ਕਿ ਬਹੁਤ ਹੀ ਵਧੀਆ ਕਵਾਲਿਟੀ ਦਾ ਰੋਡ ਬਣਾਇਆ ਜਾਵੈ ਤਾਂ ਜੋ ਆਉਂਣ ਵਾਲੇ ਲੰਮੇ ਸਮੇਂ ਤੱਕ ਖੇਤਰ ਵਾਸੀਆਂ ਨੂੰ ਪ੍ਰੇਸਾਨੀਆਂ ਦਾ ਸਾਹਮਣਾ ਨਾ ਕਰਨਾ ਪਵੇ।

## ਪਰਾਲੀ ਦੀ ਸਾਂਭ ਲਈ ਖੇਤੀ ਮਸ਼ੀਨਰੀ ਸਬਸਿਡੀ ’ਤੇ ਦੇਣ ਲਈ ਸਰਕਾਰ ਨੇ ਅਰਜ਼ੀਆਂ ਦੀ ਕੀਤੀ ਮੰਗ: ਦਲਵਿੰਦਰਜੀਤ

ਗੁਰਦਾਸਪੁਰ 27 ਅਪ੍ਰੈਲ। ਪੰਜਾਬ ਸਰਕਾਰ ਵੱਲੋਂ ਸੂਬੇ ’ਚ ਪਰਾਲੀ ਪ੍ਰਬੰਧਨ ਲਈ ਲੋੜੀਂਦੀ ਖੇਤੀ ਮਸ਼ੀਨਰੀ ਨੂੰ ਉਤਸ਼ਾਹਿਤ ਕਰਨ ਅਤੇ ਫ਼ਸਲਾਂ ਦੀ ਰਹਿੰਦ-ਖੂੰਹਦ ਨੂੰ ਸਾੜਨ ਤੋਂ ਰੋਕਣ ਲਈ ਫ਼ਸਲੀ ਰਹਿੰਦ-ਖੂੰਹਦ (ਸੀ.ਆਰ.ਐਮ) ਸਕੀਮ ਸਾਲ 2025-26 ਤਹਿਤ ਬਿਨੈ ਪੱਤਰਾਂ ਦੀ ਆਨਲਾਈਨ ਮੰਗ ਕੀਤੀ ਗਈ ਹੈ। ਇਸ ਬਾਰੇ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਨੇ ਦੱਸਿਆ ਕਿ ਫ਼ਸਲੀ ਰਹਿੰਦ-ਖੂੰਹਦ ਪ੍ਰਬੰਧਨ (ਸੀ. ਆਰ. ਐੱਮ.) ਸਕੀਮ ਤਹਿਤ ਪਰਾਲੀ ਦੇ ਖੇਤ ਦੇ ਅੰਦਰ ਅਤੇ ਖੇਤ ਤੋਂ ਬਾਹਰ ਸੰਭਾਲ ਲਈ ਲੋੜੀਂਦੀ ਖੇਤੀ ਮਸ਼ੀਨਰੀ ਸਬਸਿਡੀ ’ਤੇ ਦੇਣ ਲਈ ਆਨਲਾਈਨ ਅਰਜ਼ੀਆਂ 22 ਅਪ੍ਰੈਲ ਤੋਂ 12



ਮਈ ਸ਼ਾਮ 5 ਵਜੇ ਤੱਕ ਮੰਗੀਆਂ ਹਨ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਦੇ ਕਿਸਾਨ ਆਪਣੀ ਅਰਜ਼ੀ ਸਰਕਾਰੀ ਵੈੱਬਸਾਈਟ ’ਤੇ ਦਰਜ ਕਰਵਾ ਸਕਦੇ ਹਨ। ਇਸ ਸਕੀਮ ਅਧੀਨ ਵੱਖ-ਵੱਖ ਮਸ਼ੀਨਰੀ ਜਿਵੇਂ ਕਿ ਸੁਪਰ ਐੱਸ. ਐੱਮ. ਐੱਸ., ਬੇਲਰ, ਰੈਕ, ਹੈਪੀਸੀਡਰ, ਸੁਪਰਸੀਡਰ, ਸਮਾਰਟਸੀਡ, ਜ਼ੀਰੋ ਟਿੱਲ ਡਰਿੱਲ ਆਦਿ ਸਬਸਿਡੀ ’ਤੇ ਉਪਲੱਬਧ ਕਰਵਾਈ ਜਾਣੀ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਸਕੀਮ ਦਾ ਮੁੱਖ ਮਕਸਦ ਕਿਸਾਨਾਂ ਨੂੰ ਪਰਾਲੀ ਅਤੇ ਫ਼ਸਲਾਂ ਦੀ ਰਹਿੰਦ-ਖੂੰਹਦ ਸਾੜਨ ਤੋਂ ਰੋਕਣ ਲਈ ਉਤਸ਼ਾਹਿਤ ਕਰਨਾ ਹੈ। ਉਨ੍ਹਾਂ ਕਿਹਾ ਕਿ ਪਿਛਲੇ ਸਾਲ ਜ਼ਿਲ੍ਹਾ ਗੁਰਦਾਸਪੁਰ ਵਿਚ ਪਰਾਲੀ ਨੂੰ ਅੱਗ ਲੱਗਣ ਦੀਆਂ 199 ਘਟਨਾਵਾਂ ਦਰਜ ਕੀਤੀਆਂ ਗਈਆਂ ਸਨ ਅਤੇ ਇਸ ਸਾਲ ਇਨ੍ਹਾਂ ਘਟਨਾਵਾਂ ਨੂੰ ਜ਼ੀਰੋ ਪੱਧਰ ਲਿਆਉਣ ਦਾ ਟੀਚਾ ਮਿਥਿਆ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਟੀਚੇ ਦੀ ਪੂਰਤੀ ਲਈ ਜ਼ਿਲ੍ਹੇ ਦੇ ਕਿਸਾਨ, ਕਿਸਾਨ ਜਥੇਬੰਦੀਆਂ ਦੇ ਸਹਿਯੋਗ ਦੀ ਜ਼ਰੂਰਤ ਹੈ।

## ਘਰ ਦੇ ਬਾਹਰ ਕੌਂਸਰ ’ਤੇ ਚੱਲੀਆਂ ਅੰਨ੍ਹੇਵਾਹ ਗੋਲੀਆਂ, ਭਿਆਨਕ ਬਣੇ ਹਾਲਾਤ

ਫਿਰੋਜ਼ਪੁਰ 27 ਅਪ੍ਰੈਲ। ਫਿਰੋਜ਼ਪੁਰ ਵਿਖੇ ਮੌਜੂਦਾ ਐੱਮਸੀ ’ਤੇ ਮਾਰ ਦੇਣ ਦੀ ਨੀਅਤ ਨਾਲ ਫਾਇਰ ਕਰਨ ਦੇ ਦੋਸ਼ ਵਿਚ ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ ਤਿੰਨ ਅਣਪਛਾਤੇ ਨੌਜਵਾਨਾਂ ਖ਼?ਲਾਫ 109, 3 (5) ਬੀਐੱਨਐੱਸ ਅਤੇ ਆਰਮਜ਼ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਕਪਿਲ ਕੁਮਾਰ ਪੁੱਤਰ ਸਤੀਸ਼ ਕੁਮਾਰ ਵਾਸੀ ਨਿਊ ਨਾਨਕ ਪੁਰਾ ਗਲੀ ਨੰਬਰ 6, ਬਸਤੀ ਕੰਬੋਜ ਨਗਰ ਫਿਰੋਜ਼ਪੁਰ ਸ਼ਹਿਰ ਨੇ ਦੱਸਿਆ ਕਿ ਉਹ ਵਾਰਡ ਨੰਬਰ 6 ਫਿਰੋਜ਼ਪੁਰ ਸ਼ਹਿਰ ਦਾ ਮੌਜੂਦਾ ਐੱਮਸੀ ਹੈ ਅਤੇ ਮਿਤੀ 23 ਅਪ੍ਰੈਲ 2025 ਨੂੰ ਕਰੀਬ 8.45 ਪੀਐੱਮ ’ਤੇ ਆਪਣੇ ਕਰਿਆਨੇ ਵਾਲੀ ਦੁਕਾਨ ਦੇ ਬਾਹਰ ਬੈਠਾ ਸੀ। ਉਕਤ ਨੇ ਦੱਸਿਆ ਕਿ ਇਸ ਦੌਰਾਨ ਇਕ ਮੋਟਰਸਾਈਕਲ ਸਪਲੈਂਡਰ ਬਿਨਾਂ ਨੰਬਰੀ ’ਤੇ ਤਿੰਨ ਨੌਜਵਾਨ ਆਏ ਅਤੇ ਮੋਟਰਸਾਈਕਲ ਮਗਰ ਬੈਠੇ ਦੋ ਨੌਜਵਾਨਾਂ ਨੇ ਮਾਰ ਦੇਣ ਦੀ ਨੀਅਤ ਨਾਲ ਸਿੱਧੇ ਫਾਇਰ ਉਸ ਵੱਲ ਕੀਤੇ। ਇਸ ਵਾਰਦਾਤ ਵਿਚ ਉਸ ਦਾ ਵਾਲ-ਵਾਲ ਬਚਾਅ ਹੋ ਗਿਆ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਸੁਖਦੇਵ ਰਾਜ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ ’ਤੇ ਉਕਤ ਤਿੰਨ ਅਣਪਛਾਤੇ ਵਿਅਕਤੀਆਂ ਖ਼?ਲਾਫ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

## ਪੰਜਾਬ ਵਿਚ ਵੱਧ ਰਹੀ ਬਿਜਲੀ ਦੀ ਮੰਗ ਨੂੰ ਲੈ ਕੇ ਬਿਜਲੀ ਮੰਤਰੀ ਦਾ ਵੱਡਾ ਐਲਾਨ

ਤਰਨਤਾਰਨ 27 ਅਪ੍ਰੈਲ। ਪੰਜਾਬ ਸਰਕਾਰ ਨੇ ਬਿਜਲੀ ਦੀ ਵੱਧਦੀ ਮੰਗ ਨੂੰ ਪੂਰਾ ਕਰਨ ਲਈ ਇਕ ਠੋਸ ਯੋਜਨਾ ਬਣਾਈ ਹੈ, ਜਿਸ ਦੇ ਤਹਿਤ ਆਮ ਜਨਤਾ ਨੂੰ 24 ਘੰਟੇ ਬਿਜਲੀ ਮਿਲੇਗੀ ਅਤੇ ਕਿਸਾਨਾਂ ਨੂੰ ਝੋਨੇ ਦੇ ਸੀਜ਼ਨ ਦੌਰਾਨ ਨਿਰਵਿਘਨ ਬਿਜਲੀ ਸਪਲਾਈ ਦਿੱਤੀ ਜਾਵੇਗੀ। ਬਿਜਲੀ ਸਪਲਾਈ ਯਕੀਨੀ ਬਣਾਉਣ ਲਈ ਬਿਜਲੀ ਮੰਤਰੀ ਡਾ. ਹਰਭਜਨ ਸਿੰਘ ਈ.ਟੀ.ਓ. ਪੂਰੀ ਤਰ੍ਹਾਂ ਐਕਸ਼ਨ ਮੋਡ ਵਿਚ ਆ ਗਏ ਹਨ। ਜਿਸ ਦੇ ਚੱਲਦੇ ਬਿਜਲੀ ਮੰਤਰੀ ਵੱਲੋਂ ਅੱਜ ਗੋਇੰਦਵਾਲ ਸਾਹਿਬ ਵਿਖੇ ਜੀਵੀਕੇ ਥਰਮਲ ਪਾਵਰ ਪਲਾਂਟ ਦਾ ਦੌਰਾ ਕੀਤਾ। ਬਿਜਲੀ ਸਪਲਾਈ ਵਿਚ ਕੋਈ ਵਿਘਨ ਨਾਲ ਆਵੇਗਾ ਇਸ ਲਈ ਗੋਇੰਦਵਾਲ ਥਰਮਲ ਪਲਾਂਟ ਵਿਖੇ 540 ਮੈਗਾਵਾਟ ਬਿਜਲੀ ਉਤਪਾਦਨ ਸ਼ੁਰੂ ਹੋ ਗਿਆ ਹੈ। ਗੋਇੰਦਵਾਲ ਥਰਮਲ ਪਲਾਂਟ ਨੂੰ 10 ਨਵੇਂ ਐੱਸ. ਡੀ. ਓ. ਦਿੱਤੇ ਜਾਣਗੇ। ਇਸ ਤੋਂ ਇਲਾਵਾ ਹਰਭਜਨ ਸਿੰਘ ਈ. ਟੀ. ਓ. ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ 125 ਮੈਗਾਵਾਟ ਦਾ ਸੋਲਰ ਪਲਾਂਟ ਵੀ ਲਗਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਕੋਲ ਕੋਲੇ ਦੀ ਕੋਈ ਕਮੀ ਨਹੀਂ ਹੈ, ਲਿਹਾਜ਼ਾ ਗਰਮੀ ਦੇ ਮੌਸਮ ਵਿਚ ਪੰਜਾਬ ਵਾਸੀਆਂ ਨੂੰ ਬਿਜਲੀ ਦੀ ਸਪਲਾਈ 24 ਘੰਟੇ ਦਿੱਤੀ ਜਾਵੇਗੀ।

# ਕਿਤੇ ਤੁਹਾਡੇ ਪੈਨ ਕਾਰਡ ਦੀ ਮਿਆਦ ਤਾਂ ਨਹੀਂ ਹੋ ਗਈ ਖ਼ਤਮ?

**ਏਜੰਸੀਆਂ**

ਬਿਜ਼ਨੈੱਸ ਡੈਸਕ 27 ਅਪ੍ਰੈਲ। ਪੈਨ ਕਾਰਡ ਅੱਜ ਦੇ ਸਮੇਂ ਵਿੱਚ ਮਹੱਤਵਪੂਰਨ ਦਸਤਾਵੇਜ਼ਾਂ ਵਿੱਚੋਂ ਇੱਕ ਹੈ। ਪੈਨ ਕਾਰਡ ਆਮਦਨ ਟੈਕਸ ਰਿਟਰਨ ਭਰਨ ਤੋਂ ਲੈ ਕੇ ਬੈਂਕ ਖਾਤਾ ਖੋਲ੍ਹਣ, ਕੇਵਾਈਸੀ ਆਦਿ ਸਮੇਤ ਕਈ ਵਿੱਤੀ ਜ਼ਰੂਰਤਾਂ ਲਈ ਜ਼ਰੂਰੀ ਹੈ। ਇਸ ਨੂੰ ਇੱਕ ਕਾਨੂੰਨੀ ਪਛਾਣ ਪੱਤਰ ਵੀ ਮੰਨਿਆ ਜਾਂਦਾ ਹੈ। ਤੁਹਾਡੀ ਵਿੱਤੀ ਇਤਿਹਾਸ ਦੀ ਜਾਣਕਾਰੀ ਨੂੰ ਟਰੈਕ ਕਰਨ ਲਈ ਆਧਾਰ ਕਾਰਡ ਨੂੰ ਪੈਨ ਕਾਰਡ ਨਾਲ ਵੀ ਟਰੈਕ ਕੀਤਾ ਜਾਂਦਾ ਹੈ। ਪਰ ਕੀ ਤੁਹਾਡੇ ਮਨ ਵਿੱਚ ਇਹ ਸਵਾਲ ਆਉਂਦਾ ਹੈ ਕਿ ਕੀ ਪੈਨ ਕਾਰਡ ਦੀ ਮਿਆਦ ਵੀ ਖ਼ਤਮ ਹੋ ਜਾਂਦੀ ਹੈ? ਆਓ ਤੁਹਾਨੂੰ ਇਸ ਬਾਰੇ ਦੱਸਦੇ ਹਾਂ। ਕੀ ਤੁਸੀਂ ਕਦੇ ਆਪਣੇ ਪੈਨ ਕਾਰਡ ਦੀ ਵੈਧਤਾ ਦੀ ਜਾਂਚ ਕੀਤੀ ਹੈ? ਤੁਹਾਨੂੰ ਇਸ ਬਾਰੇ ਪਤਾ ਹੋਣਾ ਚਾਹੀਦਾ ਹੈ। ਪੈਨ ਕਾਰਡ ਨੈਸ਼ਨਲ ਸਿਕਿਓਰਿਟੀਜ਼ ਡਿਪਾਜ਼ਟਰੀ ਲਿਮਟਿਡ ਦੁਆਰਾ ਜਾਰੀ ਕੀਤਾ ਜਾਂਦਾ ਹੈ। ਤੁਹਾਨੂੰ ਦੱਸ ਦੇਈਏ ਕਿ ਪੈਨ ਕਾਰਡ ਦੀ ਵੈਧਤਾ ਉਦੋਂ ਤੱਕ ਖਤਮ ਨਹੀਂ ਹੁੰਦੀ ਜਦੋਂ ਤੱਕ ਕਿਸੇ ਵਿਅਕਤੀ ਦੀ ਮੌਤ ਨਹੀਂ ਹੋ ਜਾਂਦੀ, ਪੈਨ ਕਾਰਡ ਕਿਸੇ ਵੀ ਵਿਅਕਤੀ ਦੀ ਮੌਤ ਤੋਂ ਬਾਅਦ ਹੀ ਰੱਦ ਹੁੰਦਾ ਹੈ। ਪੈਨ ਕਾਰਡ ਮੌਤ ਸਰਟੀਫਿਕੇਟ ਦੇ ਆਧਾਰ ’ਤੇ ਬੰਦ ਕਰ ਦਿੱਤਾ ਜਾਂਦਾ ਹੈ। ਇਸ ਲਈ ਇਹ ਜੀਵਨ ਭਰ ਵੈਧ ਰਹਿੰਦਾ ਹੈ। ਇਹ 10 ਅੰਕਾਂ ਦਾ ਹੈ ਜਿਸ ਵਿੱਚ




ਵਿਅਕਤੀ ਬਾਰੇ ਜਾਣਕਾਰੀ ਹੁੰਦੀ ਹੈ। ਕੋਈ ਵੀ ਵਿਅਕਤੀ ਇੱਕ ਤੋਂ ਵੱਧ ਪੈਨ ਕਾਰਡ ਨਹੀਂ ਰੱਖ ਸਕਦਾ। ਜੇਕਰ ਕਿਸੇ ਕੋਲ ਇੱਕ ਤੋਂ ਵੱਧ ਪੈਨ ਕਾਰਡ ਹਨ ਤਾਂ ਉਸ ਨੂੰ ਜੁਰਮਾਨਾ ਲਗਾਇਆ ਜਾ ਸਕਦਾ ਹੈ। ਆਮਦਨ ਕਰ ਐਕਟ 1961 ਤਹਿਤ ਧਾਰਾ 2722 ਦੇ ਅਨੁਸਾਰ, ਜੇਕਰ ਕੋਈ ਵਿਅਕਤੀ ਇੱਕ ਤੋਂ ਵੱਧ ਪੈਨ ਕਾਰਡ ਰੱਖਦਾ ਹੈ, ਤਾਂ ਉਸ ਵਿਰੁੱਧ 10 ਹਜ਼ਾਰ ਰੁਪਏ ਦਾ ਜੁਰਮਾਨਾ ਲਗਾਇਆ ਜਾ ਸਕਦਾ ਹੈ। ਜੇਕਰ ਕਿਸੇ ਵਿਅਕਤੀ ਦੇ ਗਲਤੀ ਨਾਲ ਇੱਕ ਤੋਂ ਵੱਧ ਪੈਨ ਕਾਰਡ ਬਣ ਜਾਂਦੇ ਹਨ ਤਾਂ ਅਜਿਹੀ ਸਥਿਤੀ ਵਿੱਚ ਉਸ ਨੂੰ ਇੱਕ ਪੈਨ ਕਾਰਡ ਸਰੰਡਰ ਕਰਨਾ ਪਵੇਗਾ। ਤੁਸੀਂ ਇਸ ਨੂੰ ਆਨਲਾਈਨ ਜਾਂ ਆਫਲਾਈਨ ਵੀ ਸਰੰਡਰ ਕਰ ਸਕਦੇ ਹੋ। ਜੇਕਰ ਤੁਸੀਂ ਚਾਹੋ ਤਾਂ ਤੁਸੀਂ ਘਰ ਬੈਠੇ ਵੀ ਆਪਣਾ ਪੈਨ ਕਾਰਡ ਬਣਵਾ ਸਕਦੇ ਹੋ। ਇਸਦੇ ਲਈ ਤੁਹਾਨੂੰ ਪਹਿਲਾਂ ਈ-ਫਾਈਲਿੰਗ ਪੋਰਟਲ ’ਤੇ ਜਾਣਾ ਪਵੇਗਾ। ਇਸ ਤੋਂ ਬਾਅਦ ਤੁਹਾਨੂੰ ਆਧਾਰ ਰਾਹੀਂ ਇੰਸਟੈਂਟ ਪੈਨ ’ਤੇ ਜਾਣਾ ਪਵੇਗਾ। ਹੁਣ ਤੁਹਾਨੂੰ ਦੇ ਬਦਲ ’ਤੇ ਕਲਿੱਕ ਕਰਨਾ ਹੋਵੇਗਾ। ਇਸ ਤੋਂ ਬਾਅਦ ਤੁਹਾਨੂੰ ਆਪਣਾ ਆਧਾਰ ਨੰਬਰ ਦਰਜ ਕਰਨਾ ਹੋਵੇਗਾ। ਆਧਾਰ ਨੰਬਰ ਦਰਜ ਕਰਨ ਤੋਂ ਬਾਅਦ, ਤੁਹਾਨੂੰ ਤੁਹਾਡੇ ਰਜਿਸਟਰਡ ਮੋਬਾਈਲ ਨੰਬਰ ’ਤੇ ਮਿਲੇਗਾ। ਦੀ ਤਸਦੀਕ ਤੋਂ ਬਾਅਦ, ਤੁਹਾਡਾ ਈ-ਪੈਨ ਕਾਰਡ ਜਾਰੀ ਕੀਤਾ ਜਾਵੇਗਾ। ਜੇਕਰ ਤੁਸੀਂ ਚਾਹੋ, ਤਾਂ ਤੁਸੀਂ ਇਸ ਈ-ਪੈਨ ਰਾਹੀਂ ਇੱਕ ਭੌਤਿਕ ਕਾਰਡ ਵੀ ਪ੍ਰਾਪਤ ਕਰ ਸਕਦੇ ਹੋ।

# ਪੰਜਾਬ ’ਚ ਰਜਿਸਟਰੀਆਂ ਨੂੰ ਲੈ ਕੇ ਨਵਾਂ ਫਰਮਾਨ ਜਾਰੀ, ਮਚੀ ਖਲਬਲੀ

**ਏਜੰਸੀਆਂ**

ਜਲੰਧਰ 27 ਅਪ੍ਰੈਲ। ਪੰਜਾਬ ਵਿਚ ਰਜਿਸਟ?ਰੇਸ਼ਨ ਸਿਸਟਮ ਵਿਚ ਇਨ੍ਹੀਂ ਦਿਨੀਂ ਵੱਡੇ ਬਦਲਾਅ ਵੇਖੇ ਜਾ ਰਹੇ ਹਨ। ਖ਼ਾਸ ਕਰਕੇ ਜਲੰਧਰ ਜ਼ਿਲ੍ਹੇ ਦੇ ਸਬ-ਰਜਿਸਟਾਰ ਦਫ਼ਤਰਾਂ ਵਿਚ ਬੀਤੇ ਦਿਨੀਂ 4 ਨਵੇਂ ਜੁਆਇੰਟ ਸਬ-ਰਜਿਸਟਰਾਰਾਂ ਦੀਆਂ ਨਿਯੁਕਤੀਆਂ ਦੇ ਬਾਅਦ ਨਾ ਸਿਰਫ਼ ਕੰਮਕਾਜ ਦੀ ਰਫ਼ਤਾਰ ਬਦਲੀ ਹੈ, ਸਗੋਂ ਰਜਿਸਟਰੀ ਦੀ ਪ੍ਰਕਿਰਿਆ ਵਿਚ ਵੀ ਪਾਰਦਰਸ਼ਿਤਾ ਅਤੇ ਸਖ਼ਤੀ ਦਾ ਨਵਾਂ ਅਧਿਆਏ ਸ਼ੁਰੂ ਹੋਇਆ ਹੈ। ਜੁਆਇੰਟ ਸਬ-ਰਜਿਸਟਰਾਰ ਨੇ ਬੀਤੇ ਦਿਨੀਂ ਜਿੱਥੇ ਪਹਿਲਾਂ ਬਿਨਾਂ ਐੱਨ. ਓ. ਸੀ. ਅਤੇ ਰਕਬੇ ਨੂੰ ਤੋੜ ਕੇ ਪ੍ਰਾਪਰਟੀਆਂ ਦੀ ਰਜਿਸਟਰੀ ਕਰਨ ’ਤੇ ਪੂਰੀ ਤਰ੍ਹਾਂ ਨਾਲ ਪਾਬੰਦੀ ਲਾ ਦਿੱਤੀ ਸੀ, ਉਥੇ ਹੀ ਅੱਜ ਜੁਆਇੰਟ ਸਬ-ਰਜਿਸਟਰਾਰ ਨੇ ਪੁੱਡਾ, ਨਗਰ ਨਿਗਮ ਅਤੇ ਹੋਰਨਾਂ ਸਬੰਧਤ ਵਿਭਾਗਾਂ ਤੋਂ ਅਪਰੂਵਡ ਕਾਲੋਨੀਆਂ ਦੀ ਰਜਿਸਟਰੀ ਨੂੰ ਲੈ ਕੇ ਸਪੱਸ਼ਟ ਕਿਹਾ ਹੈ ਕਿ ਸਿਰਫ਼ ਲਾਇਸੈਂਸ ਨੰਬਰ ਨਾਲ ਕੰਮ ਨਹੀਂ ਚੱਲੇਗਾ। ਹੁਣ ਕਾਲੋਨਾਈਜ਼ਰ ਨੂੰ ਉਸ ਕਾਲੋਨੀ ਲਈ ਸਬੰਧਤ ਵਿਭਾਗ ਤੋਂ ਪ੍ਰਾਪਤ ਲਾਇਸੈਂਸ ਨੰਬਰ ਦੇ ਨਾਲ-ਨਾਲ ਲਾਇਸੈਂਸ ਅਤੇ ਕੰਪਲੀਸ਼ਨ ਸਰਟੀਫਿਕੇਟ ਵੀ ਲਾਉਣਾ ਲਾਜ਼ਮੀ ਹੋਵੇਗਾ, ਨਹੀਂ ਤਾਂ ਰਜਿਸਟਰੀ ਨੂੰ ਮਨਜ਼ੂਰੀ ਨਹੀਂ ਦਿੱਤੀ ਜਾਵੇਗੀ। ਵੀਰਵਾਰ ਜਲੰਧਰ-2 ਸਬ-ਰਜਿਸਟਰਾਰ ਦਫਤਰ ਵਿਚ ਇਕ ਅਜਿਹਾ ਹੀ ਮਾਮਲਾ ਸਾਹਮਣੇ ਆਇਆ, ਜਿਸ ਨੇ ਇਸ ਨਵੇਂ ਫਰਮਾਨ ਨੂੰ ਐਕਸ਼ਨ ਵਿਚ ਵਿਖਾਇਆ। ਤਹਿਸੀਲ ਵਿਚ ਕੰਮ ਕਰ ਰਹੇ ਅਰਜ਼ੀ ਨਵੀਸ ਦੇਸ ਰਾਜ 2 ਕਾਲੋਨੀਆਂ ਦੀ ਰਜਿਸਟਰੀ ਕਰਵਾਉਣ ਪਹੁੰਚੇ, ਜਿਨ੍ਹਾਂ ਵਿਚੋਂ ਇਕ ਕਾਲੋਨੀ ਵਡਾਲਾ ਪਿੰਡ ਦੇ ਇਕ ‘ਪੀ’ ਨਾਂ ਦੇ ਰਾਇਲ ਕਾਲੋਨਾਈਜ਼ਰ ਦੀ ਸੀ, ਜਦਕਿ ਦੂਜੀ ‘ਰਾ’ ਨਾਂ ਦੇ ਕਾਲੋਨਾਈਜ਼ਰ ਦੀ ਕਾਲੋਨੀ ਵੀ ਸ਼ਾਮਲ ਹੈ। ਅਰਜ਼ੀ ਨਵੀਸ ਦਾ ਦੋਵਾਂ ਕਾਲੋਨੀਆਂ ਦਾ ਦਾਅਵਾ ਸੀ ਕਿ ਉਹ ਪੁੱਡਾ ਤੋਂ ਅਪਰੂਵਡ ਹਨ ਅਤੇ ਉਨ੍ਹਾਂ ਵਿਭਾਗ ਤੋਂ ਜਾਰੀ ਲਾਇਸੈਂਸ ਨੰਬਰ ਵੀ ਲਿਖੇ ਹੋਏ ਹਨ। ਹਾਲਾਂਕਿ ਜਦੋਂ ਜੁਆਇੰਟ ਸਬ-ਰਜਿਸਟਰਾਰ ਰਵਨੀਤ ਕੌਰ ਅਤੇ ਜਗਤਾਰ ਸਿੰਘ ਨੇ ਰਜਿਸਟਰੀ ਦੇ ਦਸਤਾਵੇਜ਼ਾਂ ਦੀ ਜਾਂਚ ਕੀਤੀ ਤਾਂ ਉਨ੍ਹਾਂ ਸਪੱਸ਼ਟ ਰੂਪ ਨਾਲ ਕਿਹਾ ਸੀ ਕਿ ਸਿਰਫ਼ ਲਾਇਸੈਂਸ ਨੰਬਰ ਨਾਲ ਰਜਿਸਟਰੀ ਦੀ ਮਨਜ਼ੂਰੀ ਨਹੀਂ ਦਿੱਤੀ ਜਾਵੇਗੀ। ਉਨ੍ਹਾਂ ਨੂੰ ਕਾਲੋਨੀ ਲਈ ਜਾਰੀ ਕੀਤਾ ਗਿਆ ਕੰਪਲੀਸ਼ਨ ਸਰਟੀਫਿਕੇਟ ਵੀ ਨਾਲ ਲਿਆਉਣਾ ਹੋਵੇਗਾ। ਇਸ ’ਤੇ ਅਰਜ਼ੀ ਨਵੀਸ ਨੇ ਤਰਕ ਦਿੱਤਾ ਕਿ ਸਬੰਧਤ ਇਕ ਕਾਲੋਨੀ 2008 ਅਤੇ ਦੂਜੀ 2018 ਦੇ ਲਗਭਗ ਅਪਰੂਵਡ ਹੋਈ ਸੀ ਅਤੇ ਵਿਭਾਗ ਨੇ ਹੀ ਲਾਇਸੈਂਸ ਨੰਬਰ ਜਾਰੀ ਕੀਤਾ ਹੋਇਆ ਹੈ। ਲਗਭਗ ਡੇਢ ਘੰਟੇ ਤਕ ਚੱਲੀ ਬਹਿਸ ਅਤੇ ਦਸਤਾਵੇਜ਼ਾਂ ਦੀ ਸਮੀਖਿਆ ਤੋਂ ਬਾਅਦ ਦੋਵਾਂ ਜੁਆਇੰਟ ਸਬ-ਰਜਿਸਟਰਾਰਾਂ ਨੇ ਸਪੱਸ਼ਟ ਰੂਪ ਨਾਲ ਮਨ੍ਹਾ ਕਰ ਦਿੱਤਾ ਕਿ ਬਿਨਾਂ ਕੰਪਲੀਸ਼ਨ ਸਰਟੀਫਿਕੇਟ ਦੇ ਰਜਿਸਟਰੀ ਨਹੀਂ ਹੋਵੇਗੀ। ਉਥੇ ਹੀ ਰਜਿਸਟਰੀ ਪ੍ਰਕਿਰਿਆ ਵਿਚ ਲਿਆਂਦੀ ਗਈ ਇਸ ਪਾਰਦਰਸ਼ਿਤਾ ਅਤੇ ਸਖ਼ਤੀ ਨਾਲ ਕਈ ਕਾਲੋਨਾਈਜ਼ੇਸ਼ਨ ਘਪਲਿਆਂ ਦੀਆਂ ਪਰਤਾਂ ਖੁੱਲ੍ਹ ਸਕਦੀਆਂ ਹਨ। ਅਜਿਹੀਆਂ ਕਾਲੋਨੀਆਂ ਦੀ ਸੂਚੀ ਤਿਆਰ ਕੀਤੀ ਗਈ ਤਾਂ ਅਨੇਕ ਮਾਮਲੇ ਸਾਹਮਣੇ ਆ ਸਕਦੇ ਹਨ, ਜਿਹੜੀਆਂ ਕਾਲੋਨੀਆਂ ਦਾ ਕੰਪਲੀਸ਼ਨ ਸਰਟੀਫਿਕੇਟ ਨਹੀਂ ਲਿਆ ਗਿਆ। ਪੰਜਾਬ ਵਿਚ ਖ਼ਾਸ ਕਰਕੇ ਜਲੰਧਰ ਦੇ ਸਬ-ਰਜਿਸਟਰਾਰ ਦਫ਼ਤਰਾਂ ਵਿਚ ਸ਼ੁਰੂ ਹੋਏ ਇਸ ਸਖ਼ਤ ਕਦਮ ਨੇ ਸਾਫ਼ ਸੰਦੇਸ਼ ਦਿੱਤਾ ਹੈ ਕਿ ਹੁਣ ‘ਅਪਰੂਵਡ’ ਦਾ ਮਤਲਬ ਸਿਰਫ਼ ਕਾਗਜ਼ਾਂ ਤਕ ਸੀਮਤ ਨਹੀਂ ਰਹੇਗਾ, ਸਗੋਂ ਜ਼ਮੀਨੀ ਹਕੀਕਤ ਵੀ ਓਨੀ ਹੀ ਅਹਿਮ ਹੋਵੇਗੀ। ਜੁਆਇੰਟ ਸਬ-ਰਜਿਸਟਰਾਰਾਂ ਦੇ ਇਸ ਫ਼ੈਸਲੇ ਨਾਲ ਉਨ੍ਹਾਂ ਕਾਲੋਨਾਈਜ਼ਰਾਂ ਵਿਚਕਾਰ ਖਲਬਲੀ ਮਚ ਗਈ ਹੈ, ਜਿਨ੍ਹਾਂ ਨੇ ਸਿਰਫ਼ ਲਾਇਸੈਂਸ ਲੈ ਕੇ ਕਾਲੋਨੀ ਦੀ



ਪਲਾਟਿੰਗ ਸ਼ੁਰੂ ਕਰ ਦਿੱਤੀ ਅਤੇ ਕਈ ਵਾਰ ਇਕ ਹੀ ਕਾਲੋਨੀ ਦੇ ਆਲੇ-ਦੁਆਲੇ ਦੀ ਕਈ ਏਕੜ ਜ਼ਮੀਨ ਨੂੰ ਮਿਲਾ ਕੇ ‘ਅਪਰੂਵਡ ਕਾਲੋਨੀ’ ਦੱਸ ਕੇ ਲੋਕਾਂ ਨੂੰ ਵੇਚਿਆ। ਇਨ੍ਹਾਂ ਕਾਲੋਨਾਈਜ਼ਰਾਂ ਨੇ ਨਾ ਤਾਂ ਕਾਲੋਨੀ ਲਈ ਨਿਰਧਾਰਿਤ ਸਹੂਲਤਾਂ ਜਿਵੇਂ ਚੌੜੀਆਂ ਸੜਕਾਂ, ਪਾਰਕ, ਸਕੂਲ, ਸੀਵਰੇਜ ਸਿਸਟਮ, ਕਮਿਊਨਿਟੀ ਹਾਲ ਆਦਿ ਬਣਾਏ ਅਤੇ ਨਾ ਹੀ ਕਿਸੇ ਵੀ ਤਰ੍ਹਾਂ ਦਾ ਕੰਪਲੀਸ਼ਨ ਸਰਟੀਫਿਕੇਟ ਲਿਆ। ਸੂਤਰਾਂ ਦੀ ਮੰਨੀਏ ਤਾਂ ਸਿਰਫ਼ ਜਲੰਧਰ ਵਿਚ ਹੀ ਦਰਜਨਾਂ ਕਾਲੋਨਾਈਆਂ ਅਜਿਹੀਆਂ ਹਨ, ਜਿਨ੍ਹਾਂ ਦਾ ਲਾਇਸੈਂਸ ਤਾਂ ਲਿਆ ਗਿਆ ਪਰ ਪਾਪਰਾ ਐਕਟ ਤਹਿਤ ਨਿਰਧਾਰਿਤ ਸਾਰੀਆਂ ਸ਼ਰਤਾਂ ਨੂੰ ਪੂਰਾ ਨਹੀਂ ਕੀਤਾ ਗਿਆ। ਇਸ ਕਾਰਨ ਵਿਭਾਗ ਨੇ ਕਦੀ ਕੰਪਲੀਸ਼ਨ ਸਰਟੀਫਿਕੇਟ ਜਾਰੀ ਹੀ ਨਹੀਂ ਕੀਤਾ ਪਰ ਇਨ੍ਹਾਂ ਕਾਲੋਨੀਆਂ ਨੂੰ ‘ਗਵਰਨਮੈਂਟ ਅਪਰੂਵਡ ਕਾਲੋਨੀ’ ਦੱਸ ਕੇ ਹਜ਼ਾਰਾਂ ਲੋਕਾਂ ਨੂੰ ਪਲਾਟ ਵੇਚ ਦਿੱਤੇ ਗਏ। ਕੰਪਲੀਸ਼ਨ ਸਰਟੀਫਿਕੇਟ ਉਸ ਸਮੇਂ ਜਾਰੀ ਕੀਤਾ ਜਾਂਦਾ ਹੈ, ਜਦੋਂ ਕਾਲੋਨਾਈਜ਼ਰ ਕਾਲੋਨੀ ਵਿਚ ਸਾਰੀਆਂ ਮੁੱਢਲੀਆਂ ਸਹੂਲਤਾਂ ਜਿਵੇਂ ਸੜਕਾਂ, ਸਟਰੀਟ ਲਾਈਟ, ਡ?ਰੇਨੇਜ ਸਿਸਟਮ, ਸੀਵਰੇਜ, ਪਾਰਕਿੰਗ, ਗ੍ਰੀਨ ਏਰੀਆ, ਸਕੂਲ ਆਦਿ ਨੂੰ ਪੂਰਾ ਕਰ ਲੈਂਦਾ ਹੈ। ਇਹ ਸਰਟੀਫਿਕੇਟ ਇਹ ਯਕੀਨੀ ਬਣਾਉਂਦਾ ਹੈ ਕਿ ਕਾਲੋਨੀ ਰਹਿਣ ਦੇ ਲਾਇਕ ਹੈ ਅਤੇ ਉਥੋਂ ਦਾ ਬੁਨਿਆਦੀ ਢਾਂਚਾ ਨਿਯਮਾਂ ਦੇ ਅਨੁਸਾਰ ਹੈ। ਦੂਜੇ ਪਾਸੇ ਬਿਨਾਂ ਕੰਪਲੀਸ਼ਨ ਸਰਟੀਫਿਕੇਟ ਦੇ ਕਾਲੋਨੀ ਵਿਚ ਰਜਿਸਟਰੀ ਹੋਣਾ ਨਾ ਸਿਰਫ਼ ਨਿਯਮਾਂ ਦਾ ਉਲੰਘਣ ਹੈ, ਸਗੋਂ ਇਸ ਨਾਲ ਆਮ ਜਨਤਾ ਦੇ ਹਿੱਤਾਂ ਨੂੰ ਵੀ ਨੁਕਸਾਨ ਪਹੁੰਚਦਾ ਹੈ। ਲੋਕ ਅਜਿਹੇ ਇਲਾਕਿਆਂ ਵਿਚ ਪਲਾਟ ਖ਼ਰੀਦ ਕੇ ਬਾਅਦ ਵਿਚ ਮੁੱਢਲੀਆਂ ਸਹੂਲਤਾਂ ਦੀ ਕਮੀ ਕਾਰਨ ਪ੍ਰੇਸ਼ਾਨ ਹੁੰਦੇ ਹਨ। ਪੰਜਾਬ ਸਰਕਾਰ ਵੱਲੋਂ ਹਰੇਕ ਸਬ-ਰਜਿਸਟਰਾਰ ਦਫਤਰ ਵਿਚ 2-2 ਜੁਆਇੰਟ ਸਬ-ਰਜਿਸਟਰਾਰ ਤਾਇਨਾਤ ਕਰਨ ਦੇ ਬਾਅਦ ਨਵੀਂ ਵਿਵਸਥਾ ਤਹਿਤ ਸਬ-ਰਜਿਸਟਰਾਰ ਦਫ਼ਤਰ ਜਲੰਧਰ-1 ਅਤੇ ਜਲੰਧਰ-2 ਵਿਚ ਨਿਯੁਕਤ ਕੀਤੇ ਗਏ ਚਾਰਾਂ ਜੁਆਇੰਟ ਸਬ-ਰਜਿਸਟਰਾਰਾਂ ਦੀ ਆਈ. ਡੀ. ਵੀ ਐਕਟਿਵ ਕਰ ਦਿੱਤੀ ਗਈ ਹੈ, ਜਿਸ ਦੇ ਬਾਅਦ ਹੁਣ ਉਨ੍ਹਾਂ ਪ੍ਰਤੀ ਦਿਨ ਇਕੱਠੇ ਬੈਠ ਕੇ ਦਸਤਾਵੇਜ਼ ਦੀ ਜਾਂਚ ਨੂੰ ਲੈ ਕੇ ਅਪਰੂਵਲ ਦੇਣ ਦਾ ਸਾਰਾ ਕੰਮ ਆਪਣੇ ਹੱਥਾਂ ਵਿਚ ਲੈ ਲਿਆ ਹੈ। ਇਸ ਨਵੀਂ ਪ੍ਰਣਾਲੀ ਅਨੁਸਾਰ ਹੁਣ ਰਜਿਸਟਰੀ ਲਈ ਆਉਣ ਵਾਲੇ ਹਰੇਕ ਦਸਤਾਵੇਜ਼ ਨੂੰ ਦੋਵੇਂ ਜੁਆਇੰਟ ਸਬ-ਰਜਿਸਟਰਾਰ ਦੀ ਆਈ. ਡੀ. ਵਿਚ ਵੰਡ ਕੇ ਪਾਇਆ ਜਾਵੇਗਾ। ਇਨ੍ਹਾਂ ਦਸਤਾਵੇਜ਼ਾਂ ਦੀ ਜਾਂਚ ਨੂੰ ਲੈ ਕੇ ਅਪਰੂਵਲ ਦੇਣ ਤਕ ਦਾ ਕੰਮ ਸਬੰਧਤ ਜੁਆਇੰਟ ਸਬ-ਰਜਿਸਟਰਾਰ ਹੀ ਫਾਈਨਲ ਕਰਨਗੇ ਅਤੇ ਜਿਸ ਜੁਆਇੰਟ ਸਬ-ਰਜਿਸਟਰਾਰ ਦੀ ਆਈ. ਡੀ. ਵਿਚ ਜੋ ਡਾਕਿਊਮੈਂਟ ਹੋਵੇਗਾ, ਉਸ ਰਜਿਸਟਰੀ ਡਾਕਿਊਮੈਂਟ ’ਤੇ ਉਹੀ ਅਧਿਕਾਰੀ ਸਾਈਨ ਕਰਕੇ ਅੰਤਿਮ ਮਨਜ਼ੂਰੀ ਦੇਵੇਗਾ। ਇਸ ਤੋਂ ਪਹਿਲਾਂ ਸਬ-ਰਜਿਸਟਰਾਰ ਦਫ਼ਤਰਾਂ ਵਿਚ ਦਸਤਾਵੇਜ਼ਾਂ ਦੀ ਜਾਂਚ ਦਾ ਕੰਮ ਸਿਰਫ ਰਜਿਸਟਰੀ ਕਲਰਕਾਂ ਦੇ ਜ਼ਿੰਮੇ ਹੁੰਦਾ ਸੀ। ਦਸਤਾਵੇਜ਼ਾਂ ਦੀ ਜਾਇਜ਼ਤਾ ਦੀ ਪੁਸ਼ਟੀ ਕਲਰਕ ਹੀ ਕਰਦੇ ਸਨ ਅਤੇ ਉਨ੍ਹਾਂ ਦੀ ਅਪਰੂਵਲ ਦੇ ਆਧਾਰ ’ਤੇ ਦਸਤਾਵੇਜ਼ਾਂ ਨੂੰ ਸਿਸਟਮ ਵਿਚ ਅਪਲੋਡ ਕਰ ਅੱਗੇ ਦੀ ਪ੍ਰਕਿਰਿਆ ਲਈ ਭੇਜਿਆ ਜਾਂਦਾ ਸੀ। ਜੁਆਇੰਟ ਸਬ-ਰਜਿਸਟਰਾਰ ਵੱਲੋਂ ਤਹਿਸੀਲਾਂ ਵਿਚ ਫੈਲੇ ਭ੍ਰਿਸ਼ਟਾਚਾਰ ਨੂੰ ਖਤਮ ਕਰਨ ਦੀ ਕਵਾਇਦ ਵਿਚ ਲਗਾਤਾਰ ਸਖ਼ਤ ਫੈਸਲੇ ਲਏ ਜਾ ਰਹੇ ਹਨ। ਇਨ੍ਹਾਂ ਫੈਸਲਿਆਂ ਦਾ ਅਸਰ ਜ਼ਿਲੇ ਵਿਚ ਰੋਜ਼ਾਨਾ ਹੋਣ ਵਾਲੇ ਰਜਿਸਟਰੀ ਡਾਕਿਊਮੈਂਟ ਦੀ ਗਿਣਤੀ ’ਤੇ ਵੀ ਦੇਖਣ ਨੂੰ ਮਿਲ ਰਿਹਾ ਹੈ। ਵੀਰਵਾਰ ਸਬ-ਰਜਿਸਟਰਾਰ- 1 ਦਫ਼ਤਰ ਵਿਚ 24 ਬਿਨੈਕਾਰਾਂ ਨੇ ਆਨਲਾਈਨ ਐਪੁਆਇੰਟਮੈਂਟ ਲਈ ਹੋਈ ਸੀ, ਜਿਨ੍ਹਾਂ ਵਿਚੋਂ ਸਿਰਫ਼ 70 ਡਾਕਿਊਮੈਂਟਸ ਨੂੰ ਅਪਰੂਵਲ ਦਿੱਤੀ ਗਈ। ਇਨ੍ਹਾਂ 70 ਡਾਕਿਊਮੈਂਟਸ ਵਿਚੋਂ ਵੀ ਸਿਰਫ 14 ਦੇ ਲੱਗਭਗ ਹੀ ਰਜਿਸਟਰੀਆਂ ਸ਼ਾਮਲ ਰਹੀਆਂ, ਜਦਕਿ ਹੋਰ ਡਾਕਿਊਮੈਂਟ ਤਬਦੀਲ ਮਲਕੀਅਤ, ਵਸੀਅਤ, ਪਾਵਰ ਆਫ਼ ਅਟਾਰਿਨੀ ਅਤੇ ਹੋਰਨਾਂ ਨਾਲ ਸਬੰਧਤ ਰਹੇ। ਉਥੇ ਹੀ, ਸਬ-ਰਜਿਸਟਰਾਰ-2 ਦਫ਼ਤਰ ਵਿਚ ਵੀਰਵਾਰ 61 ਲੋਕਾਂ ਨੇ ਆਨਲਾਈਨ ਐਪੁਆਇੰਟਮੈਂਟ ਲਈ ਹੋਈ ਸੀ,